ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 239| 5 to 11 August 2026 | Ph.: (510) 240-5949 | Email: asrtimes@gmail.com

# ਪੰਜਾਬ ਵਿਧਾਨ ਸਭਾ 'ਚ ਗੂੰਜੇ ਬੰਦੀ ਸਿੰਘਾਂ ਦੀ ਰਿਹਾਈ, ਹਸਪਤਾਲਾਂ ਦੀ ਲੁੱਟ ਤੇ ਈ-20 ਪੈਟਰੋਲ ਦੇ ਮੁੱਦੇ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਤੌਹੀਨ ਦਾ ਦੋਸ਼: ਕਾਂਗਰਸੀ ਵਿਧਾਇਕਾਂ ਵੱਲੋਂ ਮੁੱਖ ਮੰਤਰੀ ਮਾਨ ਦਾ ਬਾਈਕਾਟ

**ਅੰਮ੍ਰਿਤਸਰ ਟਾਈਮਜ਼ ਬਿਊਰੋ**



ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਦੂਜੇ ਦਿਨ ਦੀ ਕਾਰਵਾਈ ਹੰਗਾਮੇਦਾਰ ਰਹਿਣ ਦੇ ਨਾਲ-ਨਾਲ ਸੂਬੇ ਦੇ ਅਹਿਮ ਜਨਤਕ, ਧਾਰਮਿਕ, ਸਿਹਤ ਅਤੇ ਆਰਥਿਕ ਮੁੱਦਿਆਂ 'ਤੇ ਕੇਂਦਰਿਤ ਰਹੀ। ਇੱਕ ਪਾਸੇ ਜਿੱਥੇ ਵਿਰੋਧੀ ਧਿਰ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਤੌਹੀਨ ਅਤੇ ਮੰਤਰੀਆਂ ਦੇ ਅਸਤੀਫ਼ਿਆਂ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਦਾ ਬਾਈਕਾਟ ਕਰਦਿਆਂ ਜ਼ੋਰਦਾਰ ਪ੍ਰਦਰਸ਼ਨ ਕੀਤਾ, ਉੱਥੇ ਹੀ ਦੂਜੇ ਪਾਸੇ ਸਦਨ ਅੰਦਰ ਬੰਦੀ ਸਿੰਘਾਂ ਦੀ ਰਿਹਾਈ, ਪ੍ਰਾਈਵੇਟ ਹਸਪਤਾਲਾਂ ਵੱਲੋਂ ਮਰੀਜ਼ਾਂ ਦੀ ਕੀਤੀ ਜਾ ਰਹੀ ਆਰਥਿਕ ਲੁੱਟ ਅਤੇ ਈ-20 ਪੈਟਰੋਲ ਨਾਲ ਵਾਹਨਾਂ ਦੇ ਹੋ ਰਹੇ ਭਾਰੀ ਨੁਕਸਾਨ ਦੇ ਮੁੱਦੇ ਗੂੰਜੇ।

**ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਪਮਾਨ ਅਤੇ ਕਾਂਗਰਸ ਵੱਲੋਂ ਮੁੱਖ ਮੰਤਰੀ ਦਾ ਬਾਈਕਾਟ**

ਮਾਨਸੂਨ ਸੈਸ਼ਨ ਦੇ ਦੂਜੇ ਦਿਨ ਦੀ ਸ਼ੁਰੂਆਤ ਹੁੰਦਿਆਂ ਹੀ ਵਿਧਾਨ ਸਭਾ ਕੰਪਲੈਕਸ ਵਿੱਚ ਉਸ ਵੇਲੇ ਮਾਹੌਲ ਗਰਮਾ ਗਿਆ ਜਦੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਸਮੂਹ ਵਿਧਾਇਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ। ਕਾਂਗਰਸੀ ਵਿਧਾਇਕ ਹੱਥਾਂ ਵਿੱਚ ਮੁੱਖ ਮੰਤਰੀ ਵਿਰੋਧੀ ਨਾਅਰਿਆਂ ਵਾਲੀਆਂ ਤਖ਼ਤੀਆਂ ਫੜ ਕੇ ਵਿਧਾਨ ਸਭਾ ਗੈਲਰੀ ਵਿੱਚ ਪੁੱਜੇ ਅਤੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਖੁਲਾਸਾ ਕੀਤਾ ਕਿ ਬੀਤੇ ਦਿਨ ਸਦਨ ਅੰਦਰ ਸਪੀਕਰ ਕੁਲਤਾਰ ਸਿੰਘ ਸੰਧਵਾ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਬਾਰੇ ਦਿੱਤੇ ਗਏ ਹੁਕਮਾਂ ਸਬੰਧੀ ਉਨ੍ਹਾਂ ਦਾ ਸਟੈਂਡ ਪੁੱਛਿਆ ਗਿਆ ਸੀ। ਜਥੇਦਾਰ ਸਾਹਿਬ ਨੇ ਹੁਕਮ ਦਿੱਤਾ ਸੀ ਕਿ ਮੁੱਖ ਮੰਤਰੀ ਵੱਲ ਮੂੰਹ ਨਾ ਕੀਤਾ ਜਾਵੇ ਅਤੇ ਨਾ ਹੀ ਉਸ ਨੂੰ ਮੂੰਹ ਲਾਇਆ ਜਾਵੇ।

ਬਾਜਵਾ ਨੇ ਦੋਸ਼ ਲਾਇਆ ਕਿ ਵਿਧਾਨ ਸਭਾ ਸਪੀਕਰ ਨੇ ਇਸ ਮੁੱਦੇ 'ਤੇ ਆਪਣੀ ਸਫ਼ਾਈ ਦਿੰਦਿਆਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਇਕੱਠ ਨੂੰ 'ਸੰਗਤ' ਕਰਾਰ ਦੇ ਦਿੱਤਾ ਅਤੇ ਕਿਹਾ ਕਿ ਸੰਗਤ ਗੁਰੂ ਤੋਂ ਵੀ ਉੱਪਰ ਹੁੰਦੀ ਹੈ। ਕਾਂਗਰਸ ਨੇ ਸਿੱਖ ਵਿਦਵਾਨਾਂ ਨਾਲ ਗੱਲਬਾਤ ਦਾ ਹਵਾਲਾ ਦਿੰਦਿਆਂ ਸਪੱਸ਼ਟ ਕੀਤਾ ਕਿ ਸਿੱਖ ਪ੍ਰੰਪਰਾਵਾਂ ਅਨੁਸਾਰ 'ਸੰਗਤ' ਕੇਵਲ ਉਹੀ ਹੁੰਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਹਜ਼ੂਰੀ ਵਿੱਚ ਬੈਠੀ ਹੋਵੇ। ਆਪਣੇ ਪਾਰਟੀ ਵਿਧਾਇਕਾਂ ਨੂੰ ਸੰਗਤ ਦਾ ਦਰਜਾ ਦੇ ਕੇ ਸਪੀਕਰ ਨੇ ਸਿੱਧੇ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਤੇ ਗੁਰੂ ਸਿਧਾਂਤ ਨੂੰ ਚੁਣੌਤੀ ਦਿੱਤੀ ਹੈ, ਜੋ ਕਿ ਇੱਕ ਅੰਮ੍ਰਿਤਧਾਰੀ ਸਿੱਖ ਹੋਣ ਦੇ ਨਾਤੇ ਅਤਿ ਨਿੰਦਣਯੋਗ ਹੈ।

ਇਸ ਤੋਂ ਇਲਾਵਾ ਕਾਂਗਰਸ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ। ਨਾਲ ਹੀ ਪੰਜਾਬ ਦੇ ਮੁਲਾਜ਼ਮਾਂ ਦੇ ਡੀ.ਏ. ਸਬੰਧੀ ਅਦਾਲਤੀ ਹੁਕਮਾਂ ਨੂੰ ਲਾਗੂ ਕਰਨ ਦੀ ਅਪੀਲ ਕਰਦਿਆਂ ਸਰਕਾਰ ਨੂੰ ਸੁਪਰੀਮ ਕੋਰਟ ਜਾਣ ਦੀ ਬਜਾਏ ਮੁਲਾਜ਼ਮਾਂ ਦੇ ਹੱਕ ਦੇਣ ਦੀ ਤਾਕੀਦ ਕੀਤੀ।



**ਬੰਦੀ ਸਿੰਘਾਂ ਦੀ ਰਿਹਾਈ ਅਤੇ ਅੰਮ੍ਰਿਤਪਾਲ ਸਿੰਘ ਦੇ ਮੁੱਦੇ 'ਤੇ ਸਰਕਾਰ ਦੀ ਚੁੱਪ 'ਤੇ ਸਵਾਲ**

ਸਦਨ ਦੀ ਕਾਰਵਾਈ ਦੌਰਾਨ ਹਲਕਾ ਦਾਖਾ ਤੋਂ ਸ਼ਿਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਪੰਜਾਬ ਦੇ ਅਤਿ ਸੰਵੇਦਨਸ਼ੀਲ ਧਾਰਮਿਕ ਅਤੇ ਰਾਜਨੀਤਿਕ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਉਠਾਇਆ। ਇਆਲੀ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਵੱਡੀ ਗਿਣਤੀ ਵਿੱਚ ਸਿੱਖ ਕੈਦੀ ਆਪਣੀਆਂ ਅਦਾਲਤੀ ਸਜ਼ਾਵਾਂ ਪੂਰੀਆਂ ਕਰ ਚੁੱਕਣ ਦੇ ਬਾਵਜੂਦ ਵੀ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਹਨ, ਜੋ ਕਿ ਸਿੱਧੇ ਤੌਰ 'ਤੇ ਮਾਨਵ ਅਧਿਕਾਰਾਂ ਦਾ ਘਾਣ ਹੈ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਦੋਹਰੇ ਮਾਪਦੰਡਾਂ 'ਤੇ ਤਿੱਖਾ ਪ੍ਰਹਾਰ ਕਰਦਿਆਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਡੇਰਾ ਸੌਦਾ ਦੇ ਮੁਖੀ ਰਾਮ ਰਹੀਮ ਵਰਗੇ ਗੰਭੀਰ ਦੋਸ਼ੀਆਂ ਨੂੰ ਵਾਰ-ਵਾਰ ਪੈਰੋਲ ਦੇ ਸਕਦੀ ਹੈ, ਤਾਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨਾਲ ਇਹ ਧੱਕਾ ਕਿਉਂ ਕੀਤਾ ਜਾ ਰਿਹਾ ਹੈ? ਉਨ੍ਹਾਂ ਸਵਾਲ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਨ੍ਹਾਂ ਇਨਸਾਫ਼ ਪਸੰਦ ਮਸਲਿਆਂ 'ਤੇ ਚੁੱਪ ਧਾਰ ਕੇ ਸਿੱਖ ਵਿਰੋਧੀ ਵਰਤਾਰਾ ਕਿਉਂ ਕਰ ਰਹੀ ਹੈ?

ਇਸ ਦੇ ਨਾਲ ਹੀ ਵਿਧਾਇਕ ਇਆਲੀ ਨੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ 4 ਲੱਖ ਤੋਂ ਵੱਧ ਵੋਟਾਂ ਹਾਸਲ ਕਰਕੇ ਜਿੱਤੇ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦਾ ਮੁੱਦਾ ਵੀ ਸਦਨ ਅੰਦਰ ਪੂਰੀ ਗੰਭੀਰਤਾ ਨਾਲ ਰੱਖਿਆ। ਉਨ੍ਹਾਂ ਕਿਹਾ ਕਿ ਜਨਤਾ ਵੱਲੋਂ ਵੱਡਾ ਫਤਵਾ ਮਿਲਣ ਦੇ ਬਾਵਜੂਦ ਅੰਮ੍ਰਿਤਪਾਲ ਸਿੰਘ ਦੇ ਐੱਮ.ਪੀ. ਲੈੱਡ ਫੰਡ ਜਾਰੀ ਨਹੀਂ ਕੀਤੇ ਜਾ ਰਹੇ, ਜਿਸ ਨਾਲ ਇਲਾਕੇ ਦੇ ਵਿਕਾਸ ਕਾਰਜ ਰੁਕੇ ਹੋਏ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਸਿੰਘ 'ਤੇ ਲਗਾਇਆ ਗਿਆ ਐੱਨ.ਐੱਸ.ਏ. ਖ਼ਤਮ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਜੇਲ੍ਹ ਤੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਇਆਲੀ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਇਸ ਮਾਮਲੇ ਵਿੱਚ ਆਪਣਾ ਸਕਾਰਾਤਮਕ ਅਤੇ ਹਾਂ-ਪੱਖੀ ਰੋਲ ਅਦਾ ਕਰੇ ਤਾਂ ਜੋ ਚੁਣੇ ਹੋਏ ਜਨਪ੍ਰਤੀਨਿਧੀ ਵਜੋਂ ਅੰਮ੍ਰਿਤਪਾਲ ਸਿੰਘ ਲੋਕ ਸਭਾ ਦੇ ਆਗਾਮੀ ਪਾਰਲੀਮੈਂਟ ਸੈਸ਼ਨ ਵਿੱਚ ਹਿੱਸਾ ਲੈ ਕੇ ਆਪਣੇ ਹਲਕੇ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰ ਸਕਣ।

**ਕਾਰਪੋਰੇਟ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਆਰਥਿਕ ਲੁੱਟ ਅਤੇ ਸਰਕਾਰੀ ਲਾਪਰਵਾਹੀ ਦਾ ਖੁਲਾਸਾ**

ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ 'ਕਾਲਾ' ਢਿੱਲੋਂ ਨੇ ਵਿਧਾਨ ਸਭਾ ਦੇ ਪ੍ਰਸ਼ਨ ਕਾਲ ਦੌਰਾਨ ਸੂਬੇ ਦੇ ਵੱਡੇ ਪ੍ਰਾਈਵੇਟ ਅਤੇ ਕਾਰਪੋਰੇਟ ਹਸਪਤਾਲਾਂ ਵੱਲੋਂ ਆਮ ਲੋਕਾਂ ਦੀ ਕੀਤੀ ਜਾ ਰਹੀ ਅੰਨ੍ਹੇਵਾਹ ਆਰਥਿਕ ਲੁੱਟ ਦਾ ਮੁੱਦਾ ਉਠਾ ਕੇ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ। ਵਿਧਾਇਕ ਢਿੱਲੋਂ ਨੇ ਆਪਣੇ ਸਵਾਲ ਨੰਬਰ 684 ਰਾਹੀਂ ਸਿਹਤ ਮੰਤਰੀ ਤੋਂ ਪੁੱਛਿਆ ਸੀ ਕਿ ਕੀ ਫੋਰਟਿਸ, ਅਪੋਲੋ, ਡੀ.ਐੱਮ.ਸੀ. ਅਤੇ ਸੀ.ਐੱਮ.ਸੀ. ਵਰਗੇ ਵੱਡੇ ਹਸਪਤਾਲਾਂ ਵਿੱਚ ਇਲਾਜ ਦੇ ਰੇਟ ਸਰਕਾਰ ਵੱਲੋਂ ਤੈਅ ਕੀਤੇ ਗਏ ਹਨ? ਕੀ ਸਿਹਤ ਵਿਭਾਗ ਨੇ ਕਦੇ ਇਨ੍ਹਾਂ ਦੀਆਂ ਰੇਟ ਲਿਸਟਾਂ ਦੀ ਜਾਂਚ ਕਰਨ ਲਈ ਕੋਈ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਹੈ ਜੋ ਇਨ੍ਹਾਂ ਦੇ ਮਹਿੰਗੇ ਇਲਾਜ ਦਾ ਮੁਲਾਂਕਣ ਕਰ ਸਕੇ?

?ਇਸ ਦੇ ਜਵਾਬ ਵਿੱਚ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਦਿੱਤੇ ਗਏ ਲਿਖਤੀ ਉੱਤਰ ਨੇ ਸਰਕਾਰ ਦੀ ਵੱਡੀ ਲਾਪਰਵਾਹੀ ਨੂੰ ਉਜਾਗਰ ਕੀਤਾ। (ਬਾਕੀ ਸਫ਼ਾ 26 'ਤੇ)

## ਸਤਿਕਾਰ ਐਕਟ 'ਚ ਪ੍ਰਸਤਾਵਿਤ ਸੋਧਾਂ 'ਤੇ ਸਰਕਾਰ ਦਾ ਜਵਾਬ 'ਅਸੰਤੁਸ਼ਟੀਜਨਕ': ਜਥੇ. ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ ਐਕਟ ਵਿੱਚ ਪ੍ਰਸਤਾਵਿਤ ਸੋਧਾਂ 'ਤੇ ਸਰਕਾਰ ਦੇ ਜਵਾਬ ਨੂੰ 'ਅਸੰਤੁਸ਼ਟੀਜਨਕ' ਕਰਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਵਿਧਾਨ ਸਭਾ ਦੇ ਸਿੱਖ ਵਿਧਾਇਕ ਸ੍ਰੀ ਅਕਾਲ ਤਖ਼ਤ ਅੱਗੇ ਪੇਸ਼ ਹੋਏ ਸਨ ਅਤੇ ਉਨਾਂ ਨੇ ਇਤਰਾਜ਼ਯੋਗ ਮੱਦਾਂ ਹਟਾਉਣ ਲਈ ਜੋ ਸਹਿਮਤੀ ਦਿੱਤੀ ਸੀ, ਇਹ ਜਵਾਬ ਉਸ ਦੇ ਮੁਤਾਬਕ ਨਹੀਂ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੇਸ਼ ਕੀਤੇ ਗਏ ਇਤਰਾਜ਼ਾਂ ਅਤੇ ਸੁਝਾਵਾਂ 'ਤੇ ਪੰਜਾਬ ਸਰਕਾਰ ਦੇ ਜਵਾਬ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰ ਸਿੱਖਾਂ ਦੀ ਸਰਵਉੱਚ ਸੰਸਥਾ ਅਤੇ ਸਿੱਖ ਭਾਵਨਾਵਾਂ ਦੇ ਅਨੁਸਾਰ ਕਾਨੂੰਨ ਵਿੱਚ ਸੋਧ ਕਰਨ ਲਈ ਤਿਆਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਹ ਜਵਾਬ ਪਿਛਲੇ ਦਿਨੀਂ ਹੋਈ ਸਹਿਮਤੀ ਨੂੰ ਨਹੀਂ ਦਰਸਾਉਂਦਾਹੈ। ਉਸ ਦਿਨ ਸਿੱਖ ਵਿਧਾਇਕ ਅਤੇ ਕੈਬਨਿਟ ਮੰਤਰੀ ਅਕਾਲ ਤਖ਼ਤ ਅੱਗੇ ਪੇਸ਼ ਹੋਏ ਸਨ ਅਤੇ ਭਰੋਸਾ ਦਿੱਤਾ ਸੀ ਕਿ ਪ੍ਰਸਤਾਵਿਤ ਸੋਧਾਂ ਨੂੰ ਪ੍ਰਵਾਨ ਕਰਦੇ ਹੋਏ ਕਾਨੂੰਨ ਵਿੱਚ ਸੋਧ ਕਰਵਾਈ ਜਾਵੇਗੀ। ਜਥੇਦਾਰ ਅਨੁਸਾਰ, ਸਰਕਾਰ ਨੇ ਅਕਾਲ ਤਖ਼ਤ ਵੱਲੋਂ ਪੇਸ਼ ਕੀਤੇ ਗਏ ਇਤਰਾਜ਼ਾਂ ਅਤੇ



ਸਿਫ਼ਾਰਸ਼ਾਂ ਵਿੱਚੋਂ ਸਿਰਫ਼ '10 ਫੀਸਦੀ' ਹੀ ਸਵੀਕਾਰ ਕੀਤੇ ਸਨ।

ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿੱਚ ਸਰਕਾਰ ਦਾ ਜਵਾਬ ਤਸੱਲੀਬਖਸ਼ ਨਹੀਂ ਹੈ ਅਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੋਧਾਂ ਦੇ ਮਾਮਲੇ ਵਿੱਚ ਅਕਾਲ ਤਖ਼ਤ ਨਾਲ ਤਾਲਮੇਲ ਵੀ ਨਹੀਂ ਕੀਤਾ।ਦੱਸਣ ਯੋਗ ਹੈ ਕਿ ਪੰਜਾਬ ਦੇ ਗ੍ਰਹਿ ਵਿਭਾਗ ਨੇ ਪਿਛਲੇ ਦਿਨੀਂ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਅਤੇ ਡੀਸੀ ਅੰਮ੍ਰਿਤਸਰ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਨੂੰ 24 ਪੰਨਿਆਂ ਦਾ ਜਵਾਬ ਸੌਂਪਿਆ ਹੈ। ਜਵਾਬ ਵਿੱਚ ਤਖ਼ਤ ਵੱਲੋਂ ਐਕਟ 'ਤੇ ਉਠਾਏ ਗਏ 12 ਇਤਰਾਜ਼ਾਂ ਅਤੇ ਸੁਝਾਵਾਂ ਨੂੰ ਸੰਬੋਧਿਤ ਕੀਤਾ ਗਿਆ। ਮੁੱਖ ਨੁਕਤਿਆਂ ਵਿੱਚੋਂ ਸਰਕਾਰ ਨੇ ਕਾਨੂੰਨ ਵਿੱਚੋਂ ਵਿਵਾਦਪੂਰਨ ਸ਼ਬਦ ਕਸਟੋਡੀਅਨ ਨੂੰ ਹਟਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਦੀ ਬਜਾਏ ਐਕਟ ਦੇ ਹਵਾਲੇ ਨਾਲ ਇੱਕ ਵਿਸਤ੍ਰਿਤ ਨੋਟ ਰਾਹੀਂ ਇਸਨੂੰ ਸ਼ਾਮਲ ਕਰਨ ਨੂੰ ਜਾਇਜ਼ ਠਹਿਰਾਇਆ।

ਜਥੇਦਾਰ ਗੜਗੱਜ ਨੇ ਸਰਕਾਰ ਵੱਲੋਂ ਭੇਜੇ ਗਏ ਜਵਾਬ ਨੂੰ ਅਸਵੀਕਾਰ ਕਰਦਿਆਂ ਕਿਹਾ ਕਿ ਜੇ ਸਰਕਾਰ ਇਸ ਮਾਮਲੇ ਵਿੱਚ ਕਾਨੂੰਨ 'ਤੇ ਚਰਚਾ ਜਾਰੀ ਰੱਖਣਾ ਚਾਹੁੰਦੀ ਹੈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੱਲਬਾਤ ਲਈ ਰਾਹ ਖੁੱਲ੍ਹਾ ਹੈ।ਉਨ੍ਹਾਂ ਇਸ ਮੁੱਦੇ 'ਤੇ ਸਰਕਾਰ ਨਾਲ ਗੱਲਬਾਤ ਲਈ ਇੱਕ ਕਮੇਟੀ ਦੇ ਗਠਨ ਦਾ ਐਲਾਨ ਕੀਤਾ।ਇਸ ਕਮੇਟੀ ਵਿੱਚ ਸੇਵਾਮੁਕਤ ਜਸਟਿਸ ਰੁਪਿੰਦਰ ਸਿੰਘ ਸੋਢੀ, ਸੇਵਾਮੁਕਤ ਜਸਟਿਸ ਮਹਿੰਦਰ ਮੋਹਨ ਸਿੰਘ ਬੇਦੀ, (ਬਾਕੀ ਸਫ਼ਾ 26 'ਤੇ)


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

## ਪੰਜਾਬ ਕਾਂਗਰਸ ਵਿੱਚ ਫੁਟ

# ਚੰਨੀ ਤੇ ਵੜਿੰਗ ਵਿਚਾਲੇ ਸਿਆਸੀ ਲੜਾਈ ਜਾਰੀ, ਵੜਿੰਗ ਨਹੀਂ ਛੱਡਣਗੇ ਪ੍ਰਧਾਨਗੀ

## ਚੰਨੀ ਧੜੇ ਦਾ ਹਾਈਕਮਾਨ ’ਤੇ ਦਬਾਅ: ਬਾਗ਼ੀਆਂ ਨਾਲ ਮੁਲਾਕਾਤਾਂ ਤੇ ਵੱਖਰੀਆਂ ਮੀਟਿੰਗਾਂ ਜਾਰੀ

ਕੇਂਦਰ ਦੀ ਸੱਤਾ ਤੋਂ ਲਗਾਤਾਰ ਦੂਰ ਹੁੰਦੀ ਜਾ ਰਹੀ ਅਤੇ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਇੱਕ ਤੋਂ ਬਾਅਦ ਇੱਕ ਸਿਆਸੀ ਸ਼ਾਖ਼ ਗੁਆ ਰਹੀ ਭਾਰਤੀ ਰਾਸ਼ਟਰੀ ਕਾਂਗਰਸ ਹੁਣ ਆਪਣੇ ਸਭ ਤੋਂ ਨਾਜ਼ੁਕ ਦੌਰ ਵਿੱਚੋਂ ਲੰਘ ਰਹੀ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਲਈ ਸਭ ਤੋਂ ਵੱਡੀ ਚੁਣੌਤੀ ਕੇਵਲ ਚੋਣਾਂ ਹਾਰਨਾ ਨਹੀਂ, ਸਗੋਂ ਚੋਣਾਂ ਤੋਂ ਠੀਕ ਪਹਿਲਾਂ ਪਾਰਟੀ ਅੰਦਰ ਪੈਦਾ ਹੁੰਦੀ ਬੇਲਗਾਮ ਧੜੇਬਾਜ਼ੀ ਅਤੇ ਆਪਸੀ ਅਨੁਸ਼ਾਸਨਹੀਣਤਾ ਹੈ। ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਪਾਰਟੀ ਅੰਦਰਲੀ ’ਜੰਗ’ ਹੁਣ ਬੰਦ ਕਮਰਿਆਂ ਤੋਂ ਬਾਹਰ ਨਿਕਲ ਕੇ ਪਿੰਡਾਂ ਦੀਆਂ ਗਲੀਆਂ, ਸਟੇਜਾਂ ਅਤੇ ’ਦਿੱਲੀ ਦਰਬਾਰ’ ਤੱਕ ਚਰਚਾ ਦਾ ਮੁੱਖ ਵਿਸ਼ਾ ਬਣ ਚੁੱਕੀ ਹੈ। ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਧੜਿਆਂ ਵਿਚਾਲੇ ਚੱਲ ਰਹੀ ਪੋਸਟਰ ਵਾਰ, ਤਿੱਖੀ ਬਿਆਨਬਾਜ਼ੀ, ਅਤੇ ਭਾਵੁਕ ਦਾਅ-ਪੇਚਾਂ ਨੇ ਪਾਰਟੀ ਕੇਡਰ ਨੂੰ ਪੂਰੀ ਤਰ੍ਹਾਂ ਨਿਰਾਸ਼ਾ ਅਤੇ ਦੁਵਿਧਾ ਦੇ ਆਲਮ ਵਿੱਚ ਧੱਕ ਦਿੱਤਾ ਹੈ।

**ਵੜਿੰਗ ਦਾ ਅੜੀਅਲ ਸਟੈਂਡ ਅਤੇ ‘ਇਮੋਸ਼ਨਲ ਕਾਰਡ’ ਦੀ ਵਰਤੋਂ**

ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ’ਤੇ ਅਹੁਦਾ ਛੱਡਣ ਲਈ ਵਿਰੋਧੀ ਧੜੇ ਵੱਲੋਂ ਭਾਰੀ ਦਬਾਅ ਬਣਾਇਆ ਜਾ ਰਿਹਾ ਹੈ। ਪਰ ਵੜਿੰਗ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਹਾਈਕਮਾਨ ਦੇ ਫੈਸਲੇ ਤੋਂ ਬਿਨਾਂ ਪਿੱਛੇ ਹਟਣ ਵਾਲੇ ਨਹੀਂ ਹਨ। ਆਪਣੇ ਜੱਦੀ ਜ਼ਿਲ੍ਹੇ ਮੁਕਤਸਰ ਵਿੱਚ ਇੱਕ ਭਾਵੁਕ ਰੈਲੀ ਨੂੰ ਸੰਬੋਧਨ ਕਰਦਿਆਂ ਵੜਿੰਗ ਨੇ ਆਪਣੇ ਹਿਰਦੇ ਦਾ ਗੁਬਾਰ ਕੱਢਿਆ ਅਤੇ ਕਿਹਾ, ’ਅੱਜ ਮੈਨੂੰ ਇੱਥੇ ਆ ਕੇ ਸ਼ਾਂਤੀ ਮਿਲੀ ਹੈ ਕਿਉਂਕਿ ਮੈਂ ਆਪਣੇ ਘਰ ਆ ਗਿਆ। ਸਾਰੇ ਜਣੇ ਤੁਹਾਡੇ ਇਸ ਪੁੱਤ ਨੂੰ ਫੜ ਕੇ ਮਾਰਨਾ ਚਾਹੁੰਦੇ ਹਨ, ਅਕਾਲੀ ਦਲ, ਬੀਜੇਪੀ ਅਤੇ ਝਾੜੂ (ਆਪ) ਤਾਂ ਹੈ ਹੀ, ਕੁਝ ਆਪਣੇ ਵੀ ਐਸੇ ਬੇਗਾਨੇ ਹੋ ਗਏ, ਪਰ ਮੇਰਾ ਕੀ ਕਸੂਰ ਹੈ ?’

ਵੜਿੰਗ ਦਾ ਇਹ ਬਿਆਨ ਦਰਸਾਉਂਦਾ ਹੈ ਕਿ ਅੰਦਰੂਨੀ ਬਗਾਵਤ ਕਿਸ ਹੱਦ ਤੱਕ ਗੰਭੀਰ ਹੋ ਚੁੱਕੀ ਹੈ। ਵੜਿੰਗ ਆਪਣੇ ਬਚਾਅ ਲਈ ਨੌਜਵਾਨ ਆਗੂਆਂ ਦੀ ਨਵੀਂ ਟੀਮ ਨੂੰ ਅੱਗੇ ਲਿਆ ਕੇ ਬਾਗੀ ਧੜੇ ਦੇ ਗੜ੍ਹਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਰਣਨੀਤੀ ’ਤੇ ਚੱਲ ਰਹੇ ਹਨ, ਪਰ ਇਸ ਨਾਲ ਧੜੇਬਾਜ਼ੀ ਘਟਣ ਦੀ ਬਜਾਏ ਹੋਰ ਤਿੱਖੀ ਹੁੰਦੀ ਜਾ ਰਹੀ ਹੈ।

**ਚੰਨੀ ਧੜੇ ਦੀ ਘੇਰਾਬੰਦੀ, ਪੋਸਟਰ ਯੁੱਧ ਅਤੇ ਮੁੱਖ ਮੰਤਰੀ ਦੇ ਚਿਹਰੇ ਦੀ ਮੰਗ**

ਦੂਜੇ ਪਾਸੇ, ਜਲੰਧਰ ਤੋਂ ਲੋਕ ਸਭਾ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਧੜਾ ਕੇਂਦਰੀ ਲੀਡਰਸ਼ਿਪ ’ਤੇ ਲਗਾਤਾਰ ਦਬਾਅ ਪਾ ਰਿਹਾ ਹੈ ਕਿ ਚੋਣਾਂ ਤੋਂ ਪਹਿਲਾਂ ਚੰਨੀ ਨੂੰ ਹੀ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਜਾਵੇ। ਇਸ ਖਿੱਚੋਤਾਣ ਦਰਮਿਆਨ ਫ਼ਿਰੋਜ਼ਪੁਰ ਵਰਗੇ ਇਲਾਕਿਆਂ ਵਿੱਚ ਚੰਨੀ ਦੇ ਖ਼ਿਲਾਫ਼ ‘ਚੰਨੀ ਭਜਾਓ, ਕਾਂਗਰਸ ਬਚਾਓ’ ਦੇ ਅਣਜਾਣ ਪੋਸਟਰ ਲਗਾਏ ਗਏ, ਜਿਸ ਨੇ ਸਿਆਸੀ ਪਾਰੇ ਨੂੰ ਹੋਰ ਚੜ੍ਹਾ ਦਿੱਤਾ।




ਇਨ੍ਹਾਂ ਸਭ ਘਟਨਾਵਾਂ ਦੇ ਬਾਵਜੂਦ ਚੰਨੀ ਆਪਣੇ ਸਮਰਥਕਾਂ ਨਾਲ ਵੱਖਰੀਆਂ ਮੀਟਿੰਗਾਂ ਕਰ ਰਹੇ ਹਨ ਅਤੇ ਪਾਰਟੀ ਤੋਂ ਮੁਅੱਤਲ ਕੀਤੇ ਗਏ ਆਗੂਆਂ ਦੇ ਘਰਾਂ ਤੱਕ ਪਹੁੰਚ ਕਰ ਰਹੇ ਹਨ। ਪਾਰਟੀ ਤੋਂ ਲਾਂਭੇ ਕੀਤੇ ਆਗੂ ਮਦਨ ਲਾਲ ਜਲਾਲਪੁਰ ਨਾਲ ਮੁਲਾਕਾਤ ਤੋਂ ਬਾਅਦ ਚੰਨੀ ਨੇ ਕਿਹਾ, ’ਜਿਸ ਨਾਲ ਧੱਕਾ ਹੁੰਦਾ ਹੈ, ਉਸ ਨਾਲ ਖੜ੍ਹਨਾ ਪੰਜਾਬੀਆਂ ਦਾ ਸੁਭਾਅ ਹੈ। ਜੇ ਅਸੀਂ ਇੱਕ ਦੂਜੇ ਨਾਲ ਨਹੀਂ ਖੜ੍ਹਾਂਗੇ ਤਾਂ ਕਾਂਗਰਸ ਕਿੱਥੇ ਰਹਿਣੀ ਹੈ ?’ ਹਾਲਾਂਕਿ, ਚੰਨੀ ਧੜੇ ਦਾ ਪਾਰਟੀ ਦੇ ਪੰਜਾਬ ਇੰਚਾਰਜ ਭੂਪੇਸ਼ ਬਘੇਲ ਅਤੇ ਸੂਬਾ ਪ੍ਰਧਾਨ ਰਾਜਾ ਵੜਿੰਗ ਦੀਆਂ ਅਧਿਕਾਰਤ ਰੈਲੀਆਂ ਤੋਂ ਦੂਰੀ ਬਣਾ ਕੇ ਰੱਖਣਾ ਇਹ ਸੰਕੇਤ ਦਿੰਦਾ ਹੈ ਕਿ ਉਹ ਆਰ-ਪਾਰ ਦੀ ਲੜਾਈ ਦੇ ਰੌਂਅ ਵਿੱਚ ਹਨ।

**‘ਹਰ ਬੂਥ ਕਾਂਗਰਸ ਮਜ਼ਬੂਤ’ ਮੁਹਿੰਮ: ਮਜ਼ਬੂਤੀ ਦੀ ਥਾਂ ਜਨਤਕ ਕਲੇਸ਼**

ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਨੂੰ ਸੂਬੇ ਵਿੱਚ ਇੱਕਜੁੱਟਤਾ ਕਾਇਮ ਕਰਨ ਅਤੇ ’ਹਰ ਬੂਥ, ਕਾਂਗਰਸ ਮਜ਼ਬੂਤ’ ਮੁਹਿੰਮ ਚਲਾਉਣ ਲਈ ਭੇਜਿਆ ਗਿਆ ਸੀ। ਪਰ ਅਫ਼ਸੋਸਜਨਕ ਪਹਿਲੂ ਇਹ ਹੈ ਕਿ ਇਹ ਮੁਹਿੰਮ ਬੂਥਾਂ ਨੂੰ ਮਜ਼ਬੂਤ ਕਰਨ ਦੀ ਬਜਾਏ ਆਗੂਆਂ ਦੇ ਸ਼ਕਤੀ ਪ੍ਰਦਰਸ਼ਨ ਅਤੇ ਵਰਕਰਾਂ ਦੀ ਆਪਸੀ ਭੇੜ ਦਾ ਮੰਚ ਬਣ ਗਈ ਹੈ।

ਫ਼ਤਹਿਗੜ੍ਹ ਸਾਹਿਬ, ਮੋਹਾਲੀ, ਪਟਿਆਲਾ, ਸੰਗਰੂਰ, ਬਠਿੰਡਾ, ਸਮਾਣਾ ਅਤੇ ਮੁਕਤਸਰ ਵਿੱਚ ਹੋਈਆਂ ਰੈਲੀਆਂ ਦੌਰਾਨ ਭੂਪੇਸ਼ ਬਘੇਲ ਅਤੇ ਰਾਜਾ ਵੜਿੰਗ ਦੀ ਮੌਜੂਦਗੀ ਵਿੱਚ ਹੀ ਦੋਵਾਂ ਧੜਿਆਂ ਦੇ ਵਰਕਰ ਆਹਮੋ-ਸਾਹਮਣੇ ਹੋ ਗਏ। ਨਾਅਰੇਬਾਜ਼ੀ, ਧੱਕਾਮੁੱਕੀ ਅਤੇ ਸਟੇਜਾਂ ’ਤੇ ਹੰਗਾਮੇ ਦੀਆਂ ਘਟਨਾਵਾਂ ਨੇ ਹਾਈਕਮਾਨ ਦੀ ਬੇਵਸੀ ਨੂੰ ਜੱਗ-ਜ਼ਾਹਰ ਕਰ ਦਿੱਤਾ ਹੈ। ਜਿਸ ਪ੍ਰਚਾਰ ਅਭਿਆਨ ਦਾ ਮਕਸਦ ਲੋਕਾਂ ਵਿੱਚ ਵਿਸ਼ਵਾਸ ਜਗਾਉਣਾ ਸੀ, ਉਹ ਪਾਰਟੀ ਦੀਆਂ ਧੱਜੀਆਂ ਉਡਾਉਣ ਦਾ ਸਾਧਨ ਬਣ ਗਿਆ ਹੈ।

**ਕੀ ਸਮਝੌਤੇ ਦੀਆਂ ਸੰਭਾਵਨਾਵਾਂ ਖ਼ਤਮ ਹੋ ਚੁੱਕੀਆਂ ਹਨ ?**

ਰਾਜਨੀਤਿਕ ਵਿਸ਼ਲੇਸ਼ਕਾਂ ਅਤੇ ਬੁੱਧੀਜੀਵੀਆਂ ਅਨੁਸਾਰ ਪੰਜਾਬ ਕਾਂਗਰਸ ਅੰਦਰਲਾ ਘਮਾਸਾਨ ਹੁਣ ਅਜਿਹੇ ਮੋੜ ’ਤੇ ਪਹੁੰਚ ਚੁੱਕਾ ਹੈ ਜਿੱਥੋਂ ਵਾਪਸ ਮੁੜਨਾ ਜਾਂ ਸਮਝੌਤਾ ਕਰਨਾ ਬਹੁਤ ਔਖਾ ਜਾਪਦਾ ਹੈ।

**ਯਥਾਰਥਵਾਦੀ ਦ੍ਰਿਸ਼ਟੀਕੋਣ:** ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ ਵਿੱਚ ਸੰਸਦੀ ਪ੍ਰਣਾਲੀ ਤਹਿਤ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਦਾ ਸੱਭਿਆਚਾਰ ਘੱਟ ਹੀ ਰਿਹਾ ਹੈ। ਜੇਕਰ ਆਗੂ ਆਪਸੀ ਲੜਾਈ ਵਿੱਚ ਹੀ ਉਲਝੇ ਰਹੇ, ਤਾਂ ਉਹ ਉਸ ਸੱਤਾ ਦੀ ਲੜਾਈ ਨੂੰ ਚੋਣਾਂ ਤੋਂ ਪਹਿਲਾਂ ਹੀ ਹਾਰ ਜਾਣਗੇ, ਜਿਸ ਲਈ ਉਹ ਆਪਸ ਵਿੱਚ ਭਿੜ ਰਹੇ ਹਨ।

2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਕਾਂਗਰਸ ਨੇ ਨਵਜੋਤ ਸਿੰਘ ਸਿੱਧੂ ਅਤੇ ਚਰਨਜੀਤ ਸਿੰਘ ਚੰਨੀ ਦੀ ਖਿੱਚੋਤਾਣ ਨੂੰ ਲੰਬੇ ਸਮੇਂ ਤੱਕ ਲਮਕਾਈ ਰੱਖਿਆ ਸੀ। ਅੰਤਿਮ ਸਮੇਂ ’ਚ ਚਿਹਰਾ ਬਦਲਣ ਅਤੇ ਆਪਸੀ ਫੁੱਟ ਦੇ ਨਤੀਜੇ ਵਜੋਂ ਪਾਰਟੀ 77 ਸੀਟਾਂ ਤੋਂ ਪਛਾੜ ਖਾ ਕੇ ਮਹਿਜ਼ 18 ਸੀਟਾਂ ’ਤੇ ਸਿਮਟ ਗਈ ਸੀ। ਅੱਜ ਫਿਰ ਤੋਂ ਉਹੀ ਗਲਤੀਆਂ ਦੁਹਰਾਈਆਂ ਜਾ ਰਹੀਆਂ ਹਨ।

ਪੰਜਾਬ ਕਾਂਗਰਸ ਦਾ ਇਤਿਹਾਸ ਗਵਾਹ ਹੈ ਕਿ ਇਹ ਪਾਰਟੀ ਬਾਹਰੀ ਵਿਰੋਧੀਆਂ ਨਾਲੋਂ ਵੱਧ ਆਪਣੇ ਅੰਦਰੂਨੀ ਕਲੇਸ਼ ਨਾਲ ਤਬਾਹ ਹੋਈ ਹੈ:2012 ਦੀ ਹਾਰ ਤੋਂ ਬਾਅਦ ਪ੍ਰਤਾਪ ਸਿੰਘ ਬਾਜਵਾ ਨੂੰ ਪ੍ਰਧਾਨ ਬਣਾਇਆ ਗਿਆ, ਪਰ ਕੈਪਟਨ ਸਮਰਥਕਾਂ ਨੇ ’ਕੈਪਟਨ ਲਿਆਓ, ਪੰਜਾਬ ਬਚਾਓ’ ਮੁਹਿੰਮ ਚਲਾ ਕੇ ਪਾਰਟੀ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ, ਜਿਸ ਤੋਂ ਬਾਅਦ ਬਾਜਵਾ ਨੂੰ ਅਹੁਦਾ ਛੱਡਣਾ ਪਿਆ। 2017 ਵਿੱਚ ਜਿੱਤ ਤੋਂ ਬਾਅਦ ਸਰਕਾਰ ਬਣਦੇ ਹੀ ਨਵਜੋਤ ਸਿੱਧੂ ਅਤੇ ਕੈਪਟਨ ਵਿਚਾਲੇ ਖੁੱਲ੍ਹਾ ਟਕਰਾਅ ਸ਼ੁਰੂ ਹੋਇਆ ਸੀ, ਜਿਸ ਨੇ ਪੂਰੇ ਸਾਢੇ ਚਾਰ ਸਾਲ ਪ੍ਰਸ਼ਾਸਨਿਕ ਕੰਮਕਾਜ ਨੂੰ ਪ੍ਰਭਾਵਿਤ ਕੀਤਾ।

ਕੈਪਟਨ ਦੇ ਅਸਤੀਫ਼ੇ ਤੋਂ ਬਾਅਦ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ, ਪਰ ਪ੍ਰਧਾਨ ਹੁੰਦਿਆਂ ਵੀ ਨਵਜੋਤ ਸਿੰਘ ਸਿੱਧੂ ਨੇ ਆਪਣੀ ਹੀ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਕੇ ਰੱਖਿਆ।ਲੋਕ ਸਭਾ ਚੋਣਾਂ ਤੋਂ ਬਾਅਦ ਲੁਧਿਆਣਾ ਜ਼ਿਮਨੀ ਚੋਣ ਵਿੱਚ ਹਾਰ ਅਤੇ ਹੁਣ ਚੰਨੀ-ਵੜਿੰਗ ਦਾ ਟਕਰਾਅ ਪਾਰਟੀ ਦੀ ਬਚੀ-ਖੁਚੀ ਜ਼ਮੀਨ ਨੂੰ ਵੀ ਖ਼ਤਮ ਕਰ ਰਹਾ ਹੈ।

**ਹੋਰਾਂ ਰਾਜਾਂ ਵਿੱਚ ਵੀ ਕਾਂਗਰਸ ਦੀ ਇਹੀ ਤ੍ਰਾਸਦੀ**

ਪੰਜਾਬ ਤੋਂ ਇਲਾਵਾ ਦਿੱਲੀ ਅਤੇ ਹੋਰਾਂ ਗੁਆਂਢੀ ਰਾਜਾਂ ਵਿੱਚ ਵੀ ਕਾਂਗਰਸ ਦੀ ਸਥਿਤੀ ਬਹੁਤੀ ਵੱਖਰੀ ਨਹੀਂ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਦੀ ਮਜ਼ਬੂਤ ਸੰਭਾਵਨਾ ਦੇ ਬਾਵਜੂਦ ਭੂਪਿੰਦਰ ਸਿੰਘ ਹੁੱਡਾ ਅਤੇ ਕੁਮਾਰੀ ਸ਼ੈਲਜਾ ਵਿਚਾਲੇ ਚੱਲੀ ਖਿੱਚੋਤਾਣ ਨੇ ਪਾਰਟੀ ਨੂੰ ਹਾਰ ਦੇ ਮੁਕਾਮ ’ਤੇ ਪਹੁੰਚਾਇਆ। ਰਾਜਸਥਾਨ ਵਿੱਚ ਅਸ਼ੋਕ ਗਹਿਲੋਤ ਅਤੇ ਸਚਿਨ ਪਾਇਲਟ ਦੀ ਲੜਾਈ ਨੇ ਸੱਤਾ ਗੁਆਈ, ਅਤੇ ਮੱਧ ਪ੍ਰਦੇਸ਼ ਵਿੱਚ ਕਮਲਨਾਥ ਤੇ ਦਿਗਵਿਜੈ ਸਿੰਘ ਦੀ ਧੜੇਬਾਜ਼ੀ ਨੇ ਪਾਰਟੀ ਦਾ ਭਾਰੀ ਨੁਕਸਾਨ ਕੀਤਾ ਸੀ।

(ਬਾਕੀ ਸਫ਼ਾ 26 ’ਤੇ)

## ਸੰਯੁਕਤ ਰਾਸ਼ਟਰ ਦੀ ਕੈਨੇਡਾ ਨੂੰ ਸਖ਼ਤ ਹਦਾਇਤ

# ਸਿੱਖ ਆਗੂ ਮੋਨਿੰਦਰ ਸਿੰਘ ਦੀ ਜਾਣ-ਮਾਲ ਦੀ ਸੁਰੱਖਿਆ ਯਕੀਨੀ ਬਣਾਓ

## ਖ਼ਾਲਿਸਤਾਨੀ ਆਗੂ ਮੋਨਿੰਦਰ ਸਿੰਘ ਨੂੰ ਮਿਲੇ 4 ‘ਡਿਊਟੀ ਟੂ ਵਾਰਨ’ ਨੋਟਿਸ

ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮਾਹਿਰਾਂ ਵੱਲੋਂ ਕੈਨੇਡਾ ਸਰਕਾਰ ਨੂੰ ਸਿੱਖ ਸਰਗਰਮ ਆਗੂ ਮੋਨਿੰਦਰ ਸਿੰਘ ਦੀ ਜਾਣ-ਮਾਲ ਦੀ ਸੁਰੱਖਿਆ ਲਈ ਦਿੱਤੀ ਗਈ ਤਾਕੀਦ ਨੇ ਅੰਤਰਰਾਸ਼ਟਰੀ ਪੱਧਰ ’ਤੇ ਇੱਕ ਵਾਰ ਫਿਰ ਗੰਭੀਰ ਬਹਿਸ ਨੂੰ ਛੇੜ ਦਿੱਤਾ ਹੈ। ਮੋਨਿੰਦਰ ਸਿੰਘ ਨੂੰ ਸਾਲ 2022 ਤੋਂ ਲੈ ਕੇ ਹੁਣ ਤੱਕ ਕੈਨੇਡੀਅਨ ਸੁਰੱਖਿਆ ਏਜੰਸੀਆਂ ਵੱਲੋਂ ਚਾਰ ਵਾਰ ’ਡਿਊਟੀ ਟੂ ਵਾਰਨ’ (ਜਾਨੀ ਖਤਰੇ ਦੀ ਚੇਤਾਵਨੀ) ਦੇ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਸੰਯੁਕਤ ਰਾਸ਼ਟਰ ਦੇ ਪੰਜ ਸੁਤੰਤਰ ਮਾਹਿਰਾਂ ਵੱਲੋਂ ਕੈਨੇਡਾ ਸਰਕਾਰ ਨੂੰ ਭੇਜੀ ਗਈ ਚਿੱਠੀ, ਜਿਸ ਦੀ ਇੱਕ ਕਾਪੀ ਭਾਰਤ ਸਰਕਾਰ ਨੂੰ ਵੀ ਸੌਂਪੀ ਗਈ ਹੈ, ਕੇਵਲ ਇੱਕ ਵਿਅਕਤੀ ਦੀ ਸੁਰੱਖਿਆ ਤੱਕ ਸੀਮਤ ਨਹੀਂ ਹੈ, ਬਲਕਿ ਇਹ ਅੰਤਰਰਾਸ਼ਟਰੀ ਸੀਮਾਵਾਂ ਤੋਂ ਪਾਰ ਵੱਧ ਰਹੇ ਦਬਾਅ ਅਤੇ ਹਿੰਸਾ ਦੇ ਖਤਰਿਆਂ ਵੱਲ ਇਸ਼ਾਰਾ ਕਰਦੀ ਹੈ। ?ਇਹ ਮਾਮਲਾ ਇਸ ਲਈ ਵੀ ਅਤਿਅੰਤ ਸੰਵੇਦਨਸ਼ੀਲ ਹੈ ਕਿਉਂਕਿ ਮੋਨਿੰਦਰ ਸਿੰਘ 2023 ਵਿੱਚ ਵੈਨਕੂਵਰ ਵਿੱਚ ਮਾਰੇ ਗਏ ਸਿੱਖ ਆਗੂ ਹਰਦੀਪ ਸਿੰਘ ਨਿੱਝਰ



ਦੇ ਨਜ਼ਦੀਕੀ ਸਾਥੀਆਂ ਵਿੱਚੋਂ ਇੱਕ ਹਨ। ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਅਤੇ ਭਾਰਤ ਦੇ ਕੂਟਨੀਤਕ ਸਬੰਧਾਂ ਵਿੱਚ ਵੱਡਾ ਨਿਘਾਰ ਆਇਆ ਸੀ, ਜਿਸ ਦੇ ਸਿੱਟੇ ਵਜੋਂ ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਦੇ ਰਾਜਦੂਤਾਂ ਨੂੰ ਬੇਦਖਲ ਕਰ ਦਿੱਤਾ ਸੀ। ਹਾਲਾਂਕਿ ਹਾਲ ਹੀ ਦੇ ਸਮੇਂ ਵਿੱਚ ਕੈਨੇਡਾ ਵਿੱਚ ਸੱਤਾ ਪਰਿਵਰਤਨ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਕਾਰਜਕਾਲ ਦੌਰਾਨ ਦੋਵਾਂ ਦੇਸ਼ਾਂ ਦੇ ਆਰਥਿਕ ਅਤੇ ਵਪਾਰਕ ਸਬੰਧਾਂ ਵਿੱਚ ਸੁਧਾਰ ਦੇ ਯਤਨ ਵੇਖਣ ਨੂੰ ਮਿਲੇ ਹਨ, ਪਰ ਸੰਯੁਕਤ ਰਾਸ਼ਟਰ ਦੀ ਇਹ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਮੂਲ ਸੁਰੱਖਿਆ ਚੁਣੌਤੀਆਂ ਅਜੇ ਵੀ ਜਿਉਂ ਦੀਆਂ ਤਿਉਂ ਬਣੀਆਂ ਹੋਈਆਂ ਹਨ।


?ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ, ਕਿਸੇ ਵੀ ਦੇਸ਼ ਦੀ ਧਰਤੀ ’ਤੇ ਰਹਿਣ ਵਾਲੇ ਨਾਗਰਿਕਾਂ ਅਤੇ ਸ਼ਰਨਾਰਥੀਆਂ ਦੀ ਸੁਰੱਖਿਆ ਦੀ ਪਹਿਲੀ ਅਤੇ ਅੰਤਿਮ ਜਵਾਬਦੇਹੀ ਉਸ ਦੇਸ਼ ਦੀ ਆਪਣੀ ਸਰਕਾਰ ਦੀ ਹੁੰਦੀ ਹੈ। ਸੰਯੁਕਤ ਰਾਸ਼ਟਰ ਦੇ ਮਾਹਿਰਾਂ ਨੇ ਕੈਨੇਡੀਅਨ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਨਾ ਕੇਵਲ ਮੋਨਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਲਈ ਠੋਸ ਕਦਮ ਚੁੱਕੇ, ਬਲਕਿ ਇਹਨਾਂ ਧਮਕੀਆਂ ਦੇ ਪਿੱਛੇ ਮੌਜੂਦ ਤੱਤਾਂ ਦੀ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕਰੇ। ਜੇਕਰ ਕੋਈ ਦੇਸ਼ ਆਪਣੇ ਨਾਗਰਿਕਾਂ ਨੂੰ ਮਿਲ ਰਹੀਆਂ ਅਜਿਹੀਆਂ ਗੰਭੀਰ ਚੇਤਾਵਨੀਆਂ ਦੇ ਬਾਵਜੂਦ ਢੁਕਵੀਂ ਸੁਰੱਖਿਆ ਦੇਣ ਵਿੱਚ ਅਸਫਲ ਰਹਿੰਦਾ ਹੈ, ਤਾਂ ਇਹ ਉਸ ਦੇਸ਼ ਦੇ ਕਾਨੂੰਨ-ਵਿਵਸਥਾ ਦੇ ਢਾਂਚੇ ’ਤੇ ਵੱਡਾ ਪ੍ਰਸ਼ਨਚਿੰਨ੍ਹ ਲਗਾਉਂਦਾ ਹੈ।

(ਬਾਕੀ ਸਫ਼ਾ 26 ’ਤੇ)

# ਜਿਨਸੀ ਸ਼ੋਸ਼ਣ ਮਾਮਲੇ ’ਚ ਬ੍ਰਿਜ ਭੂਸ਼ਣ ਬਰੀ

## ਲੜਾਈ ਅਜੇ ਖ਼ਤਮ ਨਹੀਂ ਹੋਈ : ਵਿਨੇਸ਼ ਫੋਗਾਟ

ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵੱਲੋਂ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਅਤੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਨਾਲ-ਨਾਲ ਸੰਸਥਾ ਦੇ ਸਾਬਕਾ ਸਕੱਤਰ ਵਿਨੋਦ ਤੋਮਰ ਨੂੰ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ

ਬਾਇਜ਼ੱਤ ਬਰੀ ਕਰਨ ਦੇ ਫ਼ੈਸਲੇ ਨੇ ਦੇਸ਼ ਦੀ ਸਮੁੱਚੀ ਕਾਨੂੰਨੀ, ਅਦਾਲਤੀ ਅਤੇ ਪ੍ਰਸ਼ਾਸਨਿਕ ਪ੍ਰਣਾਲੀ ਦੀ ਕਾਰਜਪ੍ਰਣਾਲੀ ’ਤੇ ਇੱਕ ਗੰਭੀਰ ਪ੍ਰਸ਼ਨਚਿੰਨ੍ਹ ਲਗਾ ਦਿੱਤਾ ਹੈ। ਇਹ ਉਹੀ ਮਹਿਲਾ ਖਿਡਾਰੀਆਂ ਹਨ, ਜਿਨ੍ਹਾਂ ਨੇ ਅੰਤਰਰਾਸ਼ਟਰੀ ਖੇਡ ਮੰਚਾਂ, ਓਲੰਪਿਕਸ ਅਤੇ ਰਾਸ਼ਟਰਮੰਡਲ ਖੇਡਾਂ ਵਿੱਚ ਦੇਸ਼ ਦਾ ਨਾਂ ਰੋਸ਼ਨ ਕਰਦਿਆਂ ਤਿਰੰਗਾ ਲਹਿਰਾਇਆ ਸੀ। ਹਾਲਾਂਕਿ, ਜਦੋਂ ਉਨ੍ਹਾਂ ਨੇ ਆਪਣੇ ਨਾਲ ਹੋਏ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਵਿਰੁੱਧ ਆਵਾਜ਼ ਬੁਲੰਦ ਕੀਤੀ, ਤਾਂ ਉਨ੍ਹਾਂ ਨੂੰ ਇੱਕ ਸਾਧਾਰਨ ਐੱਫ.ਆਈ.ਆਰ. ਦਰਜ ਕਰਵਾਉਣ ਲਈ ਵੀ ਦੇਸ਼ ਦੀ ਰਾਜਧਾਨੀ ਦੀਆਂ ਸੜਕਾਂ ’ਤੇ ਮਹੀਨਿਆਂ ਬੱਧੀ ਧਰਨੇ ਦੇਣੇ ਪਏ ਅਤੇ ਅੰਤ ਵਿੱਚ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ ਸੀ। ਅਦਾਲਤ ਦੇ ਇਸ ਤਾਜ਼ਾ ਫ਼ੈਸਲੇ ਤੋਂ ਬਾਅਦ ਜਿੱਥੇ ਆਰੋਪੀ ਪੱਖ ਅਤੇ ਉਨ੍ਹਾਂ ਦੇ ਸਮਰਥਕ ਖੁਸ਼ੀ ਦਾ ਪ੍ਰਗਟਾਵਾ ਕਰ ਰਹੇ ਹਨ, ਉੱਥੇ ਹੀ ਲੰਬੇ ਸਮੇਂ ਤੋਂ ਨਿਆਂ ਦੀ ਆਸ ਲਗਾਈ ਬੈਠੀਆਂ ਮਹਿਲਾ ਖਿਡਾਰੀਆਂ ਅਤੇ ਦੇਸ਼ ਦੇ ਸੁਚੇਤ ਨਾਗਰਿਕਾਂ ਲਈ ਇਹ ਇੱਕ ਵੱਡਾ ਮਾਨਸਿਕ ਅਤੇ ਨੈਤਿਕ ਝਟਕਾ ਹੈ।

ਇਸ ਪੂਰੇ ਕੇਸ ਦੀ ਜਾਂਚ ਪ੍ਰਕਿਰਿਆ ਅਤੇ ਅਦਾਲਤੀ ਕਾਰਵਾਈ ’ਤੇ ਨਜ਼ਰ ਮਾਰੀਏ ਤਾਂ ਕਈ ਅਜਿਹੀਆਂ ਗੰਭੀਰ ਖਾਮੀਆਂ ਅਤੇ ਨੁਕਸ ਸਾਹਮਣੇ ਆਉਂਦੇ ਹਨ, ਜਿਨ੍ਹਾਂ ਨੇ ਕੇਸ ਨੂੰ ਕਮਜ਼ੋਰ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ।

ਜਨਵਰੀ 2023 ਵਿੱਚ ਜਦੋਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੁਨੀਆ ਵਰਗੇ ਵਿਸ਼ਵ

(ਬਾਕੀ ਸਫ਼ਾ 26 ’ਤੇ)

# ਅਮਰੀਕਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ 'ਤੇ 1 ਲੱਖ ਡਾਲਰ ਫੀਸ ਲਗਾਉਣ ਦੀ ਯੋਜਨਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਲਈ ਭਵਿੱਖ ਵਿੱਚ ਨੌਕਰੀ ਕਰਨਾ ਕਾਫ਼ੀ ਮਹਿੰਗਾ ਹੋ ਸਕਦਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਟਰੰਪ ਪ੍ਰਸ਼ਾਸਨ ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ ਪ੍ਰੋਗਰਾਮ ਮਤਲਬ ਅਮਰੀਕੀ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਤੋਂ ਬਾਅਦ ਅਮਰੀਕਾ ਵਿੱਚ ਕੰਮ ਕਰਨ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ 'ਤੇ 1,00,000 ਡਾਲਰ (ਲਗਭਗ 87 ਲੱਖ ਰੁਪਏ) ਦੀ ਫੀਸ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ।

'ਦਿ ਵਾਲ ਸਟਰੀਟ ਜਰਨਲ' ਦੀ ਇੱਕ ਰਿਪੋਰਟ ਦੇ ਅਨੁਸਾਰ ਇਹ ਪ੍ਰਸਤਾਵ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਵਿੱਚ ਵਿਚਾਰ ਅਧੀਨ ਹੈ। ਹਾਲਾਂਕਿ, ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਵਿਭਾਗ ਦਾ ਕਹਿਣਾ ਹੈ ਕਿ ਜਦੋਂ ਤੱਕ ਕੋਈ ਨੀਤੀ ਅਧਿਕਾਰਤ ਤੌਰ 'ਤੇ ਐਲਾਨ ਨਹੀਂ ਕੀਤੀ ਜਾਂਦੀ, ਇਸਨੂੰ ਅੰਤਿਮ ਨਹੀਂ ਮੰਨਿਆ ਜਾਣਾ ਚਾਹੀਦਾ। ਟਰੰਪ ਪ੍ਰਸ਼ਾਸਨ ਦਾ ਇਹ ਕਦਮ ਇੱਕ ਅਮਰੀਕੀ ਅਦਾਲਤ ਵੱਲੋਂ ਐਚ 1-ਬੀ ਵੀਜ਼ਿਆਂ 'ਤੇ 1,00,000 ਡਾਲਰ ਦੀ ਫੀਸ ਲਗਾਉਣ ਦੇ ਪ੍ਰਸਤਾਵ ਨੂੰ ਰੱਦ ਕਰਨ ਤੋਂ ਬਾਅਦ ਆਇਆ ਹੈ।ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ ਪ੍ਰੋਗਰਾਮ ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇੱਕ ਤੋਂ ਤਿੰਨ ਸਾਲਾਂ ਲਈ ਆਪਣੇ ਵਿਸ਼ੇ ਨਾਲ ਸਬੰਧਤ ਖੇਤਰ ਵਿੱਚ



ਕੰਮ ਕਰਨ ਦੀ ਆਗਿਆ ਦਿੰਦਾ ਹੈ। ਇਹ ਸਹੂਲਤ ਵੱਡੀ ਗਿਣਤੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸੰਯੁਕਤ ਰਾਜ ਵਿੱਚ ਪੜ੍ਹਨ ਲਈ ਆਕਰਸ਼ਿਤ ਕਰਦੀ ਹੈ। 2024 ਵਿੱਚ, ਲਗਭਗ 419,000 ਵਿਦੇਸ਼ੀ ਵਿਦਿਆਰਥੀ ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ ਦੇ ਤਹਿਤ ਸੰਯੁਕਤ ਰਾਜ ਵਿੱਚ ਕੰਮ ਕਰ ਰਹੇ ਸਨ। ਰਿਪੋਰਟ ਦੇ ਅਨੁਸਾਰ, ਟਰੰਪ ਪ੍ਰਸ਼ਾਸਨ ਨੇ ਪਹਿਲਾਂ ਐਚ-1ਬੀ ਵੀਜ਼ਾ 'ਤੇ 100,000 ਡਾਲਰ ਫੀਸ ਲਗਾਉਣ ਦੀ ਯੋਜਨਾ ਬਣਾਈ ਸੀ, ਪਰ ਇੱਕ ਅਮਰੀਕੀ ਅਦਾਲਤ ਨੇ ਉਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ। ਇਸ ਤੋਂ ਬਾਅਦ, ਹੁਣ ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ 'ਤੇ ਇੰਨੀ ਉੱਚ ਫੀਸ ਲਗਾਉਣ ਦੀ ਸੰਭਾਵਨਾ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕੀ ਵਿਦੇਸ਼ ਵਿਭਾਗ ਵਿਦੇਸ਼ੀ ਗ੍ਰੀਨ ਕਾਰਡ ਬਿਨੈਕਾਰਾਂ 'ਤੇ 100,000 ਡਾਲਰ ਦਾ ਬਾਂਡ ਲਗਾਉਣ 'ਤੇ ਵਿਚਾਰ ਕਰ ਰਿਹਾ ਹੈ। ਇਹ ਰਕਮ ਬਿਨੈਕਾਰ ਦੇ ਅਮਰੀਕਾ ਵਾਪਸ ਆਉਣ ਅਤੇ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਵਾਪਸ ਕੀਤੀ ਜਾ ਸਕਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਓ.ਪੀ.ਟੀ. 'ਤੇ ਇੰਨੀ ਉੱਚ ਫੀਸ ਲਗਾਈ ਜਾਂਦੀ ਹੈ, ਤਾਂ ਇਹ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ, ਖਾਸ ਕਰਕੇ ਭਾਰਤੀ ਵਿਦਿਆਰਥੀਆਂ, ਜੋ ਅਮਰੀਕਾ ਵਿੱਚ ਪੜ੍ਹਾਈ ਕਰਨ ਦੀ ਯੋਜਨਾ ਬਣਾ ਰਹੇ ਹਨ, 'ਤੇ ਕਾਫ਼ੀ ਪ੍ਰਭਾਵ ਪਾ ਸਕਦੀ ਹੈ। ਇਸ ਨਾਲ ਅਮਰੀਕੀ ਕੰਪਨੀਆਂ ਲਈ ਵਿਦੇਸ਼ੀ ਪ੍ਰਤਿਭਾ ਨੂੰ ਭਰਤੀ ਕਰਨਾ ਵੀ ਮੁਸ਼ਕਿਲ ਹੋ ਸਕਦਾ ਹੈ। ਇਸ ਪ੍ਰਸਤਾਵ 'ਤੇ ਅਜੇ ਤੱਕ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ।

## ਗ਼ੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ: ਟਰੰਪ

### 24,000 ਤੋਂ ਵੱਧ ਵਪਾਰਕ ਡਰਾਈਵਰ ਲਾਇਸੈਂਸ ਕੀਤੇ ਰੱਦ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 'ਫ੍ਰੀਡਮ ਹੌਲਰਜ਼' ਨਾਮਕ ਇੱਕ ਨਵੀਂ ਪਹਿਲਕਦਮੀ ਦਾ ਐਲਾਨ ਕੀਤਾ ਹੈ ਜਿਸਦਾ ਉਦੇਸ਼ ਫ਼ੌਜੀ ਸਾਬਕਾ ਸੈਨਿਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਨਾ ਅਤੇ ਗ਼ੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਵਿਰੁੱਧ ਕਾਰਵਾਈ ਤੇਜ਼ ਕਰਨਾ ਹੈ। ਇਸ ਯੋਜਨਾ ਦੇ ਤਹਿਤ, ਫ਼ੌਜੀ ਸਾਬਕਾ ਸੈਨਿਕਾਂ ਨੂੰ ਟਰੱਕ ਡਰਾਈਵਰਾਂ ਵਜੋਂ ਭਰਤੀ ਕੀਤਾ ਜਾਵੇਗਾ ਅਤੇ ਵਪਾਰਕ ਡਰਾਈਵਰ ਲਾਇਸੈਂਸ ਪ੍ਰਾਪਤ ਕਰਨ 'ਚ ਪਹਿਲ ਦਿੱਤੀ ਜਾਵੇਗੀ।ਆਵਾਜਾਈ ਸਕੱਤਰ ਸ਼ੌਨ ਡਫ਼ੀ ਅਤੇ ਕਾਰਜਕਾਰੀ ਲੇਬਰ ਸਕੱਤਰ ਕੀਥ ਸੌਂਡਰਲਿੰਗ ਦੀ ਮੌਜੂਦਗੀ 'ਚ, ਟਰੰਪ ਨੇ ਕਿਹਾ ਕਿ ਪ੍ਰਸ਼ਾਸਨ ਦਾ ਟੀਚਾ ਦੇਸ਼ 'ਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਟਰੱਕ ਡਰਾਈਵਰਾਂ ਨੂੰ ਅਮਰੀਕੀ ਸੜਕਾਂ ਤੋਂ ਹਟਾਉਣਾ ਅਤੇ ਉਨ੍ਹਾਂ ਦੀ ਥਾਂ ਯੋਗ ਸਾਬਕਾ ਸੈਨਿਕਾਂ ਨਾਲ ਬਦਲਣਾ ਹੈ। ਉਨ੍ਹਾਂ ਨੇ ਇਸ ਮੁਹਿੰਮ ਨੂੰ ਰਾਸ਼ਟਰੀ ਸੁਰੱਖਿਆ ਅਤੇ ਰੁਜ਼ਗਾਰ ਦੋਵਾਂ ਲਈ ਮਹੱਤਵਪੂਰਨ ਦੱਸਿਆ।ਇਸ ਦੌਰਾਨ ਅਮਰੀਕੀ ਆਵਾਜਾਈ ਵਿਭਾਗ ਨੇ ਰਿਪੋਰਟ ਦਿੱਤੀ ਕਿ ਅੰਗਰੇਜ਼ੀ ਭਾਸ਼ਾ ਮੁਹਾਰਤ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਤੋਂ ਬਾਅਦ 24,000 ਤੋਂ ਵੱਧ ਵਪਾਰਕ ਡਰਾਈਵਰ ਲਾਇਸੈਂਸ ਰੱਦ ਕਰ ਦਿੱਤੇ ਗਏ ਹਨ। ਵਿਭਾਗ ਦਾ ਦਾਅਵਾ ਹੈ ਕਿ ਜਾਂਚ ਤੋਂ ਪਤਾ ਲੱਗਿਆ ਹੈ ਕਿ 28,000 ਤੋਂ ਵੱਧ ਗੈਰ-ਨਾਗਰਿਕ ਟਰੱਕ ਡਰਾਈਵਰਾਂ ਨੂੰ ਗਲਤ ਢੰਗ ਨਾਲ ਸੀ.ਡੀ.ਐਲ. ਜਾਰੀ ਕੀਤੇ ਗਏ ਸਨ, ਜਿਸ ਕਾਰਨ ਉਨ੍ਹਾਂ ਦੇ ਲਾਇਸੈਂਸ ਰੱਦ ਕੀਤੇ ਗਏ ਸਨ।

## ਕੀ ਖ਼ਾਲਿਸਤਾਨੀਆਂ ਨੂੰ ਵਿਦੇਸ਼ੀ ਸਰਕਾਰਾਂ ਦੀਆਂ ਕਾਰਵਾਈਆਂ ਤੋਂ ਬਚਾਉਣ ਲਈ ਅਮਰੀਕਾ ਲਿਆਵੇਗਾ ਇੱਕ ਨਵਾਂ ਕਾਨੂੰਨ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਆਪਣੇ ਦੇਸ਼ ਵਿੱਚ ਰਹਿ ਰਹੇ ਵਿਦੇਸ਼ੀ ਵਿਰੋਧੀਆਂ ਅਤੇ ਐਕਟਿਵਿਸਟਾਂ (ਜਿਸ ਵਿੱਚ ਅਮਰੀਕਾ ਸਥਿਤ ਖ਼ਾਲਿਸਤਾਨੀ ਸਮਰਥਕ ਵੀ ਸ਼ਾਮਲ ਹਨ) ਨੂੰ ਵਿਦੇਸ਼ੀ ਸਰਕਾਰਾਂ ਦੀਆਂ ਕਾਰਵਾਈਆਂ ਤੋਂ ਬਚਾਉਣ ਲਈ ਇੱਕ ਨਵਾਂ ਕਾਨੂੰਨ ਲਿਆਉਣ ਦੀ ਤਿਆਰੀ ਕਰ ਰਿਹਾ ਹੈ। ਅਮਰੀਕੀ ਸੰਸਦ (ਕਾਂਗਰਸ) ਵਿੱਚ 'ਸਟਾਪ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਐਕਟ 2026' ਨਾਂਅ ਦਾ ਬਿੱਲ ਪੇਸ਼ ਕੀਤਾ ਗਿਆ ਹੈ।

ਇਸ ਬਿੱਲ ਦੇ ਰਾਹੀਂ ਅਮਰੀਕੀ ਧਰਤੀ 'ਤੇ ਰਹਿ ਰਹੇ ਸਿਆਸੀ ਵਿਰੋਧੀਆਂ ਨੂੰ ਡਰਾਉਣ, ਧਮਕਾਉਣ ਜਾਂ ਉਨ੍ਹਾਂ 'ਤੇ ਹਮਲਾ ਕਰਨ ਦੀਆਂ ਵਿਦੇਸ਼ੀ ਕੋਸ਼ਿਸ਼ਾਂ ਨੂੰ ਹੁਣ ਇੱਕ ਖਾਸ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇਗਾ।

**ਕਿਸਨੇ ਪੇਸ਼ ਕੀਤਾ ਇਹ ਬਿੱਲ ?**

ਇਸ ਬਿਲ ਨੂੰ ਡੈਮੋਕ੍ਰੇਟਿਕ ਸੀਨੇਟਰ ਐਡਮ ਸ਼ਿਫ ਅਤੇ ਰਿਪਬਲਿਕਨ ਸੀਨੇਟਰ ਜੌਨ ਕਰਟਿਸ ਵੱਲੋਂ ਸਾਂਝੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਜੇਕਰ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ, ਤਾਂ ਅਮਰੀਕਾ ਵਿੱਚ ਪਹਿਲੀ ਵਾਰ 'ਟ੍ਰਾਂਸਨੈਸ਼ਨਲ ਰਿਪ੍ਰੈਸ਼ਨ' (ਸਰਹੱਦ ਪਾਰ ਤੋਂ ਦਮਨ) ਇੱਕ ਵੱਖਰਾ ਸੰਘੀ ਅਪਰਾਧ ਬਣ ਜਾਵੇਗਾ। ਇਸ ਨਾਲ ਅਮਰੀਕੀ ਜਸਟਿਸ ਡਿਪਾਰਟਮੈਂਟ ਅਤੇ ਐਫ.ਬੀ.ਆਈ. ਨੂੰ ਅਜਿਹੇ ਮਾਮਲਿਆਂ ਦੀ ਜਾਂਚ ਕਰਨ ਅਤੇ ਅਦਾਲਤਾਂ ਵਿੱਚ ਮੁਕੱਦਮਾ ਚਲਾਉਣ ਦੇ ਵਧੇਰੇ ਅਧਿਕਾਰ ਮਿਲ ਜਾਣਗੇ।

**ਕੀ ਹਨ ਪ੍ਰਸਤਾਵਿਤ ਸਜ਼ਾਵਾਂ ?**

ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਦੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਹੋਰ ਅਪਰਾਧਾਂ ਦੀ ਸਜ਼ਾ ਤੋਂ ਇਲਾਵਾ 10 ਸਾਲ ਤੱਕ ਦੀ ਵਾਧੂ ਜੇਲ੍ਹ ਹੋ ਸਕਦੀ ਹੈ। ਦੋਸ਼ੀ ਨੂੰ 100,000 ਡਾਲਰ ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ। ਇਹ ਬਿਲ ਅਮਰੀਕੀ ਜਸਟਿਸ ਡਿਪਾਰਟਮੈਂਟ ਦੇ ਨੈਸ਼ਨਲ ਸਿਕਿਓਰਿਟੀ ਡਿਵੀਜ਼ਨ ਦੀ ਭੂਮਿਕਾ ਨੂੰ ਵੀ ਹੋਰ ਮਜ਼ਬੂਤ ਕਰੇਗਾ।

**ਭਾਰਤ-ਅਮਰੀਕਾ ਸਬੰਧਾਂ 'ਤੇ ਪਵੇਗਾ ਅਸਰ**

ਇਹ ਬਿੱਲ ਅਜਿਹੇ ਸਮੇਂ ਵਿੱਚ ਸਾਹਮਣੇ ਆਇਆ ਹੈ ਜਦੋਂ ਖ਼ਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਦੇ ਮਾਮਲੇ ਨੂੰ ਲੈ ਕੇ ਭਾਰਤ ਅਤੇ ਅਮਰੀਕਾ ਦੇ ਰਿਸ਼ਤਿਆਂ ਵਿੱਚ ਤਣਾਅ ਦੇਖਣ ਨੂੰ ਮਿਲਿਆ ਹੈ। ਅਮਰੀਕਾ ਨੇ ਇਲਜ਼ਾਮ ਲਗਾਇਆ ਸੀ ਕਿ ਇੱਕ ਭਾਰਤੀ ਏਜੰਟ ਨੇ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚੀ ਸੀ, ਜਿਸ ਨੂੰ ਅਮਰੀਕੀ ਏਜੰਸੀਆਂ ਨੇ ਨਾਕਾਮ ਕਰ ਦਿੱਤਾ ਸੀ। ਹਾਲਾਂਕਿ, ਭਾਰਤ ਨੇ ਅਜਿਹੇ ਸਾਰੇ ਦੋਸ਼ਾਂ ਨੂੰ ਖਾਰਜ ਕਰਦਿਆਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਸ਼ੁਰੂ ਕੀਤੀ ਸੀ।ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਵੇਂ ਕਾਨੂੰਨ ਨਾਲ ਅਮਰੀਕਾ ਵਿੱਚ ਰਹਿ ਰਹੇ ਭਾਰਤ ਵਿਰੋਧੀ ਅਨਸਰਾਂ ਵਿਰੁੱਧ ਕਾਰਵਾਈ ਕਰਨਾ ਹੋਰ ਵੀ ਔਖਾ ਹੋ ਸਕਦਾ ਹੈ।

## ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ

ਸੈਨਹੋਜ਼ੇ/ਕੈਲੀਫ਼ੋਰਨੀਆ/ਏ.ਟੀ.ਨਿਊਜ਼: ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਹਫ਼ਤਾਵਾਰੀ ਸਜੇ ਦੀਵਾਨਾਂ ਵਿੱਚ ਵਿਸ਼ੇਸ਼ ਤੌਰ 'ਤੇ ਸ਼ਹੀਦੀ ਭਾਈ ਮਨੀ ਸਿੰਘ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਮਾਣਮੱਤਾ ਇਤਿਹਾਸ ਪੇਸ਼ ਕਰਦਿਆਂ ਕਿਹਾ ਕਿ 1716 ਵਿੱਚ ਬੰਦਾ ਬਹਾਦਰ ਜੀ ਤੋਂ ਬਾਅਦ ਪੰਥ ਦੋ ਦਲਾਂ ਤਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚ ਵੰਡਿਆ ਗਿਆ ਸੀ। ਭਾਈ ਸਾਹਿਬ ਨੇ ਆਪਣੇ






ਪ੍ਰਭਾਵ ਨਾਲ ਖ਼ਾਲਸੇ ਦੇ ਮਤਭੇਦ ਮਿਟਾ ਕੇ ਪੰਥ ਨੂੰ ਇਕੱਠਾ ਕਰਕੇ ਰਾਜਸੀ ਸ਼ਕਤੀ ਦੇ ਰਾਹ ਤੋਰਿਆ। ਉਹਨਾਂ ਦਾ ਸਮੁੱਖਾ ਜੀਵਨ, ਸਿਦਕ, ਸੇਵਾ, ਸੰਭਾਲ, ਕੁਰਬਾਨੀ ਵਿੱਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ। ਗੁਰੂ ਪੰਥ ਦੇ ਨਿਸ਼ਕਾਮ ਸੇਵਕ ਇੱਕ ਸੱਚੇ ਸਿੱਖ ਸਨ। ਪੰਥਕ ਆਨ ਸ਼ਾਨ 'ਤੇ ਮਰ ਮਿਟਣ ਵਾਲੇ ਪ੍ਰਵਾਨੇ ਸਨ। ਉਹਨਾਂ ਦੀ ਸ਼ਹਾਦਤ ਦੇ ਰੋਹ ਵਿੱਚ ਸਿੰਘਾਂ ਨੇ ਮੁਗਲਾਂ ਤੋਂ ਬਦਲਾ ਲੈਣ ਦਾ ਬਹਾਦਰੀ ਵਾਲਾ ਰਾਹ ਅਪਨਾਇਆ। ਉਹਨਾਂ ਦੀ ਸ਼ਹਾਦਤ ਨੂੰ ਸਿੱਖ ਕੌਮ ਨੇ ਬਿਰਥਾ ਨਹੀਂ ਜਾਣ ਦਿੱਤਾ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀਆਂ ਨੇ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਤਰਸੇਮ ਸਿੰਘ ਸਮੁੰਨ, ਤਰਲੋਚਨ ਸਿੰਘ ਦੁਪਾਲਪੁਰੀ, ਬੀਬੀ ਬਲਵਿੰਦਰ ਕੌਰ ਹੰਸਰਾ, ਬਲਜਿੰਦਰ ਸਿੰਘ, ਜਸਦੀਪ ਸਿੰਘ ਫਰੀਮੌਂਟ, ਪਰਮਿੰਦਰ ਸਿੰਘ ਪ੍ਰਵਾਨਾ ਨੇ ਹਿੱਸਾ ਲਿਆ।

ਗੁਰਦੁਆਰਾ ਸਕੱਤਰ ਭਾਈ ਰਜਿੰਦਰ ਸਿੰਘ ਨੇ ਪ੍ਰੋਗਰਾਮ ਦੀ ਸਫਲਤਾ 'ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਇਹ ਸਾਡੇ ਆਪਣੇ ਸਥਾਨਕ ਬੇ ਏਰੀਆ ਦੇ ਕਵੀ ਅਕਸਰ ਇਸ ਗੁਰੂ ਘਰ ਵਿੱਚ ਧਾਰਮਿਕ ਕਵੀ ਦਰਬਾਰ ਸਜਾਉਂਦੇ ਰਹਿੰਦੇ ਹਨ। ਬੜੀ ਦੇਰ ਤੋਂ ਇਹ ਸੰਗਤਾਂ ਨੂੰ ਆਪਣੀ ਪੰਜਾਬੀ ਮਾਂ ਬੋਲੀ, ਧਰਮ, ਇਤਿਹਾਸ ਅਤੇ ਮਾਣਮੱਤੇ ਵਿਰਸੇ ਨਾਲ ਜੋੜਦੇ ਹਨ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਸੰਪੰਨ ਹੋਇਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਸਰਕਾਰ ਦੇਣ ਲੱਗੀ ਕੱਚੇ ਵਿਦੇਸ਼ੀਆਂ ਨੂੰ ਦੇਸ਼ ਨਿਕਾਲਾ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਵੱਲੋਂ ਇਮੀਗ੍ਰੇਸ਼ਨ ਨੀਤੀਆਂ ਸਖ਼ਤ ਕਰਨ ਦੇ ਨਾਲ-ਨਾਲ ਕੱਚੇ ਵਿਦੇਸ਼ੀਆਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਣ (ਦੇਸ਼ ਨਿਕਾਲਾ) ਵਿੱਚ ਹਰ ਸਾਲ ਤੇਜ਼ੀ ਲਿਆਂਦੀ ਜਾ ਰਹੀ ਹੈ, ਜਿਸ ਦਾ ਦਰਦ ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤੀਆਂ ਨੂੰ ਵੱਧ ਸਹਿਣਾ ਪੈ ਰਿਹਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ 2021 ਤੋਂ ਬਾਅਦ ਹਰੇਕ ਸਾਲ ਦੇਸ਼ ਨਿਕਾਲੇ ਵਿੱਚ ਤੇਜ਼ੀ ਆਈ ਹੈ। ਇਹ ਸਖ਼ਤੀ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਵਿੱਚ ਸ਼ੁਰੂ ਹੋਈ ਸੀ।

ਅੰਕੜੇ ਦੱਸਦੇ ਹਨ ਕਿ ਸੀ.ਬੀ.ਐੱਸ.ਏ. ਦੀ ਕਾਰਵਾਈ ਤਹਿਤ ਕੱਚੇ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਪਿੱਤਰੀ ਦੇਸ਼ ਭੇਜਣ ਦੀ ਗਿਣਤੀ ਇਸ ਪ੍ਰਕਾਰ ਰਹੀ:

2020: 12,858
2021: 7,523
2022: 8,335
2023: 15,231
2024: 17,397
2025: 23,160

ਚਾਲੂ ਸਾਲ ਦੀ ਪਹਿਲੀ ਤਿਮਾਹੀ ਵਿੱਚ 5,260 ਦੇ ਅੰਕੜੇ ਨਾਲ ਚਾਲ ਕੁਝ ਸੁਸਤ ਰਹੀ, ਪਰ ਦੂਜੀ ਤਿਮਾਹੀ ਦੌਰਾਨ 9,532 ਲੋਕਾਂ ਦਾ ਦੇਸ਼ ਨਿਕਾਲਾ ਅੱਗੇ ਹੋਰ ਵੀ ਜ਼ਿਆਦਾ ਤੇਜ਼ੀ ਦੇ ਸੰਕੇਤ ਨਾਲ 2026 ਦੇ ਨਵੇਂ ਰਿਕਾਰਡ ਵੱਲ ਇਸ਼ਾਰਾ ਕਰਦਾ ਹੈ।

ਕੁਝ ਹਫ਼ਤੇ ਪਹਿਲਾਂ ਡਿਪੋਰਟੇਸ਼ਨ ਵਿੱਚ ਤੇਜ਼ੀ ਦੇ ਸੰਕੇਤ ਵਰਕ ਪਰਮਿਟ ਨਵਿਆਉਣ ਦੀ ਨਾਂਹ ਤੋਂ ਲੱਗਣੇ ਸ਼ੁਰੂ ਹੋਏ ਹਨ। ਪਤਾ ਲੱਗਾ ਹੈ ਕਿ ਜੁਲਾਈ ਵਿੱਚ 76,327 ਵਰਕ ਪਰਮਿਟ ਨਵਿਆਏ ਜਾਣੇ ਸਨ, ਪਰ ਇਮੀਗ੍ਰੇਸ਼ਨ ਵਿਭਾਗ ਨੇ ਪ੍ਰਾਰਥੀਆਂ ਨੂੰ ਮਿਆਦ ਵਾਧੇ ਤੋਂ ਕੋਰੀ ਨਾਂਹ ਕਰ ਦਿੱਤੀ, ਜਿਸ ਕਰਕੇ ਉਹ ਦੇਸ਼ ਦੇ ਕੁਝ ਪ੍ਰਮੁੱਖ ਸ਼ਹਿਰਾਂ ਵਿੱਚ ਧਰਨਿਆਂ 'ਤੇ ਬੈਠ ਕੇ ਰੋਸ ਪ੍ਰਦਰਸ਼ਨ ਕਰ ਰਹੇ ਹਨ।







ਸ਼ਰਨਾਰਥੀ ਅਰਜ਼ੀਆਂ, ਜਿਨ੍ਹਾਂ ਦੀ ਸਫ਼ਲਤਾ ਦਰ ਦੋ ਕੁ ਸਾਲ ਪਹਿਲਾਂ 87 ਫ਼ੀਸਦੀ ਸੀ, ਸਖ਼ਤ ਸ਼ਰਤਾਂ ਕਰਕੇ 2025 ਵਿੱਚ ਸਿਰਫ਼ 17 ਫ਼ੀਸਦ ਰਹਿ ਗਈ ਸੀ। ਇਸ ਸਾਲ ਇਹ ਦਰ ਹੋਰ ਘਟਣ ਦੇ ਸੰਕੇਤ ਮਿਲਣ ਲੱਗੇ ਹਨ।

ਇਮੀਗ੍ਰੇਸ਼ਨ ਵਿਭਾਗ ਵੱਲੋਂ ਕਰਵਾਏ ਗੁਪਤ ਸਰਵੇਖਣਾਂ ਵਿੱਚ ਠੋਸ ਸਬੂਤ ਮਿਲੇ ਹਨ ਕਿ ਪੱਕੇ ਹੋਣ ਦੇ ਹੋਰ ਰਾਹ ਬੰਦ ਹੋਣ ਤੋਂ ਬਾਅਦ ਇਮੀਗ੍ਰੇਸ਼ਨ ਏਜੰਟਾਂ ਵੱਲੋਂ ਕੱਚੇ ਲੋਕਾਂ ਨੂੰ ਸ਼ਰਨਾਰਥੀ ਪ੍ਰਾਰਥੀ ਬਣਾ ਕੇ ਕਿਸਮਤ ਅਜ਼ਮਾਉਣ ਵਾਲੀ ਆਖ਼ਰੀ ਕਾਨੂੰਨੀ ਚੋਰ-ਮੋਰੀ ਦੇ ਰਸਤੇ ਪਾ ਕੇ ਆਪਣੀ ਦੁਕਾਨਦਾਰੀ ਚਲਾਈ ਜਾਂਦੀ ਹੈ। ਵਰਕ ਪਰਮਿਟ ਨਵਿਆਉਣ ਤੋਂ ਹੋਈ ਨਾਂਹ ਵਾਲਿਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਅਤੇ ਅਸਥਾਈ ਕਾਮਿਆਂ ਦੀ ਹੈ, ਦਾ ਸੰਘਰਸ਼ ਕੀ ਰੰਗ ਲਿਆਉਂਦਾ ਹੈ, ਇਸ ਬਾਰੇ ਤਾਂ ਅਜੇ ਕੁਝ ਮੰਨਣਾ ਸਮੇਂ ਤੋਂ ਪਹਿਲਾਂ ਦੀ ਗੱਲ ਹੈ। ਪਰ ਵਿਭਾਗੀ ਸੂਤਰਾਂ ਮੁਤਾਬਕ ਇਨ੍ਹਾਂ ਵਿੱਚੋਂ ਬਹੁਤਿਆਂ ਦੇ ਦੇਸ਼ ਨਿਕਾਲੇ ਵਾਲੇ ਵਾਰੰਟ ਇਸੇ ਮਹੀਨੇ ਜਾਰੀ ਹੋਣ ਜਾ ਰਹੇ ਹਨ। ਇੱਕ ਵਾਰ ਦੇਸ਼ ਨਿਕਾਲਾ (ਡਿਪੋਰਟੇਸ਼ਨ) ਵਾਰੰਟ ਜਾਰੀ ਹੋਣ ਤੋਂ ਬਾਅਦ ਦਲੀਲ-ਅਪੀਲ ਦੇ ਕਾਨੂੰਨੀ ਰਸਤੇ ਬੰਦ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਇਸ ਸਾਲ ਦਾ ਦੇਸ਼ ਨਿਕਾਲੇ ਵਾਲਾ ਅੰਕੜਾ ਬਹੁਤ ਉੱਪਰ ਜਾ ਸਕਦਾ ਹੈ। ਡਿਪੋਰਟੇਸ਼ਨ ਵਾਰੰਟ ਵਾਲਾ ਵਿਅਕਤੀ ਜੇਕਰ ਖ਼ੁਦ ਟਿਕਟ ਲੈ ਕੇ ਵਾਪਸ ਆਪਣੇ ਦੇਸ਼ ਮੁੜ ਜਾਂਦਾ ਹੈ, ਤਾਂ ਉਹ 5 ਸਾਲ ਬਾਅਦ ਫਿਰ ਕੈਨੇਡਾ ਵੀਜ਼ੇ ਦਾ ਪ੍ਰਾਰਥੀ ਬਣ ਸਕਦਾ ਹੈ। ਵਿਭਾਗ ਵੱਲੋਂ ਖ਼ੁਦ ਜਹਾਜ਼ੇ ਚਾੜ੍ਹਿਆ ਵਿਅਕਤੀ ਕੈਨੇਡਾ ਦੇ ਵੀਜ਼ੇ ਲਈ ਪ੍ਰਾਰਥੀ ਹੋਣ ਦਾ ਹੱਕ ਉਮਰ ਭਰ ਲਈ ਗੁਆ ਲੈਂਦਾ ਹੈ।

### ਕੈਨੇਡਾ 'ਚ ਖੜਾ ਹੋਇਆ ਰੁਜ਼ਗਾਰ ਦਾ ਸੰਕਟ

## ਕੈਨੇਡੀਅਨ ਨੈਸ਼ਨਲ ਐਗਜ਼ੀਬਿਸ਼ਨ ਦੀਆਂ 5,000 ਨੌਕਰੀਆਂ ਲਈ 50,000 ਨੌਜਵਾਨਾਂ ਦੀਆਂ ਅਰਜ਼ੀਆਂ ਆਈਆਂ

ਵਿਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੀ ਸਥਿਤੀ ਕਿੰਨੀ ਗੰਭੀਰ ਹੋ ਚੁੱਕੀ ਹੈ, ਇਸ ਦੀ ਤਾਜ਼ਾ ਮਿਸਾਲ ਟੋਰਾਂਟੋ ਵਿੱਚ ਦੇਖਣ ਨੂੰ ਮਿਲੀ ਹੈ।

ਕੈਨੇਡੀਅਨ ਨੈਸ਼ਨਲ ਐਗਜ਼ੀਬਿਸ਼ਨ (ਸੀ.ਐਨ.ਈ.) ਵੱਲੋਂ ਮਹਿਜ਼ ਕੁਝ ਸੌ ਮੌਸਮੀ ਅਤੇ ਸੋਲ੍ਹਾਂ ਦਿਨਾਂ ਦੀਆਂ ਨੌਕਰੀਆਂ ਲਈ ਕੱਢੇ ਗਏ ਇਸ਼ਤਿਹਾਰ ਉੱਤੇ ਹੈਰਾਨੀਜਨਕ ਤੌਰ 'ਤੇ ਲਗਪਗ 50,000 ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ ਹਨ।

ਗ੍ਰੇਟਰ ਟੋਰਾਂਟੋ ਏਰੀਆ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ ਦੇ 17 ਫ਼ੀਸਦੀ ਦੇ ਖ਼ਤਰਨਾਕ ਪੱਧਰ ਤੱਕ ਪਹੁੰਚਣ ਨੇ ਨੌਜਵਾਨ ਵਰਗ ਦੇ ਭਵਿੱਖ 'ਤੇ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ।

ਸੀ.ਐਨ.ਈ. ਦੇ ਐਨਰਕੇਅਰ ਸੈਂਟਰ ਵਿਚ ਲੱਗੇ ਸਾਲਾਨਾ ਜੌਬ ਫੇਅਰ ਦੌਰਾਨ ਨੌਜਵਾਨਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਸੀ.ਐਨ.ਈ. ਪ੍ਰਬੰਧਕਾਂ ਮੁਤਾਬਕ ਉਨ੍ਹਾਂ ਕੋਲ ਕੁੱਲ ਮਿਲਾ ਕੇ ਲਗਪਗ 5,000 ਅਸਾਮੀਆਂ ਹਨ, ਜਿਨ੍ਹਾਂ ਵਿੱਚ ਕੈਸ਼ੀਅਰ, ਰਿਟੇਲ ਸਟਾਫ਼, ਗੇਮ ਅਟੈਂਡੈਂਟ, ਫੂਡ ਸਰਵਿਸ ਅਤੇ ਗਾਈਡਾਂ ਵਰਗੀਆਂ ਨੌਕਰੀਆਂ ਸ਼ਾਮਲ ਹਨ। ਇਨ੍ਹਾਂ ਅਹੁਦਿਆਂ ਲਈ 50,000 ਤੋਂ ਵੱਧ ਆਨਲਾਈਨ ਅਰਜ਼ੀਆਂ ਦਾ ਆਉਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਹਰੇਕ ਇੱਕ ਨੌਕਰੀ ਲਈ ਸਿੱਧਾ ਮੁਕਾਬਲਾ ਲਗਪਗ 10 ਉਮੀਦਵਾਰਾਂ ਵਿੱਚ ਹੈ।




ਇਹ ਅੰਕੜੇ ਸਿਰਫ਼ ਇੱਕ ਮੇਲੇ ਦੀ ਕਹਾਣੀ ਨਹੀਂ ਹਨ, ਸਗੋਂ ਕੈਨੇਡਾ ਵਿੱਚ ਐਂਟਰੀ-ਪੱਧਰ ਦੀਆਂ ਨੌਕਰੀਆਂ ਦੇ ਬਾਜ਼ਾਰ ਦੀ ਖ਼ਸਤਾ ਹਾਲਤ ਨੂੰ ਬਿਆਨ ਕਰਦੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਪੜ੍ਹਾਈ ਦੇ ਨਾਲ-ਨਾਲ ਗੁਜ਼ਾਰਾ ਕਰਨ ਲਈ ਪਾਰਟ-ਟਾਈਮ ਜਾਂ ਮੌਸਮੀ ਕੰਮ ਲੱਭ ਰਹੇ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਹੁਣ ਮਾਮੂਲੀ ਨੌਕਰੀ ਹਾਸਲ ਕਰਨਾ ਵੀ ਬਹੁਤ ਔਖਾ ਹੋ ਗਿਆ ਹੈ।

ਅੰਕੜੇ ਦੱਸਦੇ ਹਨ ਕਿ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ ਇਸ ਸਾਲ ਅਪ੍ਰੈਲ ਵਿੱਚ ਸਿਖਰ 'ਤੇ ਪਹੁੰਚਦਿਆਂ ਲਗਪਗ 17 ਫ਼ੀਸਦੀ ਤੱਕ ਜਾ ਪਹੁੰਚੀ ਸੀ। ਇਸ ਗੰਭੀਰ ਆਰਥਿਕ ਮੰਦਹਾਲੀ ਕਾਰਨ ਸਿਰਫ਼ ਸਥਾਨਕ ਨੌਜਵਾਨ ਹੀ ਨਹੀਂ, ਸਗੋਂ ਕੈਨੇਡਾ ਆਏ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਓਪਨ ਵਰਕ ਪਰਮਿਟ 'ਤੇ ਕੰਮ ਦੀ ਭਾਲ ਕਰ ਰਹੇ ਨੌਜਵਾਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ।

ਰੁਜ਼ਗਾਰ ਦੀ ਇਸ ਘਾਟ ਨੇ ਨੌਜਵਾਨਾਂ ਵਿੱਚ ਨਿਰਾਸ਼ਾ ਅਤੇ ਮਾਨਸਿਕ ਤਣਾਅ ਨੂੰ ਵਧਾ ਦਿੱਤਾ ਹੈ।

ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਇਸ ਵਾਰ ਸੀ.ਐਨ.ਈ. ਪ੍ਰਬੰਧਕਾਂ ਨੇ ਮੈਟਰੋਲਿੰਕਸ, ਵਾਈ.ਐੱਮ.ਸੀ.ਏ. ਅਤੇ ਰਾਇਲ ਅੰਟਾਰੀਓ ਮਿਊਜ਼ੀਅਮ ਵਰਗੀਆਂ ਹੋਰਨਾਂ ਏਜੰਸੀਆਂ ਨਾਲ ਵੀ ਹੱਥ ਮਿਲਾਇਆ ਹੈ ਤਾਂ ਜੋ ਨੌਜਵਾਨਾਂ ਨੂੰ ਸਿਰਫ਼ ਮੇਲੇ ਦੌਰਾਨ ਹੀ ਨਹੀਂ, ਸਗੋਂ ਲੰਬੇ ਸਮੇਂ ਲਈ ਵੀ ਰੁਜ਼ਗਾਰ ਦੇ ਮੌਕੇ ਜਾਂ ਮਾਰਗ ਦਰਸ਼ਨ ਮਿਲ ਸਕੇ।

ਇਸ ਤੋਂ ਇਲਾਵਾ ਜੌਬ ਫੇਅਰ ਵਿੱਚ ਨੌਜਵਾਨਾਂ ਨੂੰ ਰੈਜ਼ਿਊਮੇ ਬਣਾਉਣ ਵਿੱਚ ਮਦਦ ਅਤੇ ਮੁਫ਼ਤ ਫ਼ੋਟੋਗਰਾਫੀ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਗਈਆਂ ਤਾਂ ਜੋ ਉਨ੍ਹਾਂ ਦੀ ਕਾਮਯਾਬੀ ਦਾ ਥੋੜ੍ਹਾ ਬਹੁਤ ਰਾਹ ਸੌਖਾ ਕੀਤਾ ਜਾ ਸਕੇ।

ਇਹ ਸਥਿਤੀ ਕੈਨੇਡਾ ਦੀ ਮੌਜੂਦਾ ਆਰਥਿਕ ਪ੍ਰਣਾਲੀ ਅਤੇ ਲੇਬਰ ਮਾਰਕੀਟ 'ਤੇ ਵੱਡਾ ਸਵਾਲੀਆ ਨਿਸ਼ਾਨ ਖੜ੍ਹਾ ਕਰਦੀ ਹੈ, ਜਿੱਥੇ ਯੋਗ ਅਤੇ ਪੜ੍ਹੇ-ਲਿਖੇ ਨੌਜਵਾਨ ਆਪਣੇ ਘਰ ਦਾ ਖਰਚਾ ਚਲਾਉਣ ਅਤੇ ਕੈਰੀਅਰ ਦੀ ਸ਼ੁਰੂਆਤ ਕਰਨ ਲਈ ਮਾਮੂਲੀ ਦਿਹਾੜੀਆਂ ਅਤੇ ਅਸਥਾਈ ਨੌਕਰੀਆਂ ਖ਼ਾਤਰ ਹਜ਼ਾਰਾਂ ਦੀ ਗਿਣਤੀ ਵਿੱਚ ਧੱਕੇ ਖਾਣ ਲਈ ਮਜਬੂਰ ਹਨ।

### ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਦੇ ਅੰਕੜਿਆਂ 'ਚ ਕੀਤਾ ਗਿਆ ਦਾਅਵਾ

## ਕੈਨੇਡਾ 'ਚ 3.8 ਫ਼ੀਸਦੀ ਡਿੱਗੀਆਂ ਘਰਾਂ ਦੀਆਂ ਕੀਮਤਾਂ

### ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ 'ਚ ਘਰਾਂ ਦੀਆਂ ਕੀਮਤਾਂ ਘਟੀਆਂ, ਜਦੋਂਕਿ ਅਲਬਰਟਾ, ਮੈਨੀਟੋਬਾ 'ਚ ਵਧੀਆਂ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਵਿੱਚ ਮਕਾਨ ਸਸਤੇ ਹੋਣ ਦਾ ਸਿਲਸਿਲਾ ਜਾਰੀ ਹੈ ਅਤੇ ਚਾਲੂ ਮਹੀਨੇ ਦੌਰਾਨ ਕੀਮਤਾਂ ਵਿੱਚ 2.8 ਫ਼ੀਸਦੀ ਕਮੀ ਦਰਜ ਕੀਤੀ ਗਈ। ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਦੇ ਅੰਕੜਿਆਂ ਮੁਤਾਬਕ ਘਰਾਂ ਦੀਆਂ ਕੀਮਤਾਂ 3.8 ਫ਼ੀਸਦੀ ਡਿੱਗੀਆਂ ਅਤੇ ਕੌਮੀ ਪੱਧਰ 'ਤੇ ਇੱਕ ਘਰ ਦੀ ਔਸਤ ਕੀਮਤ 6,65,600 ਡਾਲਰ ਦਰਜ ਕੀਤੀ ਗਈ। ਦੂਜੇ ਪਾਸੇ ਮਕਾਨਾਂ ਦੀ ਵਿਕਰੀ ਵਿੱਚ ਵਾਧਾ ਹੋਣ ਦੀ ਰਿਪੋਰਟ ਵੀ ਸਾਹਮਣੇ ਆਈ ਹੈ ਅਤੇ ਅਲਬਰਟਾ, ਮੈਨੀਟੋਬਾ ਅਤੇ ਓਨਟਾਰੀਓ ਵਿੱਚ ਕੁਝ ਬਿਲਡਰਜ਼ ਵੱਲੋਂ ਨਵੇਂ ਉਸਾਰੇ ਜਾ ਰਹੇ ਘਰਾਂ ਦੀਆਂ ਕੀਮਤਾਂ ਵਿੱਚ ਮਾਮੂਲੀ ਵਾਧਾ ਕੀਤਾ ਜਾ ਰਿਹਾ ਹੈ ਪਰ ਟੋਰਾਂਟੋ ਅਤੇ ਵੈਨਕੂਵਰ ਵਰਗੇ ਵੱਡੇ ਸ਼ਹਿਰਾਂ ਵਿੱਚ ਕੌਂਡੋਜ਼ ਵੇਚਣੇ ਬੇਹੱਦ ਮੁਸ਼ਕਿਲ ਹੋ ਚੁੱਕੇ ਹਨ। ਇੱਥੇ ਦੱਸ ਦਈਏ ਕਿ ਇੱਕ ਕੰਡੋ (ਕੰਡੋਮੀਨੀਅਮ) ਇੱਕ ਵੱਡੀ ਇਮਾਰਤ ਜਾਂ ਭਾਈਚਾਰੇ ਦੇ ਅੰਦਰ ਇੱਕ ਨਿੱਜੀ ਰਿਹਾਇਸ਼ੀ ਇਕਾਈ ਹੁੰਦੀ ਹੈ, ਜਿੱਥੇ ਤੁਸੀਂ ਆਪਣੀ ਖਾਸ ਜਗ੍ਹਾ ਦੇ ਮਾਲਕ ਹੁੰਦੇ ਹੋ ਅਤੇ ਸਾਂਝੇ ਖੇਤਰਾਂ ਦੀ ਮਾਲਕੀ ਸਾਂਝੀ ਕਰਦੇ ਹੋ। ਕੈਨੇਡੀਅਨ ਸੈਂਟਰ ਫ਼ੌਰ ਪੌਲਿਸੀ ਅਲਟਰਨੇਟਿਵਜ਼ ਦੇ ਸੀਨੀਅਰ ਇਕੌਨੋਮਿਸਟ ਜ਼ਮੀਨੀ ਹਕੀਕਤ ਬਿਆਨ ਕਰਦਿਆਂ ਦੱਸਿਆ ਕਿ ਕੀਮਤਾਂ ਵਿੱਚ ਉਛਾਲ ਤੋਂ ਪ੍ਰਭਾਵਤ ਬਿਲਡਰਜ਼ ਨੇ ਵੱਡੇ ਸ਼ਹਿਰਾਂ ਵਿੱਚ ਉਸਾਰੀ ਤੇਜ਼ ਕਰ ਦਿੱਤੀ ਅਤੇ ਇਸ ਵੇਲੇ ਹਾਲਾਤ ਬਿਲਕੁਲ ਉਲਟ ਨਜ਼ਰ ਆ ਰਹੇ ਹਨ। ਸਟੈਟਿਸਟਿਕਸ ਕੈਨੇਡਾ ਦੇ ਅੰਕੜੇ ਭਾਵੇਂ ਮਕਾਨ ਕੀਮਤਾਂ ਵਿੱਚ ਕਮੀ ਵੱਲ ਇਸ਼ਾਰਾ ਕਰ ਰਹੇ ਹਨ ਪਰ ਐਟਲਾਂਟਿਕ ਕੈਨੇਡਾ ਵਿੱਚ ਪਿਛਲੇ 30 ਦਿਨ ਦੌਰਾਨ ਮਕਾਨ 28,833 ਡਾਲਰ (7.5%) ਮਹਿੰਗੇ ਹੋ ਗਏ। ਪ੍ਰਿੰਸ ਐਡਵਰਡ ਆਇਲੈਂਡ ਵਿੱਚ 28,883 ਡਾਲਰ ਦਾ ਵਾਧਾ ਦਰਜ ਕੀਤਾ ਗਿਆ ਹੈ ਜਦਕਿ ਨੋਵਾ ਸਕੋਸ਼ੀਆ ਵਿੱਚ ਇੱਕ ਘਰ ਦੀ ਔਸਤ ਕੀਮਤ 23,026 ਡਾਲਰ (5.2%) ਵਧੀ ਅਤੇ ਨਿਊਫਾਊਂਡਲੈਂਡ ਵਿੱਚ 8,100 ਡਾਲਰ (2.3%) ਦਾ ਵਾਧਾ ਦਰਜ ਕੀਤਾ।



ਦੂਜੇ ਪਾਸੇ ਕੈਨੇਡਾ ਦੇ ਦੋ ਸਭ ਤੋਂ ਵੱਡੇ ਰੀਅਲ ਅਸਟੇਟ ਮਾਰਕੀਟ ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕੀਮਤਾਂ ਲਗਾਤਾਰ ਡਿੱਗ ਰਹੀਆਂ ਹਨ। ਓਨਟਾਰੀਓ ਵਿੱਚ ਇੱਕ ਮਕਾਨ ਦੀ ਔਸਤ ਕੀਮਤ ਵਿੱਚ 3,600 ਡਾਲਰ ਦੀ ਕਮੀ ਦਰਜ ਕੀਤੀ ਗਈ ਜਦਕਿ ਬ੍ਰਿਟਿਸ਼ ਕੋਲੰਬੀਆ ਵਿੱਚ ਮਕਾਨ 2,100 ਡਾਲਰ ਤੱਕ ਸਸਤੇ ਹੋਏ ਜਦਕਿ ਕੌਮੀ ਪੱਧਰ 'ਤੇ ਮਕਾਨ ਸਸਤੇ ਹੋਣ ਦਾ ਅੰਕੜਾ 24,700 ਡਾਲਰ ਦਰਜ ਕੀਤਾ ਗਿਆ। ਮੌਰਗੇਜ ਦਰਾਂ ਵਿੱਚ ਵਾਧਾ ਅਤੇ ਕੈਨੇਡੀਅਨ ਵਸੋਂ ਘਟਣ ਦੇ ਰੁਝਾਨ ਸਦਕਾ ਰੀਅਲ ਅਸਟੇਟ ਬਾਜ਼ਾਰ ਵਿੱਚ ਪਿਛਲੇ ਕੁਝ ਮਹੀਨੇ ਤੋਂ ਰੌਣਕਾਂ ਗਾਇਬ ਹਨ। ਕੈਨੇਡਾ ਮੌਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਦੇ ਡਿਪਟੀ ਚੀਫ਼ ਇਕੌਨੋਮਿਸਟ ਕੈਵਿਨ ਹਿਊਜ਼ ਦਾ ਕਹਿਣਾ ਹਾਊਸਿੰਗ ਮਾਰਕਿਟ ਸਮੇਂ ਦੀ ਮਾਰ ਝੱਲ ਰਹੀ ਹੈ।

(ਬਾਕੀ ਸਫ਼ਾ 27 'ਤੇ)

## ਕੈਨੇਡਾ 'ਚ ਅਰਜ਼ੀ ਭਰਨ ਤੋਂ 20 ਦਿਨਾਂ 'ਚ ਨਵਿਆਇਆ ਪਾਸਪੋਰਟ ਜਾਰੀ ਕੀਤਾ ਜਾਵੇਗਾ: ਲੈਨਾ ਡਿਆਗ




ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਲੋਕਾਂ ਨੂੰ ਪਾਸਪੋਰਟ ਨਵਿਆਉਣ ਲਈ ਹੁਣ ਲੰਮੀਆਂ ਕਤਾਰਾਂ ਵਿੱਚ ਨਹੀਂ ਖੜਨਾ ਪਏਗਾ ਅਤੇ ਨਾ ਹੀ ਮਹੀਨਿਆਂ ਦੀ ਉਡੀਕ ਮਗਰੋਂ ਪਾਸਪੋਰਟ ਮਿਲੇਗਾ। ਕੈਨੇਡਾ ਦੀ ਆਵਾਸ ਮੰਤਰੀ ਲੈਨਾ ਡਿਆਗ ਨੇ ਕਿਹਾ ਕਿ ਹੁਣ ਤੋਂ ਕੈਨੇਡਾ ਦਾ ਹਰੇਕ ਨਾਗਰਿਕ ਆਪਣਾ ਪਾਸਪੋਰਟ ਨਵਿਆਉਣ ਲਈ ਔਨਲਾਈਨ ਅਰਜ਼ੀ ਭਰ ਸਕਦਾ ਹੈ ਤੇ ਉਸ ਨੂੰ ਪਾਸਪੋਰਟ ਦਫ਼ਤਰ ਦੀਆਂ ਕਤਾਰਾਂ ਵਿੱਚ ਨਹੀਂ ਖੜ੍ਹਨਾ ਪਏਗਾ। ਮੰਤਰੀ ਨੇ ਦੱਸਿਆ ਕਿ ਕੋਈ ਵੀ ਕੈਨੇਡੀਅਨ ਨਾਗਰਿਕ, ਜਿਸ ਨੇ ਪਹਿਲਾਂ 16 ਸਾਲ ਦੀ ਉਮਰ ਤੋਂ ਬਾਅਦ ਪਾਸਪੋਰਟ ਬਣਾਇਆ ਹੋਵੇ ਅਤੇ ਪਿਛਲੇ 15 ਸਾਲ ਤੋਂ ਪਾਸਪੋਰਟ ਧਾਰਕ ਹੋਵੇ, ਉਹ ਔਨਲਾਈਨ ਅਰਜ਼ੀ ਭਰਨ ਦੇ ਯੋਗ ਹੈ। ਮੰਤਰੀ ਨੇ ਕਿਹਾ ਕਿ ਅਰਜ਼ੀ ਭਰਨ ਤੋਂ ਪਹਿਲਾਂ ਯੋਗ ਵਿਅਕਤੀ ਕੋਲ ਤਾਜ਼ਾ ਡਿਜੀਟਲ ਫੋਟੋ ਦੇ ਨਾਲ ਫੀਸ ਭਰਨ ਲਈ ਬੈਂਕ ਕਾਰਡ ਹੋਣਾ ਜ਼ਰੂਰੀ ਹੈ। ਹਾਲ ਦੀ ਘੜੀ ਔਨਲਾਈਨ ਅਰਜ਼ੀਆਂ ਦਾ ਰੋਜ਼ਾਨਾ ਕੋਟਾ 2000 ਨਿਰਧਾਰਿਤ ਕੀਤਾ ਗਿਆ ਹੈ, ਜਿਸ ਵਿੱਚ ਲੋੜ ਮੁਤਾਬਕ ਵਾਧਾ ਕੀਤਾ ਜਾ ਸਕਦਾ ਹੈ। ਮੰਤਰੀ ਨੇ ਕਿਹਾ ਕਿ ਅਰਜ਼ੀ ਭਰਨ ਤੋਂ 20 ਦਿਨਾਂ ਵਿੱਚ ਨਵਿਆਇਆ ਪਾਸਪੋਰਟ ਜਾਰੀ ਕੀਤਾ ਜਾਵੇਗਾ।

## ਗਲਾਸਗੋ ਰਾਸ਼ਟਰਮੰਡਲ ਖੇਡਾਂ-2026 ’ਚ ਭਾਰਤ ਦਾ ਸ਼ਾਨਦਾਰ ਪ੍ਰਦਰਸ਼ਨ

# ਭਾਰਤ 13 ਗੋਲਡ ਮੈਡਲ ਸਮੇਤ 39 ਤਮਗ਼ੇ ਜਿੱਤ ਕੇ ਚੌਥੇ ਸਥਾਨ ’ਤੇ ਰਿਹਾ

ਗਲਾਸਗੋ ’ਚ ਸਮਾਪਤ ਹੋਈਆਂ ਰਾਸ਼ਟਰਮੰਡਲ ਖੇਡਾਂ ’ਚ ਭਾਰਤੀ ਦਲ ਨੇ ਉਮੀਦਾਂ ਤੋਂ ਵੱਧ ਪ੍ਰਦਰਸ਼ਨ ਕੀਤਾ। ਭਾਵੇਂ ਅਸੀਂ ਪਿਛਲੀਆਂ ਖੇਡਾਂ ਜਿੰਨੇ ਤਗਮੇ ਨਹੀਂ ਜਿੱਤ ਸਕੇ ਪਰ ਇਨ੍ਹਾਂ ਖੇਡਾਂ ’ਚ ਜਿੱਤੇ 39 ਤਗਮੇ ਇਹ ਦਰਸਾਉਂਦੇ ਹਨ ਕਿ ਭਾਰਤੀ ਟੀਮ ਹੁਣ ਤਗਮੇ ਲਈ ਕਿਸੇ ਇੱਕ ਖੇਡ ’ਤੇ ਨਿਰਭਰ ਨਹੀਂ ਹੈ। ਇਸ ਵਾਰ ਰਾਸ਼ਟਰਮੰਡਲ ਖੇਡਾਂ ’ਚ ਸਿਰਫ਼ 10 ਖੇਡਾਂ ਹੀ ਸ਼ਾਮਲ ਸਨ, ਜਦਕਿ ਪਿਛਲੀ ਵਾਰ ਇਸ ’ਚ ਕੁੱਲ 19 ਖੇਡਾਂ ਸਨ। ਇਸ ਵਾਰ ਰਾਸ਼ਟਰਮੰਡਲ ਖੇਡਾਂ ’ਚ ਕ੍ਰਿਕਟ, ਬੈਡਮਿੰਟਨ, ਹਾਕੀ, ਨਿਸ਼ਾਨੇਬਾਜ਼ੀ, ਸਕੁਐਸ਼, ਟੇਬਲ ਟੈਨਿਸ ਤੇ ਕੁਸ਼ਤੀ ਵਰਗੀਆਂ ਖੇਡਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ।

ਬਰਮਿੰਘਮ 2022 ’ਚ ਭਾਰਤ ਨੇ ਇਨ੍ਹਾਂ ਖੇਡਾਂ ’ਚ 30 ਤਗਮੇ ਜਿੱਤੇ ਸਨ। ਬਰਮਿੰਘਮ 2022 ’ਚ 210 ਐਥਲੀਟਾਂ ਨੇ ਭਾਰਤ ਦੀ ਨੁਮਾਇੰਦਗੀ ਕੀਤੀ ਸੀ, ਜਦਕਿ ਕੁੱਲ 125 ਐਥਲੀਟ ਗਲਾਸਗੋ ਗਏ ਸਨ। ਅਜਿਹੇ ’ਚ ਇਸ ਵਾਰ ਦਾ ਪ੍ਰਦਰਸ਼ਨ ਸ਼ਾਨਦਾਰ ਮੰਨਿਆ ਜਾ ਸਕਦਾ ਹੈ।




ਗਲਾਸਗੋ ’ਚ ਮੁੱਕੇਬਾਜ਼ੀ ’ਚ 7 ਸੋਨ ਸਮੇਤ ਭਾਰਤ ਲਈ ਸਭ ਤੋਂ ਵੱਧ 10 ਤਗਮੇ ਆਏ, ਜਦਕਿ ਅਥਲੈਟਿਕਸ ’ਚ ਵੀ ਅਸੀਂ ਕੁੱਲ 10 ਤਗਮੇ ਜਿੱਤੇ। ਅਸੀਂ ਵੇਟ ਲਿਫਟਿੰਗ ’ਚ 8, ਜੂਡੋ ’ਚ 4 ਤੇ ਪੈਰਾ ਖੇਡਾਂ ’ਚ ਕੁੱਲ 7 ਤਗਮੇ ਜਿੱਤੇ। ਅਸੀਂ ਕਲਾਤਮਕ ਜਿਮਨਾਸਟਿਕ, ਟਰੈਕ ਸਾਈਕਲਿੰਗ, ਲਾਅਨ ਬਾਊਲ ਤੇ ਤੈਰਾਕੀ ’ਚ ਖਾਲੀ ਹੱਥ ਰਹੇ, ਜਦਕਿ ਨੈੱਟਬਾਲ ਤੇ ਬਾਸਕਟਬਾਲ ’ਚ ਸਾਡੇ ਦੇਸ਼ ਦਾ ਕੋਈ ਵੀ ਖਿਡਾਰੀ ਰਾਸ਼ਟਰਮੰਡਲ ਖੇਡਾਂ ’ਚ ਨਹੀਂ ਗਿਆ। ਸਾਡੇ ਕੋਲ ਯਕੀਨੀ ਤੌਰ ’ਤੇ ਬਾਸਕਟਬਾਲ ਦੇ ਮਹਿਲਾ ਵ੍ਹੀਲਚੇਅਰ ਈਵੈਂਟ ’ਚ ਇੱਕ ਟੀਮ ਸੀ ਪਰ ਇਹ ਟੀਮ ਇੱਕ ਵੀ ਮੈਚ ਜਿੱਤੇ ਬਿਨਾਂ ਪਹਿਲੇ ਪੜਾਅ ਤੋਂ ਬਾਹਰ ਹੋ ਗਈ।

32 ਮੈਂਬਰੀ ਐਥਲੈਟਿਕਸ ਦਲ ’ਚ ਸਰਵੇਸ਼ ਕੁਸ਼ਾਰੇ (ਉੱਚੀ ਛਾਲ), ਗੁਲਵੀਰ ਸਿੰਘ (10,000 ਮੀਟਰ), ਸ੍ਰੀਸ਼ੰਕਰ ਮੁਰਲੀ (ਲੰਬੀ ਛਾਲ), ਨੀਰਜ ਚੋਪੜਾ (ਜੈਵਲਿਨ ਥਰੋਅ), (ਬਾਕੀ ਸ਼ਫ਼ਾ 26 ’ਤੇ)

## ਆਸਟ੍ਰੇਲੀਆ 171 ਤਮਗ਼ੇ ਜਿੱਤ ਕੇ ਪਹਿਲੇ ਸਥਾਨ ’ਤੇ ਰਿਹਾ

ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿੱਚ, ਜੋ ਕਿ 11 ਦਿਨਾਂ ਤੱਕ ਚੱਲੀਆਂ, ਭਾਰਤ ਮੈਡਲ ਸੂਚੀ ਵਿੱਚ ਚੌਥੇ ਸਥਾਨ ’ਤੇ ਰਿਹਾ, ਆਸਟ੍ਰੇਲੀਆ, ਇੰਗਲੈਂਡ ਅਤੇ ਕੈਨੇਡਾ ਤੋਂ ਪਿੱਛੇ ਰਿਹਾ। ਆਸਟ੍ਰੇਲੀਆ ਨੇ 15ਵੀਂ ਵਾਰ ਮੈਡਲ ਸੂਚੀ ਵਿੱਚ ਸਿਖਰਲਾ ਸਥਾਨ ਹਾਸਲ ਕੀਤਾ, ਕੁੱਲ 171 ਤਗਮੇ ਜਿੱਤੇ, ਜਿਨ੍ਹਾਂ ਵਿੱਚ 70 ਸੋਨ, 45 ਚਾਂਦੀ ਅਤੇ 56 ਕਾਂਸੀ ਸ਼ਾਮਲ ਹਨ। ਇੰਗਲੈਂਡ 110 ਤਗਮਿਆਂ (29 ਸੋਨ, 45 ਚਾਂਦੀ ਅਤੇ 36 ਕਾਂਸੀ) ਨਾਲ ਦੂਜੇ ਸਥਾਨ ’ਤੇ ਰਿਹਾ ਅਤੇ ਕੈਨੇਡਾ 62 ਤਗਮਿਆਂ (19 ਸੋਨ, 20 ਚਾਂਦੀ ਅਤੇ 23 ਕਾਂਸੀ) ਨਾਲ ਤੀਜੇ ਸਥਾਨ ’ਤੇ ਰਿਹਾ।

**ਭਾਰਤ ਨੇ 2010 ਵਿੱਚ ਕੀਤਾ ਸੀ ਕਮਾਲ**

ਭਾਰਤ ਨੇ 2010 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ, ਜੋ ਨਵੀਂ ਦਿੱਲੀ ਵਿੱਚ ਹੋਈਆਂ ਸਨ, ਜਿੱਥੇ ਭਾਰਤੀ ਖਿਡਾਰੀਆਂ ਨੇ ਘਰੇਲੂ ਹਾਲਾਤਾਂ ਦਾ ਫਾਇਦਾ ਉਠਾ ਕੇ 101 ਤਗਮੇ ਜਿੱਤੇ, ਜਿਨ੍ਹਾਂ ਵਿੱਚ 38 ਸੋਨ, 27 ਚਾਂਦੀ ਅਤੇ 36 ਕਾਂਸੀ ਸ਼ਾਮਲ ਸਨ। ਇਹ ਕਿਸੇ ਇੱਕ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਹੈ।

**ਗੋਲਡ ਕੋਸਟ ਰਾਸ਼ਟਰਮੰਡਲ ਖੇਡਾਂ**

2018 ਦੀਆਂ ਰਾਸ਼ਟਰਮੰਡਲ ਖੇਡਾਂ ਗੋਲਡ ਕੋਸਟ ਵਿੱਚ ਹੋਈਆਂ ਸਨ। ਭਾਰਤ ਨੇ ਕੁੱਲ 66 ਤਗਮੇ ਜਿੱਤੇ ਸਨ। ਭਾਰਤ ਨੇ ਗੋਲਡ ਕੋਸਟ ਵਿੱਚ 26 ਸੋਨੇ ਦੇ ਤਗਮੇ, 20 ਚਾਂਦੀ ਦੇ ਤਗਮੇ ਅਤੇ 20 ਕਾਂਸੀ ਦੇ ਤਗਮੇ ਜਿੱਤੇ ਸਨ। ਇਹ ਕਿਸੇ ਇੱਕ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਦਾ ਦੂਜਾ ਸਭ ਤੋਂ ਵਧੀਆ ਪ੍ਰਦਰਸ਼ਨ ਸੀ।

# 2030 ’ਚ ਅਹਿਮਦਾਬਾਦ ’ਚ ਹੋਣਗੀਆਂ ਸ਼ਤਾਬਦੀ ਰਾਸ਼ਟਰਮੰਡਲ ਖੇਡਾਂ

ਗਲਾਸਗੋ: ਸਕਾਟਲੈਂਡ ਦੇ ਗਲਾਸਗੋ ਵਿੱਚ ਆਯੋਜਿਤ 23ਵੀਆਂ ਰਾਸ਼ਟਰਮੰਡਲ ਖੇਡਾਂ 2030 ਵਿੱਚ ਭਾਰਤ ਦੇ ਅਹਿਮਦਾਬਾਦ ਵਿੱਚ ਦੁਬਾਰਾ ਮਿਲਣ ਦੇ ਵਾਅਦੇ ਨਾਲ ਪਿਛਲੇ ਦਿਨੀਂ ਅਧਿਕਾਰਤ ਤੌਰ ’ਤੇ ਸਮਾਪਤ ਹੋਈਆਂ। ਸੋਨ ਤਗਮਾ ਜੇਤੂ ਮੁੱਕੇਬਾਜ਼ ਜੈਸਮੀਨ ਲੰਬੋਰੀਆ ਨੇ ਸਮਾਪਤੀ ਸਮਾਰੋਹ ਵਿੱਚ ਭਾਰਤੀ ਦਲ ਦੀ ਅਗਵਾਈ ਕੀਤੀ। ਗਲਾਸਗੋ ਦੇ ‘ਦ ਹਾਈਡਰੋ’ ਵਿਖੇ ਹੋਏ ਇਸ ਸਮਾਗਮ ਦੌਰਾਨ, 2030 ਲਈ ਮੇਜ਼ਬਾਨ ਦੇਸ਼, ਭਾਰਤ ਨੂੰ ਅਧਿਕਾਰਤ ਰਾਸ਼ਟਰਮੰਡਲ ਖੇਡਾਂ ਦਾ ਝੰਡਾ ਸੌਂਪਿਆ ਗਿਆ। ਇਹ ਦੂਜੀ ਵਾਰ ਹੋਵੇਗਾ ਜਦੋਂ ਭਾਰਤ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰੇਗਾ। ਸਾਲ 2010 ਵਿੱਚ ਰਾਜਧਾਨੀ ਨਵੀਂ ਦਿੱਲੀ ਨੇ 19ਵੀਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। 20 ਸਾਲ ਬਾਅਦ, ਅਹਿਮਦਾਬਾਦ (ਗੁਜਰਾਤ) ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਕਰਨ ਵਾਲਾ ਦੂਜਾ ਭਾਰਤੀ ਸ਼ਹਿਰ ਬਣ ਜਾਵੇਗਾ।

**ਹੈਂਡਓਵਰ ਸੈਰੇਮਨੀ ’ਚ ਦਿਸੀ ਭਾਰਤੀ ਸੱਭਿਆਚਾਰ ਤੇ ਪਰੰਪਰਾ ਦੀ ਝਲਕ**

ਝੰਡਾ ਸੌਂਪਣ ਸਮਾਰੋਹ ਦੌਰਾਨ




ਭਾਰਤ ਦੇ ਸਟਾਰ ਐਥਲੀਟ ਨੀਰਜ ਚੋਪੜਾ, ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਪੀ.ਟੀ. ਊਸ਼ਾ ਅਤੇ ਗੁਜਰਾਤ ਦੇ ਮੰਤਰੀ ਹਰਸ਼ ਸੰਘਵੀ ਸਟੇਜ ’ਤੇ ਮੌਜੂਦ ਸਨ।

ਰਾਸ਼ਟਰਮੰਡਲ ਖੇਡ ਫੈਡਰੇਸ਼ਨ ਦੇ ਪ੍ਰਧਾਨ ਡਾ. ਡੋਨਾਲਡ ਰੁਕਰੇ ਨੇ ਨੀਰਜ ਚੋਪੜਾ ਨੂੰ ਝੰਡਾ ਸੌਂਪਿਆ। ਇਸ ਤੋਂ ਬਾਅਦ ਸਟੇਜ ’ਤੇ ਭਾਰਤੀ ਸੱਭਿਆਚਾਰ ਦੀ ਇੱਕ ਝਲਕ ਦਿਖਾਈ ਗਈ, ਜਿਸ ਦੇ ਨਾਲ ‘ਵੰਦੇ ਮਾਤਰਮ’ ਦਾ ਜੈਕਾਰਾ ਵੀ ਗੂੰਜਿਆ।

ਸਾਬਕਾ ਮਿਸ ਵਰਲਡ ਮਾਨੁਸ਼ੀ ਛਿੱਲਰ ਨੇ ਨਾਚ ਮੰਡਲੀ ਦੀ ਅਗਵਾਈ ਕੀਤੀ। ਵੱਖ-ਵੱਖ ਭਾਰਤੀ ਰਾਜਾਂ ਦੇ ਰਵਾਇਤੀ ਪਹਿਰਾਵੇ ਵਿੱਚ ਸਜੇ ਕਲਾਕਾਰਾਂ ਨੇ ਸ਼ਾਸਤਰੀ ਅਤੇ ਲੋਕ ਨਾਚ ਪੇਸ਼ ਕੀਤੇ। ‘ਵੰਦੇ ਮਾਤਰਮ’ ਦੇ ਨਾਲ, ‘ਵਸੁਧੈਵ ਕੁਟੁੰਬਕਮ’ (ਦੁਨੀਆ ਇੱਕ ਪਰਿਵਾਰ ਹੈ) ਦਾ ਸੰਦੇਸ਼ ਦਿੱਤਾ ਗਿਆ। ਭਾਰਤ ਦੀ ਧਾਰਮਿਕ ਆਸਥਾ ਨੂੰ ਵੀ ਸਟੇਜ ’ਤੇ ਪ੍ਰਦਰਸ਼ਿਤ ਕੀਤਾ ਗਿਆ, ਜਿਸ ਵਿੱਚ ਕਲਾਕਾਰਾਂ ਨੇ ‘ਸ਼ਿਵ ਤਾਂਡਵ ਸਟੋਤਰਮ’ ਦਾ ਪਾਠ ਕੀਤਾ।

**ਅਹਿਮਦਾਬਾਦ ’ਚ ਮਨਾਇਆ ਜਾਵੇਗਾ 100 ਸਾਲ ਦਾ ਜਸ਼ਨ**

24ਵੀਆਂ ਰਾਸ਼ਟਰਮੰਡਲ ਖੇਡਾਂ 2030 ਵਿੱਚ ਗੁਜਰਾਤ ਦੇ ਅਹਿਮਦਾਬਾਦ ਵਿੱਚ ਆਯੋਜਿਤ ਕੀਤੀਆਂ ਜਾਣਗੀਆਂ ਕਿਉਂਕਿ ਇਹ ਸਮਾਗਮ ਰਾਸ਼ਟਰਮੰਡਲ ਖੇਡਾਂ ਦੇ 100 ਸਾਲ ਪੂਰੇ ਹੋਣ ਦੀ ਨਿਸ਼ਾਨਦੇਹੀ ਕਰਦਾ ਹੈ, (ਬਾਕੀ ਸ਼ਫ਼ਾ 26 ’ਤੇ)

## ਬ੍ਰੈਂਪਟਨ ਵਿਖੇ ਪਹਿਲੀਆਂ ‘ਓਨਟਾਰੀਓ ਸਿੱਖ ਗੇਮਜ਼’ ਦਾ ਸਫ਼ਲ ਆਯੋਜਨ; ਨੌਜਵਾਨਾਂ ਨੇ ਦਿਖਾਇਆ ਉਤਸ਼ਾਹ




ਬ੍ਰੈਂਪਟਨ (ਕੈਨੇਡਾ): ਬ੍ਰੈਂਪਟਨ ਦੇ ‘ਬ੍ਰੈਂਪਟਨ ਸਾਕਰ ਸੈਂਟਰ’ ਅਤੇ ‘ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ’ ਵਿਖੇ ਬੀਤੇ ਵੀਕਐਂਡ ਓਨਟਾਰੀਓ ਦੀਆਂ ਪਹਿਲੀਆਂ ’ਸਿੱਖ ਗੇਮਜ਼’ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ’ਓਨਟਾਰੀਓ ਗੁਰਦੁਆਰਾਜ਼ ਕਮੇਟੀ’ ਵੱਲੋਂ 31 ਜੁਲਾਈ ਤੋਂ 3 ਅਗਸਤ, 2026 ਤੱਕ ਕਰਵਾਈਆਂ ਗਈਆਂ ਇਹਨਾਂ ਖੇਡਾਂ ਵਿੱਚ ਵੱਡੀ ਗਿਣਤੀ ਵਿੱਚ ਖਿਡਾਰੀਆਂ ਅਤੇ ਦਰਸ਼ਕਾਂ ਨੇ ਭਾਗ ਲਿਆ।

ਇਸ ਚਾਰ ਦਿਨਾ ਖੇਡ ਮੇਲੇ ਦਾ ਮੁੱਖ ਮਕਸਦ ਨੌਜਵਾਨਾਂ ਵਿੱਚ ਖੇਡ ਭਾਵਨਾ, ਲੀਡਰਸ਼ਿਪ ਅਤੇ ਆਪਸੀ ਸਾਂਝ ਨੂੰ ਵਧਾਵਾ ਦੇਣਾ ਸੀ। ਇਹਨਾਂ ਖੇਡਾਂ ਵਿੱਚ ਰਵਾਇਤੀ ਅਤੇ ਆਧੁਨਿਕ ਖੇਡਾਂ ਦਾ ਵਧੀਆ ਸੁਮੇਲ ਦੇਖਣ ਨੂੰ ਮਿਲਿਆ, ਜਿਸ ਵਿੱਚ ਸ਼ਾਮਲ ਸਨ:

ਸਾਕਰ (ਫੁੱਟਬਾਲ): ਅੰਡਰ-8, ਅੰਡਰ-15, ਓਪਨ ਅਤੇ 40+ ਸ਼੍ਰੇਣੀਆਂ

ਕਬੱਡੀ: ਅੰਡਰ-21 ਅਤੇ ਲੜਕੀਆਂ ਦੇ ਵਿਸ਼ੇਸ਼ ਮੁਕਾਬਲੇ

ਹੋਰ ਖੇਡਾਂ: ਗੱਤਕਾ (ਸਿੱਖ ਯੁੱਧ ਕਲਾ), ਵਾਲੀਬਾਲ, ਫੀਲਡ ਹਾਕੀ, ਬਾਸਕਟਬਾਲ, ਵੇਟਲਿਫਟਿੰਗ ਅਤੇ 5 ਕਿਲੋਮੀਟਰ ਦੌੜ।

ਇਹ ਖੇਡਾਂ ਓਨਟਾਰੀਓ ਦੇ ਪੱਕੇ ਵਸਨੀਕ ਸਿੱਖ ਖਿਡਾਰੀਆਂ (ਬਾਕੀ ਸ਼ਫ਼ਾ 27 ’ਤੇ)

# ਕੁਦਰਤ ਦੇ ਕਹਿਰ ਵਿਚਾਲੇ ‘ਸਰਬੱਤ ਦੇ ਭਲੇ’ ਦੀ ਮੁਹਿੰਮ

## 50 ਸਿੱਖ ਪਰਿਵਾਰਾਂ ਨੇ ਖੋਲ੍ਹੇ ਗੁਰਦੁਆਰੇ ਦੇ ਦਰਵਾਜ਼ੇ, ਰੋਜ਼ ਬਣ ਰਿਹਾ 2000 ਲੋਕਾਂ ਲਈ ਲੰਗਰ

ਅਸਾਮ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਨੇ ਇੱਕ ਵਾਰ ਫਿਰ ਕੁਦਰਤ ਦੇ ਕਹਿਰ ਅਤੇ ਇਸ ਨਾਲ ਹੋਣ ਵਾਲੀ ਭਿਆਨਕ ਤਬਾਹੀ ਦੀ ਦਰਦਨਾਕ ਤਸਵੀਰ ਦੇਸ਼ ਦੇ ਸਾਹਮਣੇ ਲਿਆ ਖੜ੍ਹੀ ਕੀਤੀ ਹੈ। ਲਗਾਤਾਰ ਪੈ ਰਹੇ ਮੂਸਲਾਧਾਰ ਮੀਂਹ ਅਤੇ ਨਦੀਆਂ ਦੇ ਉਛਾਲ ਕਾਰਨ ਸੂਬੇ ਦੇ ਕਈ ਜ਼ਿਲ੍ਹੇ ਪੂਰੀ ਤਰ੍ਹਾਂ ਜਲ-ਥਲ ਹੋ ਚੁੱਕੇ ਹਨ। ਸਰਕਾਰੀ ਅੰਕੜਿਆਂ ਮੁਤਾਬਕ ਹੁਣ ਤੱਕ 75 ਤੋਂ ਵੱਧ ਕੀਮਤੀ ਜਾਨਾਂ ਜਾ ਚੁੱਕੀਆਂ ਹਨ ਅਤੇ 3.32 ਲੱਖ ਤੋਂ ਵੱਧ ਲੋਕ ਬੇਘਰ ਹੋ ਕੇ ਆਪਣੀਆਂ ਛੱਤਾਂ ਅਤੇ ਬੁਨਿਆਦੀ ਲੋੜਾਂ ਤੋਂ ਵਾਂਝੇ ਹੋ ਗਏ ਹਨ। ਲਗਭਗ 622 ਤੋਂ ਵੱਧ ਪਿੰਡ ਪਾਣੀ ਵਿੱਚ ਡੁੱਬੇ ਹੋਏ ਹਨ। ਅਜਿਹੇ ਗੰਭੀਰ ਸੰਕਟ ਦੇ ਸਮੇਂ ਜਦੋਂ ਪ੍ਰਸ਼ਾਸਨਿਕ ਮਦਦ ਵਿਸ਼ਾਲ ਖੇਤਰਾਂ ਤੱਕ ਪਹੁੰਚਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਉੱਥੇ ਹੀ ਸਿਵਾਸਾਗਰ ਦੇ ‘ਗੁਰਦੁਆਰਾ ਸਾਹਿਬ’ ਅਤੇ ‘ਸਿੱਖ ਰਾਈਡਰਜ਼’ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਆਸ ਅਤੇ ਇਨਸਾਨੀਅਤ ਦੀ ਇੱਕ ਬੇਮਿਸਾਲ ਕਿਰਨ ਬਣ ਕੇ ਸਾਹਮਣੇ ਆਈ ਹੈ। ਸੇਵਾ ਭਾਵਨਾ ਅਤੇ ਭਾਈਚਾਰਕ ਸਾਂਝ ਦੀ ਮਿਸਾਲ : ਸਿਵਾਸਾਗਰ ਵਿੱਚ ਰਹਿਣ ਵਾਲੇ ਮਾਤਰ 50 ਸਿੱਖ ਪਰਿਵਾਰਾਂ ਦੁਆਰਾ ਪ੍ਰਬੰਧਿਤ ‘ਸਿਵਾਸਾਗਰ



ਗੁਰਦੁਆਰਾ ਸਾਹਿਬ’ ਨੇ ਇਸ ਬਿਪਤਾ ਦੀ ਘੜੀ ਵਿੱਚ ਆਪਣੇ ਦਰਵਾਜ਼ੇ ਸਭ ਲਈ ਖੋਲ੍ਹ ਦਿੱਤੇ ਹਨ। ਕਿਸੇ ਵੀ ਧਰਮ, ਜਾਤ ਜਾਂ ਭਾਈਚਾਰੇ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਗੁਰਦੁਆਰਾ ਸਾਹਿਬ ਨੇ ਲਗਭਗ 200 ਪੀੜਤ ਪਰਿਵਾਰਾਂ ਨੂੰ ਸ਼ਰਨ ਦਿੱਤੀ ਹੈ ਅਤੇ ਰੋਜ਼ਾਨਾ 1,500 ਤੋਂ 2,000 ਤੱਕ ਜ਼ਰੂਰਤਮੰਦਾਂ ਨੂੰ ਤਾਜ਼ਾ ਲੰਗਰ ਛਕਾਇਆ ਜਾ ਰਿਹਾ ਹੈ। ਸਿਰਫ਼ ਭੋਜਨ ਹੀ ਨਹੀਂ, ਸਗੋਂ ਬਿਜਲੀ ਦਾ ਪ੍ਰਬੰਧ ਠੱਪ ਹੋਣ ’ਤੇ ਜਨਰੇਟਰ, ਮੋਬਾਈਲ ਚਾਰਜਿੰਗ ਅਤੇ ਪੱਖਿਆਂ ਦੀ ਸੁਵਿਧਾ ਮੁਹੱਈਆ ਕਰਵਾ ਕੇ ਪ੍ਰਬੰਧਕਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ‘ਸਰਬੱਤ ਦੇ ਭਲੇ’ ਦੀ ਅਰਦਾਸ ਸਿਰਫ਼ ਸ਼ਬਦਾਂ ਤੱਕ ਸੀਮਤ ਨਹੀਂ, ਸਗੋਂ ਇਸ ਨੂੰ ਅਮਲੀ ਜਾਮਾ ਪਹਿਨਾਉਣਾ ਹੀ ਅਸਲ ਧਰਮ ਹੈ।

ਇਸ ਸਰਬੱਤ ਦੇ ਭਲੇ ਦੀ ਰਾਹਤ ਮੁਹਿੰਮ ਦੀ ਸਭ ਤੋਂ ਸੁੰਦਰ ਗੱਲ ਇਹ ਹੈ ਕਿ ਇਸ ਵਿੱਚ ਸਥਾਨਕ ਮਾਰਵਾੜੀ ਭਾਈਚਾਰਾ, ਹੋਰ ਸਮਾਜਿਕ ਸੰਸਥਾਵਾਂ ਅਤੇ ਆਮ ਨਾਗਰਿਕ ਵੀ ਰਾਸ਼ਨ ਤੇ ਜ਼ਰੂਰੀ ਸਾਮਾਨ ਦੇ ਕੇ ਪੂਰਾ ਸਹਿਯੋਗ ਪਾ ਰਹੇ ਹਨ। ਇਹ ਸਾਂਝ ਸਾਡੇ ਸਿਖ ਪੰਥ ਦੀ ‘ਸਾਂਝੀਵਾਲਤਾ’ ਅਤੇ ਮੁਸੀਬਤ ਸਮੇਂ ਇੱਕ-ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦੀ ਪਰੰਪਰਾ ਨੂੰ ਮਜ਼ਬੂਤ ਕਰਦੀ ਹੈ।

**ਪ੍ਰਸ਼ਾਸਨਿਕ ਢਾਂਚੇ ’ਤੇ ਉੱਠਦੇ ਗੰਭੀਰ ਸਵਾਲ**

ਹਾਲਾਂ ਕਿ, ਇਹ ਸਥਿਤੀ ਜਿੱਥੇ ਸਮਾਜਿਕ ਸੇਵਾ ਦਾ ਉੱਤਮ ਨਮੂਨਾ ਹੈ, ਉੱਥੇ ਹੀ ਇਹ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਦੇ ਇੰਤਜ਼ਾਮਾਂ ’ਤੇ ਵੀ ਗੰਭੀਰ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ।

# ‘ਧਰਨਾਲੈਂਡ’ ਨਾ ਬਣ ਜਾਵੇ ਪੰਜਾਬ!



## ਸਾਵਣ ਮਹੀਨੇ ਸ਼ੁਰੂ ਹੋਈ ਹੜਤਾਲਾਂ ਅਤੇ ਧਰਨਿਆਂ ਦੀ ਰੁੱਤ

## ਆਮ ਲੋਕਾਂ ਦੀ ਪ੍ਰੇਸ਼ਾਨੀ ਦਾ ਵੀ ਧਿਆਨ ਰੱਖਣ ਧਰਨਾਕਾਰੀ ਜਥੇਬੰਦੀਆਂ

ਅੰਮ੍ਰਿਤਸਰ ਟਾਈਮਜ਼ ਬਿਊਰੋ

**ਪੰਜਾਬ ਦੀ ਪਹਿਚਾਣ ਇਸ ਦੇ ਮਿਹਨਤੀ ਲੋਕਾਂ, ਭਾਈਚਾਰਕ ਸਾਂਝ, ਖੇਤੀਬਾੜੀ, ਉਦਯੋਗ ਅਤੇ ਵਪਾਰ ਨਾਲ ਪੂਰੇ ਵਿਸ਼ਵ ਵਿੱਚ ਬਣੀ ਹੋਈ ਹੈ ਪਰ ਜਦੋਂ ਕੁਝ ਜਥੇਬੰਦੀਆਂ, ਯੂਨੀਅਨਾਂ ਅਤੇ ਸੰਗਠਨਾਂ ਵੱਲੋਂ ਠੱਪ ਕੀਤੀ ਜਾਂਦੀ ਰੇਲ ਅਤੇ ਸੜਕ ਆਵਾਜਾਈ ਨਾਲ ਆਮ ਲੋਕ ਵੱਡੇ ਪੱਧਰ ’ਤੇ ਤੰਗ ਪ੍ਰੇਸ਼ਾਨ ਹੋਣ ਲੱਗ ਪੈਣ ਤਾਂ ਇਹਨਾਂ ਅੰਦੋਲਨਾਂ ਦੀ ਸਫਲਤਾ ’ਤੇ ਸਵਾਲ ਉੱਠਣੇ ਸ਼ੁਰੂ ਹੋ ਜਾਂਦੇ ਹਨ। ਪੰਜਾਬ ਵਿੱਚ ਤਾਂ ਨਿੱਕੀ ਜਿਹੀ ਗੱਲ ’ਤੇ ਆਵਾਜਾਈ ਠੱਪ ਕਰਨ ਅਤੇ ਧਰਨੇ ਲਗਾਉਣ ਦਾ ਰਿਵਾਜ ਪੈ ਗਿਆ ਹੈ, ਹਰ ਦਿਨ ਵਾਂਗ ਪੰਜਾਬ ਦੇ ਕਿਸੇ ਨਾ ਕਿਸੇ ਇਲਾਕੇ ਵਿੱਚ ਕੋਈ ਨਾ ਕੋਈ ਜਥੇਬੰਦੀ ਸੜਕ ਜਾਂ ਰੇਲ ਆਵਾਜਾਈ ਠੱਪ ਕਰ ਦਿੰਦੀ ਹੈ, ਜਿਸ ਨਾਲ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ ਪਰ ਇਸ ਕਾਰਵਾਈ ਨਾਲ ਸਿਰਫ਼ ਆਮ ਲੋਕ ਖੱਜਲ ਖੁਆਰ ਹੁੰਦੇ ਹਨ, ਜੋ ਕਿ ਪਾਣੀ ਪੀ ਪੀ ਕੇ ਧਰਨਾਕਾਰੀਆਂ ਅਤੇ ਆਵਾਜਾਈ ਠੱਪ ਕਰਨ ਵਾਲਿਆਂ ਨੂੰ ਕੋਸਦੇ ਹਨ।**

ਭਾਰਤ ਵਿੱਚ ਲੋਕਤੰਤਰ ਦੀ ਸੰਘੀ ਸੰਸਦੀ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ ਅਤੇ ਲੋਕਤੰਤਰ ਵਿੱਚ ਹਰ ਨਾਗਰਿਕ ਅਤੇ ਸੰਗਠਨ ਨੂੰ ਆਪਣੀ ਆਵਾਜ਼ ਉਠਾਉਣ ਅਤੇ ਸ਼ਾਂਤਮਈ ਵਿਰੋਧ ਕਰਨ ਦਾ ਅਧਿਕਾਰ ਮਿਲਿਆ ਹੋਇਆ ਹੈ। ਇਤਿਹਾਸ ਗਵਾਹ ਹੈ ਕਿ ਮੁਲਕ ਵਿੱਚ ਚੱਲੇ ਵੱਡੇ ਅੰਦੋਲਨਾਂ ਦੀ ਸ਼ੁਰੂਆਤ ‘ਪੰਜਾਬ’ ਤੋਂ ਹੀ ਹੋਈ। ਦੇਸ਼ ਦੇ ਆਜ਼ਾਦੀ ਅੰਦੋਲਨ ਵਿੱਚ ਵੀ ਸਭ ਤੋਂ ਵਧੇਰੇ ਕੁਰਬਾਨੀਆਂ ਪੰਜਾਬੀਆਂ ਨੇ ਹੀ ਦਿੱਤੀਆਂ, ਜਿਸ ਕਾਰਨ ਇਹ ਅੰਦੋਲਨ ਪੂਰਾ ਸਫ਼ਲ ਰਿਹਾ ਅਤੇ ਦੇਸ਼ ਵਾਸੀ ਅੱਜ ਆਜ਼ਾਦੀ ਦਾ ਆਨੰਦ ਮਾਣ ਰਹੇ ਹਨ। ਪੰਜਾਬ ਦੀ ਤਾਸੀਰ ਇਹ ਹੈ ਕਿ ਇਸ ਦੇ ‘ਜਾਇਆਂ’ ਨੂੰ ਕਿਸੇ ਅੰਦੋਲਨ ਕਰਨ ਲਈ ਤਿਆਰ ਨਹੀਂ ਕਰਨਾ ਪੈਂਦਾ ਕਿਉਂਕਿ ਪੰਜਾਬੀ ਤਾਂ ਹਰ ਸਮੇਂ ਆਪਣੇ ਹੱਕਾਂ ਲਈ ਹਰ ਅੰਦੋਲਨ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਜਦੋਂ ਪੰਜਾਬੀ ਕੋਈ ਅੰਦੋਲਨ ਸ਼ੁਰੂ ਕਰਦੇ ਹਨ ਤਾਂ ਪੂਰੀ ਦੁਨੀਆ ਉਸ ਸਮੇਂ ਹੈਰਾਨ ਹੋ ਜਾਂਦੀ ਹੈ ਕਿ ਅੰਦੋਲਨਕਾਰੀਆਂ ਲਈ ਤੁਰੰਤ ਹੀ ਲੰਗਰ, ਦੁੱਧ ਅਤੇ ਖਾਣ ਪੀਣ ਦੇ ਹਰ ਤਰ੍ਹਾਂ ਦੇ ਸਾਮਾਨ ਤੋਂ ਇਲਾਵਾ ਹੋਰ ਵੀ ਕਈ ਸਹੂਲਤਾਂ ਦੇਣ ਲਈ ਪੂਰੀ ਦੁਨੀਆ ਦੇ ਪੰਜਾਬੀ ਤੁਰੰਤ ਸਰਗਰਮ ਹੋ ਜਾਂਦੇ ਹਨ। ਕੁਝ ਸਾਲ ਪਹਿਲਾਂ ਦਿੱਲੀ ਦੀਆਂ ਬਰੂੰਹਾਂ ’ਤੇ ਚੱਲੇ ਕਿਸਾਨ ਅੰਦੋਲਨ ਦੌਰਾਨ ਵੀ ਵਿਸ਼ਵ ਭਰ ਵਿੱਚ ਵਸੇ ਪੰਜਾਬੀਆਂ ਨੇ ਅੰਦੋਲਨਕਾਰੀ ਕਿਸਾਨਾਂ ਦੀ ਤਨ, ਮਨ ਅਤੇ ਧਨ ਨਾਲ ਪੂਰੀ ਸਹਾਇਤਾ ਕੀਤੀ ਸੀ, ਜਿਸ ਕਾਰਨ ਪੂਰੇ ਵਿਸ਼ਵ ਦੇ ਲੋਕ ਹੈਰਾਨ ਹੋਏ ਸਨ ਅਤੇ ਅੰਤਰਰਾਸ਼ਟਰੀ ਮੀਡੀਆ ਵੱਲੋਂ ਇਸ ਕਿਸਾਨ ਅੰਦੋਲਨ ਨੂੰ ਪੂਰੀ ਕਵਰੇਜ ਵੀ ਦਿੱਤੀ ਗਈ ਸੀ। ਇਹ ਕਿਸਾਨ ਅੰਦੋਲਨ ਪੰਜਾਬੀਆਂ ਦੇ ਬੁਲੰਦ ਇਰਾਦਿਆਂ ਕਾਰਨ ਪੂਰੀ ਤਰ੍ਹਾਂ ਸਫ਼ਲ ਰਿਹਾ ਸੀ। ‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ’ ਅਖਾਣ ਮੁਤਾਬਿਕ ਪੰਜਾਬੀ ਤਾਂ ਹਰ ਸਮੇਂ ਅੰਦੋਲਨ ਕਰਨ ਲਈ ਤਿਆਰ ਰਹਿੰਦੇ ਹਨ। ‘ਕ੍ਰਾਂਤੀ’ ਤਾਂ ਪੰਜਾਬੀਆਂ ਦੇ ਖ਼ੂਨ ਵਿੱਚ ਰਚੀ ਹੋਈ ਹੈ। ਅੰਦੋਲਨਾਂ ਵਿੱਚ ਰੁੱਝੇ ਹੋਣ ਦੇ ਬਾਵਜੂਦ ਪੰਜਾਬੀ ਖੇਤਾਂ ਵਿੱਚ ਆਪਣੀਆਂ ਫਸਲਾਂ ਦੀ ਸੰਭਾਲ ਵੀ ਕਰ ਲੈਂਦੇ ਹਨ। ਇਹ ਪੰਜਾਬੀਆਂ ਦੀ ਸਖ਼ਤ ਮਿਹਨਤ ਅਤੇ ਸੰਘਰਸ਼ ਦਾ ਸਬੂਤ ਹੈ।

ਇਹ ਇੱਕ ਵੱਡੀ ਹਕੀਕਤ ਹੈ ਕਿ ਕਈ ਵਾਰ ਧਰਨਿਆਂ ਅਤੇ ਅੰਦੋਲਨਾਂ ਨੇ ਲੋਕਾਂ ਦੇ ਜਾਇਜ਼ ਹੱਕ ਦਿਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਪਰ ਜਦੋਂ ਇਹ ਵਿਰੋਧ ਪ੍ਰਦਰਸ਼ਨ ਆਮ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਅਤੇ ਵਿਕਾਸ ਦੀ ਰਫ਼ਤਾਰ ਨੂੰ ਰੋਕਣਾ ਸ਼ੁਰੂ ਕਰ ਦੇਣ ਤਾਂ ਇਸ ਦੇ ਨੁਕਸਾਨ ਬਾਰੇ ਵੀ ਸੋਚਣਾ ਜ਼ਰੂਰੀ ਹੋ ਜਾਂਦਾ ਹੈ।





ਇਹ ਸਤਰਾਂ ਲਿਖਣ ਸਮੇਂ ਪੰਜਾਬ ਵਿੱਚ ਸਫਾਈ ਸੇਵਕਾਂ ਦੀ ਹੜਤਾਲ ਚੱਲ ਰਹੀ ਹੈ। ਸਫਾਈ ਸੇਵਕਾਂ ਵੱਲੋਂ ਪਿਛਲੇ ਦਿਨੀਂ ‘ਪੰਜਾਬ ਬੰਦ’ ਦਾ ਸੱਦਾ ਵੀ ਦਿੱਤਾ ਗਿਆ ਸੀ, ਜਿਸ ਕਾਰਨ ਵੱਡੀ ਗਿਣਤੀ ਸ਼ਹਿਰਾਂ ਵਿੱਚ ਬਾਜ਼ਾਰ ਬੰਦ ਰਹੇ। ਸਫਾਈ ਸੇਵਕਾਂ ਦੀ ਹੜਤਾਲ ਕਾਰਨ ਪੰਜਾਬ ਦੇ ਹਰ ਇਲਾਕੇ ਵਿੱਚ ਹਰ ਪਾਸੇ ਕੂੜੇ ਦੇ ਢੇਰ ਨਜ਼ਰ ਆ ਰਹੇ ਹਨ ਅਤੇ ਬਰਸਾਤ ਪੈਣ ਕਾਰਨ ਸਥਿਤੀ ਹੋਰ ਵੀ ਬਦਤਰ ਹੋ ਗਈ ਹੈ, ਜਿਸ ਕਾਰਨ ਕਿਸੇ ਵੀ ਬਿਮਾਰੀ ਦੇ ਫ਼ੈਲਣ ਦਾ ਖਤਰਾ ਬਣ ਸਕਦਾ ਹੈ। ਸਫਾਈ ਸੇਵਕਾਂ ਤੋਂ ਇਲਾਵਾ ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਪਨ ਬੱਸ ਦੇ ਕੱਚੇ ਤੇ ਠੇਕਾ ਮੁਲਾਜ਼ਮ ਵੀ ਅਕਸਰ ਸਰਕਾਰੀ ਬੱਸਾਂ ਦਾ ਚੱਕਾ ਜਾਮ ਕਰਕੇ ਹੜਤਾਲ ’ਤੇ ਰਹਿੰਦੇ ਹਨ, ਜਿਸ ਕਾਰਨ ਸਰਕਾਰੀ ਬੱਸਾਂ ਵਿੱਚ ਸਫ਼ਰ ਕਰਨ ਵਾਲੇ ਲੋਕਾਂ ਨੂੰ ਬਹੁਤ ਖੱਜਲ ਖੁਆਰ ਹੋਣਾ ਪੈਂਦਾ ਹੈ। ਜਿਹੜੇ ਲੋਕਾਂ ਨੂੰ ਆਪਣੇ ਰੁਜ਼ਗਾਰ ਖਾਤਰ ਹਰ ਦਿਨ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਤੱਕ ਅਤੇ ਫਿਰ ਸ਼ਾਮ ਨੂੰ ਵਾਪਸੀ ਸਮੇਂ ਬੱਸਾਂ ਵਿੱਚ ਸਫ਼ਰ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ, ਉਹਨਾਂ ਲਈ ਸਰਕਾਰੀ ਬੱਸਾਂ ਦਾ ਚੱਕਾ ਜਾਮ ਹੋਣ ਕਾਰਨ ਬਹੁਤ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਬੱਸਾਂ ਬੰਦ ਹੋਣ ਕਾਰਨ ਇਹ ਲੋਕ ਆਪਣੀਆਂ ਡਿਊਟੀਆਂ ’ਤੇ ਸਮੇਂ ਸਿਰ ਨਹੀਂ ਪਹੁੰਚਦੇ, ਜਿਸ ਕਾਰਨ ਇਹਨਾਂ ਨੂੰ ਆਪਣੇ ‘ਬੌਸ’ ਤੋਂ ਬਹੁਤ ਕੁਝ ਸੁਣਨਾ ਪੈਂਦਾ ਹੈ। ਸਰਕਾਰੀ ਬੱਸਾਂ ਦਾ ਚੱਕਾ ਜਾਮ ਹੋਣ ਕਾਰਨ ਸਰਕਾਰ ਨੂੰ ਵੀ ਲੱਖਾਂ ਰੁਪਏ ਦਾ ਘਾਟਾ ਪੈਂਦਾ ਹੈ। ਕੁਝ ਦਿਨ ਪਹਿਲਾਂ ਬਿਜਲੀ ਮੁਲਾਜ਼ਮਾਂ, ਮਨਰੇਗਾ ਮੁਲਾਜ਼ਮਾਂ ਅਤੇ ਆਮ ਆਦਮੀ ਕਲੀਨਿਕਾਂ ਦੇ ਮੁਲਾਜ਼ਮਾਂ ਵੱਲੋਂ ਵੀ ਹੜਤਾਲਾਂ ਕੀਤੀਆਂ ਜਾ ਰਹੀਆਂ ਸਨ ਪਰ ਸਰਕਾਰ ਵੱਲੋਂ ਭਰੋਸਾ ਮਿਲਣ ਤੋਂ ਬਾਅਦ ਬਿਜਲੀ, ਮਨਰੇਗਾ ਅਤੇ ਆਮ ਆਦਮੀ ਕਲੀਨਿਕਾਂ ਦੇ ਮੁਲਾਜ਼ਮਾਂ ਵੱਲੋਂ ਹੜਤਾਲਾਂ ਸਮਾਪਤ ਕਰ ਦਿੱਤੀਆਂ ਗਈਆਂ ਅਤੇ ਇਹ ਮੁਲਾਜ਼ਮ ਆਪਣੇ ਕੰਮਾਂ ’ਤੇ ਪਰਤ ਆਏ। ਇਸ ਸਮੇਂ ਪੰਜਾਬ ਵਿੱਚ ਵੱਖ ਵੱਖ ਯੂਨੀਅਨਾਂ ਅਤੇ ਸੰਗਠਨ ਹੜਤਾਲਾਂ ਕਰ ਰਹੇ ਹਨ ਅਤੇ ਸਰਕਾਰ ’ਤੇ ਆਪਣੀਆਂ ਮੰਗਾਂ ਮਨਵਾਉਣ ਲਈ ਦਬਾਓ ਪਾ ਰਹੇ ਹਨ। ਹੁਣ ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਰਤ ਅਤੇ ਅਮਰੀਕਾ ਵਿਚਾਲੇ ਹੋਏ ਵਪਾਰ ਸਮਝੌਤੇ ਦੇ ਵਿਰੋਧ ਵਿੱਚ ਆਉਣ ਵਾਲੀ 10 ਅਗਸਤ ਨੂੰ ਰੇਲ ਰੋਕੋ, ਸੜਕਾਂ ਰੋਕੋ ਅਤੇ ਜੇਲ੍ਹ ਭਰੋ ਅੰਦੋਲਨ ਦਾ ਐਲਾਨ ਕਰ ਦਿੱਤਾ ਗਿਆ ਹੈ। ਕਿਸਾਨ ਜਥੇਬੰਦੀਆਂ ਵੱਲੋਂ ਇਸ ਅੰਦੋਲਨ ਲਈ ਪੂਰੀ ਤਿਆਰੀ ਕੀਤੀ ਜਾ ਰਹੀ ਹੈ। ਅਕਸਰ ਹੀ ਬੇਰੁਜ਼ਗਾਰ ਅਧਿਆਪਕ ਜਥੇਬੰਦੀਆਂ, ਸਰਕਾਰੀ ਅਧਿਆਪਕ ਜਥੇਬੰਦੀਆਂ, ਡੀ.ਸੀ.ਦਫ਼ਤਰ ਮੁਲਾਜਮ ਯੂਨੀਅਨ, ਪਟਵਾਰੀ ਯੂਨੀਅਨ, ਆਸ਼ਾ ਵਰਕਰ ਯੂਨੀਅਨ, ਆਂਗਨਵਾੜੀ ਵਰਕਰ ਯੂਨੀਅਨ ਅਤੇ ਹੋਰ ਮੁਲਾਜਮ ਜਥੇਬੰਦੀਆਂ ਵੀ ਅਕਸਰ ਹੜਤਾਲਾਂ ਕਰਦੀਆਂ ਹਨ ਤੇ ਧਰਨੇ ਦਿੰਦੀਆਂ ਹਨ।

ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਦੇ ਕਾਰਜਕਾਲ ਦਾ ਇਹ ਆਖਰੀ ਸਾਲ ਹੈ, ਜਿਸ ਕਾਰਨ ਇਸ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਵੱਖ- ਵੱਖ ਜਥੇਬੰਦੀਆਂ ਸਰਗਰਮ ਹੋ ਗਈਆਂ ਹਨ। ਆਪਣੇ ਕਾਰਜਕਾਲ ਦਾ ਆਖਰੀ ਸਾਲ ਹੋਣ ਕਰਕੇ ਇਹ ਸਰਕਾਰ ਵੀ ਕਿਸੇ ਵੀ ਵਰਗ ਦੀ ਨਾਰਾਜ਼ਗੀ ਸਹੇੜਨ ਦਾ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੀ, ਜਿਸ ਨੂੰ ਵੱਖ-ਵੱਖ ਯੂਨੀਅਨਾਂ ਦੇ ਆਗੂ ਵੀ ਸਮਝਦੇ ਹਨ। ਇਸੇ ਕਾਰਨ ਇਹ ਆਗੂ ਮੌਕੇ ਦਾ ਫਾਇਦਾ ਉਠਾਉਣ ਲਈ ਹੜਤਾਲਾਂ ਕਰਵਾ ਰਹੇ ਹਨ। ਇਸ ਤੋਂ ਪਹਿਲਾਂ ਜਦੋਂ ਪੰਜਾਬ ਵਿੱਚ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਸੀ ਤਾਂ ਉਸ ਸਮੇਂ ਵੀ ਇੱਕ ਦਮ ਸਾਰੇ ਪੰਜਾਬ ਵਿੱਚ ਖਾਸ ਕਰਕੇ ਮੋਹਾਲੀ-ਖਰੜ ਮਾਰਗ ’ਤੇ ਧਰਨਿਆਂ, ਰੈਲੀਆਂ ਅਤੇ ਹੜਤਾਲਾਂ ਦਾ ਹੜ੍ਹ ਆ ਗਿਆ ਸੀ। ਉਸ ਸਮੇਂ ਵੀ ਪੰਜਾਬ ਦੇ ਵੱਖ-ਵੱਖ ਸੜਕ ਮਾਰਗਾਂ ’ਤੇ ਅਨੇਕਾਂ ਜਥੇਬੰਦੀਆਂ ਵੱਲੋਂ ਆਵਾਜਾਈ ਠੱਪ ਕਰ ਦਿੱਤੀ ਜਾਂਦੀ ਸੀ, ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਖੱਜਲ ਖੁਆਰ ਹੋਣਾ ਪੈਂਦਾ ਸੀ। ਬਿਲਕੁਲ ਉਹੋ ਜਿਹੀ ਸਥਿਤੀ ਇਸ ਸਮੇਂ ਪੰਜਾਬ ਵਿੱਚ ਬਣ ਚੁੱਕੀ ਹੈ ਅਤੇ ਪੰਜਾਬ ਵਿੱਚ ਹਰ ਪਾਸੇ ਹੜਤਾਲਾਂ ਅਤੇ ਧਰਨੇ- ਰੈਲੀਆਂ ਦਾ ਸਿਲਸਿਲਾ ਸ਼ੁਰੂ ਹੋ ਚੁੱਕਿਆ ਹੈ, ਜਿਸ ਕਾਰਨ ਆਮ ਲੋਕਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਸ਼ਾਇਦ ਪੰਜਾਬ ਹੁਣ ‘ਧਰਨਾਲੈਂਡ’ ਬਣਦਾ ਜਾ ਰਿਹਾ ਹੈ।



ਪੰਜਾਬ ਵਿੱਚ ਜਦੋਂ ਹੜਤਾਲਾਂ ਹੁੰਦੀਆਂ ਹਨ, ਧਰਨੇ ਲੱਗਦੇ ਹਨ, ਆਵਾਜਾਈ ਠੱਪ ਹੁੰਦੀ ਹੈ ਤਾਂ ਵਿਕਾਸ ਦੀ ਰਫ਼ਤਾਰ ਦਾ ਪਹੀਆ ਵੀ ਜਾਮ ਹੋ ਜਾਂਦਾ ਹੈ, ਜਿਸ ਕਾਰਨ ਪੰਜਾਬ ਨੂੰ ਵੱਡਾ ਆਰਥਿਕ ਨੁਕਸਾਨ ਉਠਾਉਣਾ ਪੈਂਦਾ ਹੈ ਅਤੇ ਇਸ ਦਾ ਸਿੱਧਾ ਅਸਰ ਆਮ ਪੰਜਾਬੀਆਂ ’ਤੇ ਹੁੰਦਾ ਹੈ। ਅਜਿਹੇ ਮਾਹੌਲ ਵਿੱਚ ਵੱਡੀਆਂ ਕੰਪਨੀਆਂ ਅਤੇ ਉਦਯੋਗਪਤੀ ਪੰਜਾਬ ਵਿੱਚ ਨਿਵੇਸ਼ ਕਰਨ ਤੋਂ ਡਰਦੇ ਹਨ ਅਤੇ ਪਹਿਲਾਂ ਤੋਂ ਪੰਜਾਬ ਵਿੱਚ ਮੌਜੂਦ ਉਦਯੋਗ, ਫੈਕਟਰੀਆਂ ਅਤੇ ਕੰਪਨੀਆਂ ਦੂਜੇ ਸੂਬਿਆਂ ਨੂੰ ਹਿਜਰਤ ਕਰਨੀ ਸ਼ੁਰੂ ਕਰ ਦਿੰਦੇ ਹਨ, ਜਿਸ ਕਾਰਨ ਪੰਜਾਬ ਉਦਯੋਗਿਕ ਅਤੇ ਵਿਕਾਸ ਦੇ ਪੱਧਰ ’ਤੇ ਪਿਛੜਨਾ ਸ਼ੁਰੂ ਕਰ ਦਿੰਦਾ ਹੈ। ਜਿਸ ਦਾ ਘਾਟਾ ਆਮ ਪੰਜਾਬੀਆਂ ਨੂੰ ਪੈਂਦਾ ਹੈ। ਇਹ ਗੱਲ ਸਾਰੇ ਪੰਜਾਬੀਆਂ ਨੂੰ ਸਮਝਣੀ ਚਾਹੀਦੀ ਹੈ ਅਤੇ ਹੜਤਾਲਾਂ, ਰੈਲੀਆਂ ਕਰਨ, ਧਰਨੇ ਲਗਾਉਣ ਅਤੇ ਰੇਲ-ਸੜਕ ਆਵਾਜਾਈ ਠੱਪ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਅੰਦੋਲਨਕਾਰੀ ਵਰਗਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰੇ ਤਾਂ ਇਹ ਵਰਗ ਹੜਤਾਲਾਂ ਅਤੇ ਧਰਨਿਆਂ ਲਈ ਮਜਬੂਰ ਨਾ ਹੋਣ।

# ਖੇਡਾਂ 'ਤੇ ਪਿਆ 'ਰਾਜਨੀਤੀ' ਦਾ ਪਰਛਾਵਾਂ

## ਭਾਰਤੀ ਹਾਕੀ ਟੀਮ ਦੀ 'ਜਰਸੀ' ਦੇ ਰੰਗ ਬਦਲਣ ਕਾਰਨ ਪੈਦਾ ਹੋਇਆ ਵਿਵਾਦ




**ਜਗਮੋਹਨ ਸਿੰਘ 'ਲੱਕੀ'**

ਪੰਜਾਬ ਦੇ ਇੱਕ ਮਸ਼ਹੂਰ ਕਾਮੇਡੀਅਨ ਨੇ ਕਈ ਸਾਲ ਪਹਿਲਾਂ ਭਾਰਤ ਦੀਆਂ 'ਰਾਸ਼ਟਰੀ ਖੇਡ ਟੀਮਾਂ' ਬਾਰੇ ਵਿਅੰਗ ਕਰਦਿਆਂ ਕਿਹਾ ਸੀ ਕਿ ਭਾਰਤ ਵਿੱਚ ਜਦੋਂ ਵੀ 'ਸਰਕਾਰ' ਬਦਲਦੀ ਹੈ ਤਾਂ ਰਾਸ਼ਟਰੀ ਖੇਡ ਟੀਮਾਂ ਦੇ 'ਖਿਡਾਰੀ' ਵੀ ਬਦਲ ਜਾਂਦੇ ਹਨ। ਉਸ ਕਾਮੇਡੀਅਨ ਦੇ ਕਹਿਣ ਦਾ ਭਾਵ ਇਹ ਸੀ ਕਿ ਹਰ ਸਰਕਾਰ ਰਾਸ਼ਟਰੀ ਖੇਡ ਟੀਮਾਂ ਵਿੱਚ ਆਪਣੀ ਇੱਛਾ ਅਨੁਸਾਰ ਆਪਣੀ ਪਸੰਦ ਦੇ ਖਿਡਾਰੀਆਂ ਦੀ ਚੋਣ ਕਰਦੀ ਹੈ, ਜਿਸ ਕਾਰਨ ਕਈ ਵਾਰ ਚੰਗੇ ਅਤੇ ਮਾਹਿਰ ਖਿਡਾਰੀ ਟੀਮਾਂ ਤੋਂ ਬਾਹਰ ਰਹਿ ਜਾਂਦੇ ਹਨ ਅਤੇ ਸਿਆਸੀ ਆਗੂਆਂ ਦੇ ਨੇੜਲੇ ਖਿਡਾਰੀ 'ਖੇਡ ਟੀਮਾਂ' ਦਾ ਅਹਿਮ ਅੰਗ ਬਣ ਜਾਂਦੇ ਹਨ।ਅਜਿਹੇ ਸਿਫ਼ਾਰਸ਼ੀ ਖਿਡਾਰੀਆਂ ਵਾਲੀਆਂ ਰਾਸ਼ਟਰੀ ਖੇਡ ਟੀਮਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਕਿਸ ਤਰ੍ਹਾਂ ਦੀ ਕਾਰਗੁਜ਼ਾਰੀ ਹੁੰਦੀ ਹੈ ? ਇਹ ਸਭ ਨੂੰ ਪਤਾ ਹੈ।

ਭਾਰਤ ਦੇ ਖੇਡ ਜਗਤ 'ਤੇ ਇਸ ਸਮੇਂ 'ਰਾਜਨੀਤੀ' ਦਾ ਪਰਛਾਵਾਂ ਪੈਂਦਾ ਦਿਖਾਈ ਦੇ ਰਿਹਾ ਹੈ।ਕੇਂਦਰ ਸਰਕਾਰ ਵੱਲੋਂ ਭਾਰਤੀ ਹਾਕੀ ਟੀਮ (ਮਹਿਲਾ ਅਤੇ ਪੁਰਸ਼) ਦੀਆਂ ਜਰਸੀਆਂ ਦਾ ਰੰਗ 'ਨੀਲੇ ਅਸਮਾਣੀ' ਤੋਂ ਕੇਸਰੀ (ਭਗਵਾਂ) ਕਰ ਦਿੱਤਾ ਗਿਆ ਹੈ। ਨੀਦਰਲੈਂਡਜ਼ ਅਤੇ ਬੈਲਜੀਅਮ ਵਿੱਚ 15 ਤੋਂ 30 ਅਗਸਤ 2026 ਤੱਕ ਹੋਣ ਵਾਲੇ 'ਐਫ.ਆਈ.ਐੱਚ. ਵਿਸ਼ਵ ਕੱਪ' ਵਿੱਚ ਭਾਰਤੀ ਪੁਰਸ਼ ਅਤੇ ਮਹਿਲਾ ਹਾਕੀ ਟੀਮਾਂ ਆਪਣੀ ਰਵਾਇਤੀ ਨੀਲੀ ਜਰਸੀ ਦੀ ਬਜਾਏ ਕੇਸਰੀ (ਭਗਵਾਂ) ਜਰਸੀ ਵਿੱਚ ਦਿਖਾਈ ਦੇਣਗੀਆਂ।ਭਾਰਤੀ ਹਾਕੀ ਟੀਮ ਦੀ ਜਰਸੀ ਦਾ ਰੰਗ ਬਦਲ ਦੇਣ ਕਾਰਨ ਵੱਡਾ ਵਿਵਾਦ ਪੈਦਾ ਹੋ ਗਿਆ ਹੈ। ਹਾਕੀ ਟੀਮ ਦੀ ਜਰਸੀ ਦੇ ਰੰਗ ਦਾ ਬਦਲਣਾ ਸਿਆਸੀ ਮੁੱਦਾ ਬਣ ਗਿਆ ਹੈ।ਰਾਸ਼ਟਰੀ ਹਾਕੀ ਟੀਮ ਦੀ ਜਰਸੀ ਦੇ ਰੰਗ ਨੂੰ ਲੈ ਕੇ ਹੋਏ ਵਿਵਾਦ ਨੇ ਰਾਜਨੀਤਿਕ ਮਾਹੌਲ ਨੂੰ ਗਰਮਾ ਦਿੱਤਾ ਹੈ।ਕਾਂਗਰਸ ਪਾਰਟੀ ਇਸ ਨੂੰ ਸੱਭਿਆਚਾਰਕ ਅਤੇ ਵਿਚਾਰਧਾਰਕ ਤਬਦੀਲੀ ਦੇ ਇੱਕ ਵਿਸ਼ਾਲ ਏਜੰਡੇ ਨਾਲ ਜੋੜ ਰਹੀ ਹੈ, ਜਦੋਂ ਕਿ ਕੇਂਦਰ ਸਰਕਾਰ ਤੋਂ ਅਧਿਕਾਰਤ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ। ਇਹ ਵਿਸ਼ਾ ਇਸ ਸਮੇਂ ਸੰਸਦ ਅਤੇ ਰਾਜਨੀਤਿਕ ਮੰਚਾਂ ਵਿੱਚ ਚਰਚਾ ਦਾ ਕੇਂਦਰ ਬਣ ਗਿਆ ਹੈ। ਇਸ ਮੁੱਦੇ 'ਤੇ ਰਾਜਨੀਤਿਕ ਬਹਿਸ ਤੇਜ਼ ਹੋ ਗਈ ਹੈ। ਦਿਨੋਂ ਦਿਨ ਇਹ ਮੁੱਦਾ ਭਖਦਾ ਜਾ ਰਿਹਾ ਹੈ ਅਤੇ ਵਿਰੋਧੀ ਪਾਰਟੀਆਂ ਇਸ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਘੇਰਨ ਦਾ ਯਤਨ ਕਰ ਰਹੀਆਂ ਹਨ।

## ਕੀ ਸਰਕਾਰ ਦੀ ਇੱਛਾ ਅਨੁਸਾਰ ਹੁੰਦੀ ਹੈ ਖਿਡਾਰੀਆਂ ਦੀ ਚੋਣ ?







ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਹਾਕੀ ਟੀਮ ਦੀ ਜਰਸੀ ਦਾ ਰੰਗ ਰਾਜਨੀਤਿਕ ਬਹਿਸ ਦਾ ਵਿਸ਼ਾ ਬਣ ਗਿਆ ਹੈ। ਕਾਂਗਰਸ ਦੀ ਜਨਰਲ ਸਕੱਤਰ ਅਤੇ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਇਸ ਮੁੱਦੇ 'ਤੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪ੍ਰਤੀਕਾਂ ਅਤੇ ਰੰਗਾਂ ਨੂੰ ਬਦਲਣ ਨਾਲ ਦੇਸ਼ ਦੀ ਸੋਚ ਅਤੇ ਮੂਲ ਵਿਚਾਰਧਾਰਾ ਨਹੀਂ ਬਦਲ ਸਕਦੀ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਹਾਕੀ ਟੀਮ ਦੀ ਜਰਸੀ ਦਾ ਰੰਗ ਬਦਲਣ ਤੱਕ ਸੀਮਤ ਨਹੀਂ ਹੈ, ਸਗੋਂ ਸਿੱਖਿਆ ਪ੍ਰਣਾਲੀ ਅਤੇ ਇਤਿਹਾਸ ਨੂੰ ਆਪਣੀ ਸੋਚ ਦੇ ਅਨੁਸਾਰ ਢਾਲਣ ਦੀ ਕੋਸ਼ਿਸ਼ ਵੀ ਕਰ ਰਹੀ ਹੈ। ਹਾਕੀ ਟੀਮ ਦੀ ਜਰਸੀ ਬਦਲਣ ਨਾਲ ਦੇਸ਼ ਦੀ ਸੋਚ ਨਹੀਂ ਬਦਲੇਗੀ। ਮੀਡੀਆ ਨਾਲ ਗੱਲਬਾਤ ਦੌਰਾਨ, ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਭਾਵੇਂ ਸਰਕਾਰ ਰਾਸ਼ਟਰੀ ਹਾਕੀ ਟੀਮ ਦੀ ਜਰਸੀ ਦਾ ਰੰਗ ਬਦਲਦੀ ਹੈ ਜਾਂ ਨਵੀਂ ਸਿੱਖਿਆ ਨੀਤੀ ਰਾਹੀਂ ਇਤਿਹਾਸ ਨੂੰ ਵੱਖਰੇ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ, ਇਸ ਨਾਲ ਲੋਕਾਂ ਦੀ ਧਾਰਨਾ 'ਤੇ ਕੋਈ ਅਸਰ ਨਹੀਂ ਪਵੇਗਾ। ਪ੍ਰਿਯੰਕਾ ਗਾਂਧੀ ਨੇ ਹਾਕੀ ਜਰਸੀ ਦੇ ਰੰਗ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਹਮਲਾ ਕਰਦੇ ਹੋਏ ਕਿਹਾ ਹੈ ਕਿ 'ਦੇਸ਼ ਦੀ ਆਤਮਾ ਨੂੰ ਕੋਈ ਨਹੀਂ ਬਦਲ ਸਕਦਾ।'

ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ, ਉਲੰਪੀਅਨ ਅਤੇ ਵਿਧਾਇਕ ਪਰਗਟ ਸਿੰਘ ਨੇ ਭਾਰਤੀ ਹਾਕੀ ਟੀਮ ਦੀ ਰਵਾਇਤੀ ਨੀਲੀ ਜਰਸੀ ਦਾ ਰੰਗ ਬਦਲਣ 'ਤੇ ਇਤਰਾਜ਼ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਦਹਾਕਿਆਂ ਤੋਂ ਭਾਰਤੀ ਹਾਕੀ ਟੀਮ ਨੀਲੇ ਰੰਗ ਦੀ ਜਰਸੀ ਪਹਿਨਦੀ ਆ ਰਹੀ ਹੈ। ਇਹ ਰੰਗ ਦੇਸ਼ ਦੀ ਖੇਡ ਪਛਾਣ ਦਾ ਹਿੱਸਾ ਬਣ ਚੁੱਕਾ ਹੈ। ਅਜਿਹੇ ਵਿੱਚ ਜਰਸੀ ਦਾ ਰੰਗ ਬਦਲ ਕੇ ਕੇਸਰੀ (ਭਗਵਾਂ) ਕਰਨਾ ਖੇਡਾਂ ਨੂੰ ਰਾਜਨੀਤੀ ਨਾਲ ਜੋੜਨ ਦੀ ਕੋਸ਼ਿਸ਼ ਹੈ।

> ਜਰਸੀ ਦੇ ਰੰਗ ਬਦਲਣਾ ਭਾਰਤੀ ਹਾਕੀ ਲਈ ਨਵਾਂ ਨਹੀਂ ਹੈ। ਰਾਸ਼ਟਰੀ ਟੀਮ ਦੀ ਖੇਡਣ ਵਾਲੀ ਕਿੱਟ ਦਾ ਰੰਗ ਸਮੇਂ-ਸਮੇਂ 'ਤੇ ਲੋੜ ਅਤੇ ਹੋਰ ਕਾਰਨਾਂ ਕਰਕੇ ਬਦਲਿਆ ਜਾਂਦਾ ਰਿਹਾ ਹੈ। ਉਦਾਹਰਣ ਵਜੋਂ, 2014 ਦੇ ਹਾਕੀ ਵਿਸ਼ਵ ਕੱਪ ਦੌਰਾਨ ਟੀਮ ਦੀ ਜਰਸੀ ਦਾ ਰੰਗ ਪੀਲੇ ਅਤੇ 2018 ਦੇ ਹਾਕੀ ਵਿਸ਼ਵ ਕੱਪ ਦੌਰਾਨ ਅਸਮਾਨੀ ਨੀਲੇ ਵਿੱਚ ਬਦਲ ਦਿੱਤਾ ਗਿਆ ਸੀ। ਉਸ ਸਮੇਂ ਡਿਜ਼ਾਈਨ ਵੀ ਪੂਰੀ ਤਰ੍ਹਾਂ ਵੱਖਰਾ ਸੀ।

ਸਾਬਕਾ ਭਾਰਤੀ ਕਪਤਾਨ ਅਤੇ ਉਲੰਪਿਕ ਗੋਲਡ ਕੁਐਸਟ ਦੇ ਸੀ.ਈ.ਓ. ਵੀਰੇਨ ਰਸਕਿਨਾ ਨੇ 'ਐਕਸ' 'ਤੇ ਲਿਖਿਆ, "ਮੈਨੂੰ ਲੱਗਦਾ ਹੈ ਕਿ ਹਾਕੀ ਇੰਡੀਆ ਨੇ ਭਾਰਤੀ ਹਾਕੀ ਲਈ ਕਈ ਚੰਗੇ ਕੰਮ ਕੀਤੇ ਹਨ... ਪਰ ਇਹ ਸ਼ਰਮਨਾਕ ਹੈ। ਭਾਰਤੀ ਟੀਮ ਦੀ ਵਿਰਾਸਤ ਅਤੇ ਪਛਾਣ ਹਮੇਸ਼ਾ ਤੋਂ 'ਨੀਲੀ' ਰਹੀ ਹੈ। ਮੈਂ ਕਈ ਸਾਲਾਂ ਤੱਕ ਮਾਣ ਨਾਲ ਨੀਲੀ ਜਰਸੀ ਪਹਿਨੀ ਹੈ। ਪ੍ਰਸ਼ੰਸਕ ਸਾਡੀ ਭਾਰਤੀ ਟੀਮ ਨੂੰ ਨੀਲੇ ਰੰਗ ਵਿੱਚ ਦੇਖਣਾ ਚਾਹੁੰਦੇ ਹਨ। ਕੇਸਰੀ/ਸੰਤਰੀ ਰੰਗ ਪਿੱਛੇ ਕੀ ਤਰਕ ਹੈ ?" ਉਨ੍ਹਾਂ ਕਿਹਾ, 'ਮੇਰਾ ਸਧਾਰਨ ਅਤੇ ਨਿਮਰ ਬਿੰਦੂ ਮਾਣ, ਪਛਾਣ ਅਤੇ ਵਿਰਾਸਤ ਬਾਰੇ ਹੈ।'

ਭਾਰਤ ਦੇ ਵੱਖ- ਵੱਖ ਸਾਬਕਾ ਖਿਡਾਰੀਆਂ, ਉਲੰਪੀਅਨਾਂ ਤੋਂ ਇਲਾਵਾ ਵੱਖ- ਵੱਖ ਸਿਆਸੀ ਆਗੂਆਂ ਨੇ ਵੀ ਭਾਰਤੀ ਹਾਕੀ ਟੀਮ ਦੀ ਜਰਸੀ ਦੇ ਰੰਗ ਨੂੰ ਬਦਲ ਦੇਣ ਦਾ ਵਿਰੋਧ ਕੀਤਾ ਹੈ। ਜਿਸ ਕਾਰਨ ਇਹ ਮੁੱਦਾ ਦਿਨੋਂ ਦਿਨ ਭੜਕਦਾ ਜਾ ਰਿਹਾ ਹੈ ਅਤੇ ਸਿਆਸੀ ਰੂਪ ਲੈਂਦਾ ਜਾ ਰਿਹਾ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਵਿਸ਼ਵ ਪੱਧਰੀ ਸਿਖਲਾਈ ਸਹੂਲਤਾਂ ਮੁਹੱਈਆ ਕਰਵਾਉਣ, ਆਧੁਨਿਕ ਸਾਜ਼ੋ-ਸਾਮਾਨ ਦੇਣ ਅਤੇ ਖਿਡਾਰੀਆਂ ਨੂੰ ਬਿਹਤਰ ਆਰਥਿਕ ਅਤੇ ਸੰਸਥਾਈ ਸਹਿਯੋਗ ਦੇਣ 'ਤੇ ਧਿਆਨ ਦੇਣਾ ਚਾਹੀਦਾ ਹੈ। ਇਹੀ ਕਦਮ ਭਾਰਤ ਨੂੰ ਵਿਸ਼ਵ ਪੱਧਰੀ ਖੇਡ ਮਹਾਸ਼ਕਤੀ ਬਣਾਉਣ ਵਿੱਚ ਸਹਾਇਕ ਹੋਣਗੇ। ਇਸ ਦੇ ਨਾਲ ਹੀ ਭਾਰਤ ਦੇ 'ਖੇਡ ਜਗਤ' ਨੂੰ ਜਿੰਨਾ ਰਾਜਨੀਤੀ ਤੋਂ ਦੂਰ ਰੱਖਿਆ ਜਾਵੇਗਾ, ਉਸ ਵਿੱਚ ਹੀ ਇਸ ਦੀ ਭਲਾਈ ਹੈ। ਜਰਸੀ ਦਾ ਰੰਗ ਬਦਲਣ ਤੋਂ ਬਾਅਦ ਭਾਰਤੀ ਹਾਕੀ ਟੀਮ ਅੰਤਰਰਾਸ਼ਟਰੀ ਪੱਧਰ 'ਤੇ ਕਿਹੜੀਆਂ ਵੱਡੀਆਂ ਅਤੇ ਮਹੱਤਵਪੂਰਨ ਪ੍ਰਾਪਤੀਆਂ ਕਰਦੀਆਂ ਹੈ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ।

### ਹਾਕੀ ਇੰਡੀਆ ਦਾ ਪੱਖ



ਭਾਰਤੀ ਹਾਕੀ ਟੀਮ ਦੀ ਜਰਸੀ ਦਾ ਰੰਗ ਬਦਲ ਦੇਣ ਦਾ ਵਿਵਾਦ ਜਿਵੇਂ-ਜਿਵੇਂ ਵਧਦਾ ਗਿਆ, ਤਾਂ ਹਾਕੀ ਇੰਡੀਆ ਨੇ ਇੱਕ ਬਿਆਨ ਜਾਰੀ ਕੀਤਾ ਹੈ। ਇਸ ਬਿਆਨ ਵਿੱਚ ਹਾਕੀ ਇੰਡੀਆ ਨੇ ਕਿਹਾ ਹੈ ਕਿ ਹਾਕੀ ਟੀਮ ਦੀ ਜਰਸੀ ਦਾ ਰੰਗ ਬਦਲਣ ਦਾ ਫੈਸਲਾ ਸਹਾਇਕ ਸਟਾਫ ਅਤੇ ਖਿਡਾਰੀਆਂ ਦੀ ਗੰਭੀਰ ਚਰਚਾ ਅਤੇ ਸਲਾਹ ਤੋਂ ਬਾਅਦ ਲਿਆ ਗਿਆ ਸੀ। ਇਸ ਦਾ ਮੁੱਖ ਕਾਰਨ ਤਕਨੀਕੀ ਸੀ। ਇਹ ਦੇਖਿਆ ਗਿਆ ਕਿ ਨੀਲੀ ਖੇਡਣ ਵਾਲੀ ਵਰਦੀ ਨੀਲੇ ਸਿੰਥੈਟਿਕ ਖੇਡਣ ਵਾਲੀ ਸਤ੍ਹਾ ਨਾਲ ਰਲ ਗਈ ਸੀ। ਇੱਕ ਸਤ੍ਹਾ ਜੋ ਹੁਣ ਅੰਤਰਰਾਸ਼ਟਰੀ ਹਾਕੀ ਪਿੱਚਾਂ ਲਈ ਮਿਆਰੀ ਰੰਗ ਹੈ। ਇਸ ਨੇ ਖਿਡਾਰੀਆਂ ਲਈ ਮੈਦਾਨ 'ਤੇ ਇੱਕ ਦੂਜੇ ਨੂੰ ਸਪਸ਼ਟ ਤੌਰ 'ਤੇ ਦੇਖਣਾ ਮੁਸ਼ਕਿਲ ਬਣਾ ਦਿੱਤਾ। ਇਸ ਦੇ ਮੱਦੇ-ਨਜ਼ਰ, ਕੋਚਾਂ ਅਤੇ ਖਿਡਾਰੀਆਂ ਨੇ ਪੀਲੇ ਜਾਂ ਭਗਵੇਂ ਵਰਗੇ ਰੰਗਾਂ ਦਾ ਸੁਝਾਅ ਦਿੱਤਾ। ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ ਭਗਵੇਂ ਰੰਗ ਨੂੰ ਅੰਤਿਮ ਰੂਪ ਦਿੱਤਾ ਗਿਆ। ਤਕਨੀਕੀ ਜ਼ਰੂਰਤਾਂ ਨੂੰ ਪੂਰਾ ਕਰਨ ਤੋਂ ਇਲਾਵਾ ਭਗਵੇਂ ਰੰਗ ਦਾ ਸਾਡੇ ਰਾਸ਼ਟਰੀ ਝੰਡੇ ਦੇ ਰੰਗਾਂ ਵਿੱਚੋਂ ਇੱਕ ਵਜੋਂ ਡੂੰਘਾ ਮਹੱਤਵ ਹੈ, ਜੋ ਹਿੰਮਤ, ਕੁਰਬਾਨੀ ਅਤੇ ਰਾਸ਼ਟਰੀ ਮਾਣ ਦਾ ਪ੍ਰਤੀਕ ਹੈ।

ਜਦੋਂ ਕਿ ਭਾਰਤੀ ਹਾਕੀ ਟੀਮ ਦੀ ਜਰਸੀ ਦਾ ਰੰਗ ਬਦਲਣ ਬਾਰੇ ਹਾਕੀ ਇੰਡੀਆ ਨੇ ਕਿਹਾ ਹੈ ਕਿ ਨਵੀਂ ਜਰਸੀ ਦਾ ਡਿਜ਼ਾਈਨ ਅਤੇ ਰੰਗ 'ਇੱਕ ਕਹਾਣੀ ਸੁਣਾਉਣ' ਅਤੇ 'ਭਾਰਤ ਦੇ ਮਾਣ' ਨੂੰ ਦਰਸਾਉਣ ਲਈ ਹੈ।ਹਾਕੀ ਇੰਡੀਆ ਨੇ ਇਹ ਵੀ ਕਿਹਾ ਹੈ, "ਕੇਸਰੀ/ਭਗਵਾਂ ਰੰਗ ਹਿੰਮਤ, ਕੁਰਬਾਨੀ ਅਤੇ ਜਿੱਤ ਦਾ ਪ੍ਰਤੀਕ ਹੈ।"

ਦਰਪਣ ਝੂਠ ਨਹੀਂ ਬੋਲਦਾ

# ਗੁਰ ਸਿੱਖੀ ਐਡਟੈੱਕ ਵੱਲੋਂ ਗੁਰਬਾਣੀ, ਨਿਤਨੇਮ ਅਤੇ ਲਾਈਵ ਹੁਕਮਨਾਮੇ ਲਈ ਲਾਂਚ ਹੋਈ 'ਸਿੱਖ ਪਰੋ' ਐਪ

## ਏ.ਆਈ. ਦੀ ਮਦਦ ਨਾਲ ਹੁਣ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਮਿਲਣਗੇ ਪ੍ਰਮਾਣਿਤ ਜਵਾਬ

ਅੱਜ ਦਾ ਯੁੱਗ ਬਿਨਾਂ ਸ਼ੱਕ ਡਿਜੀਟਲ ਤਕਨਾਲੋਜੀ ਦਾ ਯੁੱਗ ਹੈ, ਜਿਸ ਨੇ ਮਨੁੱਖੀ ਜੀਵਨ ਦੇ ਹਰ ਛੋਟੇ-ਵੱਡੇ ਪਹਿਲੂ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਸਿੱਖਿਆ, ਵਪਾਰ, ਸੰਚਾਰ ਅਤੇ ਮਨੋਰੰਜਨ ਤੋਂ ਇਲਾਵਾ ਹੁਣ ਧਾਰਮਿਕ, ਰੂਹਾਨੀ ਅਤੇ ਅਧਿਆਤਮਿਕ ਖੇਤਰ ਵੀ ਇਸ ਤਕਨਾਲੋਜੀ ਤੋਂ ਅਣਛੂਹੇ ਨਹੀਂ ਰਹੇ। ਹਾਲ ਹੀ ਵਿੱਚ ਬੈਂਗਲੁਰੂ ਸਥਿਤ ਭਾਰਤ ਸਰਕਾਰ ਦੇ ਡੀ.ਪੀ.ਆਈ.ਆਈ.ਟੀ. ਤੋਂ ਮਾਨਤਾ ਪ੍ਰਾਪਤ ਸਟਾਰਟਅੱਪ 'ਗੁਰ ਸਿੱਖੀ ਐਡਟੈੱਕ' ਵੱਲੋਂ ਗੂਗਲ ਪਲੇਅ ਸਟੋਰ 'ਤੇ ਲਾਂਚ ਕੀਤੀ ਗਈ 'ਸਿੱਖ-ਪਰੋ' ਐਪਲੀਕੇਸ਼ਨ ਇਸ ਗੱਲ ਦੀ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਸ਼ਲਾਘਾਯੋਗ ਮਿਸਾਲ ਹੈ। ਇਹ ਉਪਰਾਲਾ ਦਰਸਾਉਂਦਾਹੈ ਕਿ ਜੇਕਰ ਨੀਅਤ ਸਾਫ਼ ਹੋਵੇ, ਤਾਂ ਆਧੁਨਿਕ ਤਕਨਾਲੋਜੀ ਦੀ ਵਰਤੋਂ ਸਿੱਖੀ ਮਰਿਆਦਾ ਦੀਆਂ ਸਰਹੱਦਾਂ ਅੰਦਰ ਰਹਿ ਕੇ ਗੁਰਬਾਣੀ, ਨਿਤਨੇਮ ਅਤੇ ਸਿੱਖੀ ਸਿਧਾਂਤਾਂ ਦੇ ਵਿਸ਼ਵ-ਵਿਆਪੀ ਪ੍ਰਚਾਰ-ਪਸਾਰ ਲਈ ਇੱਕ ਬੇਹੱਦ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਕੀਤੀ ਜਾ ਸਕਦੀ ਹੈ।ਅੱਜ ਦੁਨੀਆ ਭਰ ਵਿੱਚ 3 ਕਰੋੜ ਤੋਂ ਵੱਧ ਸਿੱਖ ਭਾਈਚਾਰਾ ਫੈਲਿਆ ਹੋਇਆ ਹੈ। ਭਾਰਤ ਤੋਂ ਇਲਾਵਾ ਕੈਨੇਡਾ, ਅਮਰੀਕਾ, ਗ੍ਰੇਟ ਬ੍ਰਿਟੇਨ (ਯੂ.ਕੇ.), ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਵੱਸਦੇ ਸਿੱਖਾਂ—ਵਿਸ਼ੇਸ਼ ਤੌਰ 'ਤੇ ਉੱਥੇ ਪਲ ਰਹੀ ਨਵੀਂ ਪੀੜ੍ਹੀ—ਲਈ ਆਪਣੀ ਮਾਂ-ਬੋਲੀ, ਗੁਰਮੁਖੀ ਲਿਪੀ, ਰੋਜ਼ਾਨਾ ਦੇ ਨਿਤਨੇਮ ਅਤੇ ਰੂਹਾਨੀ ਜੜ੍ਹਾਂ ਨਾਲ ਨਿਰੰਤਰ ਜੁੜੇ ਰਹਿਣਾ ਇੱਕ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਵਿਦੇਸ਼ਾਂ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਹਰ ਵੇਲੇ ਪੋਥੀ ਸਾਹਿਬ ਨਾਲ ਰੱਖਣਾ ਜਾਂ ਰੋਜ਼ਾਨਾ ਗੁਰਦੁਆਰਾ ਸਾਹਿਬ ਪਹੁੰਚਣਾ ਹਰ ਕਿਸੇ ਲਈ ਸੰਭਵ ਨਹੀਂ ਹੁੰਦਾ।




ਅਜਿਹੇ ਸਮੇਂ ਵਿੱਚ ਇੱਕੋ ਇੱਕ ਪਲੇਟਫਾਰਮ 'ਤੇ ਸ੍ਰੀ ਦਰਬਾਰ ਸਾਹਿਬ ਤੋਂ ਰੋਜ਼ਾਨਾ ਦਾ ਲਾਈਵ ਹੁਕਮਨਾਮਾ, ਸੰਪੂਰਨ ਨਿਤਨੇਮ ਦੀਆਂ ਬਾਣੀਆਂ (ਗੁਰਮੁਖੀ, ਅੰਗਰੇਜ਼ੀ ਉੱਚਾਰਨ ਅਤੇ ਅਨੁਵਾਦ ਸਮੇਤ) ਅਤੇ ਸਮਾਜਿਕ ਸੇਵਾ ਦੇ ਮੌਕਿਆਂ ਦਾ ਬਿਨਾਂ ਕਿਸੇ ਇਸ਼ਤਿਹਾਰ ਜਾਂ ਵਪਾਰਕ ਰੁਕਾਵਟ ਦੇ ਬਿਲਕੁਲ ਮੁਫ਼ਤ ਉਪਲਬਧ ਹੋਣਾ ਇੱਕ ਵੱਡੀ ਰਾਹਤ ਹੈ। ਇਹ ਐਪ ਵਿਦੇਸ਼ਾਂ ਵਿੱਚ ਬੈਠੇ ਸ਼ਰਧਾਲੂਆਂ ਨੂੰ ਆਪਣੇ ਰੋਜ਼ਾਨਾ ਦੇ ਅਧਿਆਤਮਿਕ ਨੇਮ ਨਾਲ ਜੋੜੀ ਰੱਖਣ ਵਿੱਚ ਇੱਕ ਮਜ਼ਬੂਤ ਪੁਲ ਦਾ ਕੰਮ ਕਰੇਗੀ।

ਇਸ ਪਲੇਟਫਾਰਮ ਦੀ ਸਭ ਤੋਂ ਵੱਡੀ ਅਤੇ ਵੱਖਰੀ ਖ਼ਾਸੀਅਤ ਇਸ ਵਿੱਚ ਏ.ਆਈ. ਦਾ ਸੁਚੱਜਾ ਪ੍ਰਯੋਗ ਹੈ।ਅੱਜ ਇੰਟਰਨੈੱਟ ਅਤੇ ਸੋਸ਼ਲ ਮੀਡੀਆ 'ਤੇ ਧਰਮ, ਇਤਿਹਾਸ ਅਤੇ ਗੁਰਬਾਣੀ ਬਾਰੇ ਅਧੂਰੀ, ਗਲਤ ਅਤੇ ਤੋੜ-ਮਰੋੜ ਕੇ ਪੇਸ਼ ਕੀਤੀ ਜਾਣਕਾਰੀ ਦਾ ਹੜ੍ਹ ਆਇਆ ਹੋਇਆ ਹੈ, ਜਿਸ ਨਾਲ ਅਕਸਰ ਸੰਗਤ ਵਿੱਚ ਭੁਲੇਖੇ ਪੈਦਾ ਹੁੰਦੇ ਹਨ।

ਅਜਿਹੇ ਸਮੇਂ ਵਿੱਚ ਇਸ ਐਪ ਦੇ ਨਿਰਮਾਤਾਵਾਂ ਵੱਲੋਂ ਇਹ ਦਾਅਵਾ ਕਰਨਾ ਕਿ ਉਨ੍ਹਾਂ ਦਾ ਏ.ਆਈ. ਸਹਾਇਕ ਸਿਰਫ਼ 'ਪ੍ਰਮਾਣਿਤ ਗੁਰਬਾਣੀ' ਅਤੇ 'ਪ੍ਰਮਾਣਿਤ ਸਿੱਖ ਇਤਿਹਾਸਕ ਸਰੋਤਾਂ' ਤੋਂ ਹੀ ਜਵਾਬ ਦੇਵੇਗਾ, ਇੱਕ ਬਹੁਤ ਹੀ ਗੰਭੀਰ ਅਤੇ ਜ਼ਿੰਮੇਵਾਰਾਨਾ ਕਦਮ ਹੈ। ਇਹ ਸੁਨਿਸ਼ਚਿਤ ਕਰਦਾ ਹੈ ਕਿ ਤਕਨਾਲੋਜੀ ਸਿੱਖੀ ਦੀਆਂ ਮੂਲ ਰਵਾਇਤਾਂ ਅਤੇ ਮਰਿਆਦਾ ਨੂੰ ਢਾਹ ਲਾਉਣ ਦੀ ਬਜਾਏ ਉਸ ਦੀ ਸੇਵਾਦਾਰ ਬਣ ਕੇ ਕੰਮ ਕਰੇ। ਹਾਲਾਂਕਿ, ਇਸ ਏ.ਆਈ. ਮਾਡਲ ਨੂੰ ਸਮੇਂ-ਸਮੇਂ 'ਤੇ ਸਿੱਖ ਵਿਦਵਾਨਾਂ ਅਤੇ ਸੰਸਥਾਵਾਂ ਦੀ ਦੇਖ-ਰੇਖ ਹੇਠ ਨਿਰੰਤਰ ਪਰਖਦੇ ਰਹਿਣਾ ਵੀ ਉੱਨਾ ਹੀ ਜ਼ਰੂਰੀ ਹੋਵੇਗਾ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਤਕਨੀਕੀ ਜਾਂ ਭਾਸ਼ਾਈ ਭੁੱਲ ਤੋਂ ਬਚਿਆ ਜਾ ਸਕੇ।

ਇਸ ਉਪਰਾਲੇ ਦਾ ਇੱਕ ਹੋਰ ਸਾਰਥਕ ਪਹਿਲੂ ਇਹ ਹੈ ਕਿ ਇਸ ਦੇ ਨਿਰਮਾਤਾਵਾਂ ਨੇ ਖੁਦ ਇਸ ਗੱਲ ਨੂੰ ਪ੍ਰਵਾਨ ਕੀਤਾ ਹੈ ਕਿ ਇਹ ਤਕਨਾਲੋਜੀ ਕਿਸੇ ਵੀ ਹਾਲਤ ਵਿੱਚ ਸੰਗਤ, ਗੁਰਦੁਆਰਾ ਸਾਹਿਬ ਅਤੇ ਪ੍ਰਤੱਖ ਸੇਵਾ ਦਾ ਬਦਲ ਨਹੀਂ ਹੋ ਸਕਦੀ। ਸਿੱਖ ਧਰਮ ਵਿੱਚ 'ਸੰਗਤ' ਅਤੇ 'ਪ੍ਰਤੱਖ ਸੇਵਾ' ਦਾ ਅਧਿਆਤਮਿਕ ਮਹੱਤਵ ਸਭ ਤੋਂ ਉੱਚਾ ਹੈ।

ਡਿਜੀਟਲ ਸਾਧਨ ਸਿਰਫ਼ ਇੱਕ 'ਸਹਿਯੋਗੀ' ਜਾਂ 'ਰੋਜ਼ਾਨਾ ਦੇ ਸਾਥੀ' ਦੀ ਭੂਮਿਕਾ ਹੀ ਨਿਭਾ ਸਕਦੇ ਹਨ, ਜੋ ਮਨੁੱਖ ਨੂੰ ਉਸ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਗੁਰਬਾਣੀ ਦੇ ਨਾਲ ਜੋੜੀ ਰੱਖਦੇ ਹਨ। ਇਸ ਲਈ, ਤਕਨਾਲੋਜੀ ਦਾ ਲਾਹਾ ਲੈਂਦਿਆਂ ਵੀ ਨਵੀਂ ਪੀੜ੍ਹੀ ਨੂੰ ਗੁਰਦੁਆਰਾ ਸਾਹਿਬ ਜਾਣ, ਸਾਧ-ਸੰਗਤ ਵਿੱਚ ਬੈਠਣ ਅਤੇ ਹੱਥੀਂ ਸੇਵਾ ਕਰਨ ਦੀ ਪਰੰਪਰਾ ਨੂੰ ਜਿਉਂਦਾ ਰੱਖਣਾ ਪਵੇਗਾ।'ਸਿੱਖ ਪਰੋ' ਵਰਗੇ ਨਿਵੇਕਲੇ ਅਤੇ ਮੁਫ਼ਤ ਡਿਜੀਟਲ ਉਪਰਾਲੇ ਇਹ ਸਾਬਤ ਕਰਦੇ ਹਨ ਕਿ ਜੇਕਰ ਨੀਅਤ ਸਾਫ਼ ਹੋਵੇ ਅਤੇ ਵਿਗਿਆਨਿਕ ਸਾਧਨਾਂ ਦੀ ਵਰਤੋਂ ਸੰਜਮ, ਨਿੰਮਰਤਾ ਤੇ ਮਰਿਆਦਾ ਨਾਲ ਕੀਤੀ ਜਾਵੇ, ਤਾਂ ਤਕਨਾਲੋਜੀ ਗਲੋਬਲ ਪੱਧਰ 'ਤੇ ਅਧਿਆਤਮਿਕਤਾ, ਭਾਈਚਾਰਕ ਸਾਂਝ ਅਤੇ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਦਾ ਇੱਕ ਬਹੁਤ ਵੱਡਾ ਜ਼ਰੀਆ ਬਣ ਸਕਦੀ ਹੈ। ਅਜਿਹੇ ਗ਼ੈਰ-ਵਪਾਰਕ ਅਤੇ ਸਮਰਪਿਤ ਯਤਨਾਂ ਦੀ ਭਾਈਚਾਰਕ ਪੱਧਰ 'ਤੇ ਹੌਸਲਾ-ਅਫ਼ਜ਼ਾਈ ਹੋਣੀ ਚਾਹੀਦੀ ਹੈ।

# ਵਰਲਡ ਵਾਰ-2 ਵਰਗੀ ਤਾਕਤ ਦੀ ਧਮਕੀ ਦੇ ਕੇ ਅਮਰੀਕਾ ਨੇ ਇਰਾਨ 'ਤੇ ਨਵੇਂ ਹਮਲੇ ਰੋਕੇ

## ਹੋਰਮੁਜ਼ ਜਲਡਮਰੂ 'ਤੇ ਸਮਝੌਤੇ ਦਾ ਦਾਅਵਾ: ਕਰਦਿਆਂ ਟਰੰਪ ਨੇ ਕਿਹਾ- 'ਦੁਨੀਆ ਦੀ ਭਲਾਈ ਲਈ ਹਮਲਾ ਕੀਤਾ ਰੱਦ'

ਮੱਧ ਪੂਰਬ ਵਿੱਚ ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗੀ ਖਿੱਚੋਤਾਣ ਨੇ ਪੂਰੀ ਦੁਨੀਆ ਨੂੰ ਇੱਕ ਅਜਿਹੇ ਮੋੜ 'ਤੇ ਲਿਆ ਖੜ੍ਹਾ ਕਰ ਦਿੱਤਾ ਹੈ, ਜਿੱਥੋਂ ਛੋਟੀ ਜਿਹੀ ਭੁੱਲ ਵੀ ਤੀਜੇ ਵਿਸ਼ਵ ਯੁੱਧ ਦਾ ਰੂਪ ਧਾਰਨ ਕਰ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਉੱਤੇ ਵੱਡੇ ਫ਼ੌਜੀ ਹਮਲੇ ਦੀ ਚਿਤਾਵਨੀ ਦੇਣ ਤੋਂ ਤੁਰੰਤ ਬਾਅਦ ਅਚਾਨਕ ਕਾਰਵਾਈ ਰੋਕਣ ਦੇ ਐਲਾਨ ਨੇ ਦੁਨੀਆ ਭਰ ਦੇ ਕੂਟਨੀਤਕ ਹਲਕਿਆਂ ਨੂੰ ਹੈਰਾਨ ਕਰ ਦਿੱਤਾ ਹੈ। ਟਰੰਪ ਦਾ ਦਾਅਵਾ ਹੈ ਕਿ ਅਮਰੀਕਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੀ ਸਭ ਤੋਂ ਬੇਮਿਸਾਲ ਅਤੇ ਵਿਨਾਸ਼ਕਾਰੀ ਫੌਜੀ ਤਾਕਤ ਨਾਲ ਹਮਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਸੀ। ਹਾਲਾਂਕਿ, ਉਨ੍ਹਾਂ ਅਨੁਸਾਰ ਇਰਾਨ ਅਤੇ ਮੱਧ ਪੂਰਬ ਦੇ ਹੋਰ ਗੁਆਂਢੀ ਦੇਸ਼ਾਂ ਵਲੋਂ ਆਈਆਂ ਬੇਨਤੀਆਂ ਤੋਂ ਬਾਅਦ ਅੰਤਰਰਾਸ਼ਟਰੀ ਸ਼ਾਂਤੀ ਅਤੇ 'ਦੁਨੀਆ ਦੀ ਭਲਾਈ' ਦੇ ਨਾਂਅ 'ਤੇ ਇਸ ਹਮਲੇ ਨੂੰ ਫਿਲਹਾਲ ਰੋਕ ਦਿੱਤਾ ਗਿਆ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਇਹ ਵਾਸਤਵ ਵਿੱਚ ਸ਼ਾਂਤੀ ਵੱਲ ਵਧਾਇਆ ਗਿਆ ਕਦਮ ਹੈ ਜਾਂ ਫਿਰ ਕੇਵਲ ਇੱਕ ਅਸਥਾਈ ਨੀਤੀ?




ਇਸ ਪੂਰੇ ਘਟਨਾਕ੍ਰਮ ਦੇ ਪਿੱਛੇ ਦੀ ਅਸਲ ਰਣਨੀਤੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਟਰੰਪ ਵੱਲੋਂ ਜੰਗ ਰੋਕਣ ਦਾ ਬਹਾਨਾ ਭਾਵੇਂ ਇੱਕ ਨਵੇਂ ਸਮਝੌਤੇ ਦੀ ਗੱਲ ਦੱਸਿਆ ਜਾ ਰਿਹਾ ਹੈ, ਪਰ ਇਸ ਦੇ ਪਿੱਛੇ ਖੇਤਰੀ ਦੇਸ਼ਾਂ ਦਾ ਭਾਰੀ ਦਬਾਅ ਸ਼ਾਮਲ ਹੈ। ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਸਮੇਤ ਕਈ ਅਰਬ ਦੇਸ਼ਾਂ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਸੀ ਕਿ ਇਰਾਨ 'ਤੇ ਹੋਰ ਹਮਲੇ ਪੂਰੇ ਖੇਤਰ ਨੂੰ ਅੱਗ ਦੀ ਲਪੇਟ ਵਿੱਚ ਲੈ ਸਕਦੇ ਹਨ। ਇਸ ਤੋਂ ਇਲਾਵਾ, ਅਮਰੀਕਾ ਵਿੱਚ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਗਲੋਬਲ ਆਰਥਿਕ ਮੰਦੀ ਦਾ ਡਰ ਵੀ ਇਸ ਫੈਸਲੇ ਦਾ ਵੱਡਾ ਕਾਰਨ ਬਣਿਆ।

ਹਾਲਾਂਕਿ, ਟਰੰਪ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਜੰਗ ਦਾ ਖਤਰਾ ਅਜੇ ਖ਼ਤਮ ਨਹੀਂ ਹੋਇਆ। ਜੇਕਰ ਇਰਾਨ ਨਾਲ ਅਮਰੀਕਾ ਦੀਆਂ ਸ਼ਰਤਾਂ ਮੁਤਾਬਕ ਤੁਰੰਤ ਕੋਈ ਠੋਸ ਸਮਝੌਤਾ ਨਹੀਂ ਹੁੰਦਾ, ਤਾਂ ਅਮਰੀਕੀ ਫੌਜ ਦੁਬਾਰਾ ਹਮਲਾ ਕਰ ਸਕਦੀ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਵੀ ਦਾਅਵਾ ਕੀਤਾ ਹੈ ਕਿ ਅਮਰੀਕੀ ਹਮਲਿਆਂ ਨੇ ਈਰਾਨੀ ਫੌਜ ਅਤੇ ਪ੍ਰਮਾਣੂ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ, ਜਿਸ ਕਾਰਨ ਇਰਾਨ ਹੁਣ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਮਜ਼ਬੂਰ ਹੋਇਆ ਹੈ।

ਅਮਰੀਕੀ ਦਾਅਵਿਆਂ ਨਾਲੋਂ ਬਿਲਕੁਲ ਉਲਟ ਨਜ਼ਰ ਆਉਂਦਾ ਹੈ। ਇਰਾਨੀ ਸਰਕਾਰੀ ਮੀਡੀਆ ਨੇ ਟਰੰਪ ਦੇ ਇਸ ਫੈਸਲੇ ਨੂੰ ਅਮਰੀਕਾ ਦੀ ਪਿੱਛੇ ਹਟਣ ਦੀ ਮਜ਼ਬੂਰੀ ਦੱਸਿਆ ਹੈ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਗੁਆਂਢੀ ਦੇਸ਼ਾਂ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਇਰਾਨ ਕਿਸੇ ਵੀ ਅਮਰੀਕੀ ਜਾਂ ਇਜ਼ਰਾਇਲੀ ਹਮਲੇ ਦਾ 'ਅੱਖ ਦੇ ਬਦਲੇ ਅੱਖ' ਦੀ ਨੀਤੀ ਤਹਿਤ ਢੁਕਵਾਂ ਅਤੇ ਮੂੰਹ ਤੋੜ ਜਵਾਬ ਦੇਵੇਗਾ। ਇਰਾਨ ਨੇ ਉਨ੍ਹਾਂ ਅਰਬ ਦੇਸ਼ਾਂ ਨੂੰ ਵੀ ਖੁੱਲ੍ਹੀ ਚਿਤਾਵਨੀ ਦਿੱਤੀ ਹੈ ਜੋ ਆਪਣੇ ਖੇਤਰ ਵਿੱਚ ਅਮਰੀਕੀ ਫੌਜੀ ਅੱਡਿਆਂ ਨੂੰ ਜਗ੍ਹਾ ਦਿੰਦੇ ਹਨ, ਕਿ ਜੇਕਰ ਅਮਰੀਕਾ ਨੇ ਉੱਥੋਂ ਕੋਈ ਹਮਲਾ ਕੀਤਾ ਤਾਂ ਉਹ ਦੇਸ਼ ਵੀ ਜੰਗ ਦੀ ਅੱਗ ਵਿੱਚ ਭਸਮ ਹੋ ਜਾਣਗੇ। ਇਰਾਨੀ ਆਗੂਆਂ ਦਾ ਦਾਅਵਾ ਹੈ ਕਿ ਉਹ ਅਮਰੀਕੀ ਧਮਕੀਆਂ ਅੱਗੇ ਕਦੇ ਨਹੀਂ ਝੁਕਣਗੇ ਅਤੇ ਆਪਣੀ ਸੰਪ੍ਰਭੁਤਾ ਦੀ ਰਾਖੀ ਲਈ ਹਰ ਹੱਦ ਤੱਕ ਜਾਣਗੇ।

(ਬਾਕੀ ਸਫ਼ਾ 27 'ਤੇ)

# 2029 ਦੀਆਂ ਚੋਣਾਂ ਵਿੱਚ ਮੋਦੀ ਸਰਕਾਰ ਵਿਰੁੱਧ ਡੂੰਘਾ ਹੋਵੇਗਾ ਸੰਕਟ

## 25 ਕਰੋੜ 'ਜੈਨ ਜੀ' ਵੋਟਰ ਲੈਣਗੇ ਫੈਸਲਾਕੁੰਨ ਮੋੜ

## ਮੋਦੀ ਸਰਕਾਰ ਦੀ ਸੋਸ਼ਲ ਮੀਡੀਆ 'ਤੇ 'ਨੇਰੇਟਿਵ ਕੰਟਰੋਲ' ਕਰਨ ਦੀ ਰਣਨੀਤੀ ਹੋਈ ਨਾਕਾਮ

ਦੇਸ਼ ਦੀ ਰਾਜਨੀਤੀ ਵਿੱਚ ਸਮੇਂ-ਸਮੇਂ 'ਤੇ ਅਜਿਹੇ ਇਤਿਹਾਸਿਕ ਮੋੜ ਆਉਂਦੇ ਹਨ, ਜੋ ਸੱਤਾ ਦੇ ਸਥਾਪਿਤ ਸਮੀਕਰਨਾਂ ਅਤੇ ਅਹੰਕਾਰ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੰਦੇ ਹਨ।ਭਾਰਤ ਦੇ ਵਰਤਮਾਨ ਸਿਆਸੀ ਦ੍ਰਿਸ਼ ਵਿੱਚ 'ਜੈਨ ਜੀ'—ਯਾਨੀ 1997 ਤੋਂ 2012 ਦੇ ਵਿਚਕਾਰ ਜਨਮੀ ਨਵੀਂ ਪੀੜ੍ਹੀ—ਦੁਆਰਾ ਪੇਪਰ ਲੀਕ, ਸਿੱਖਿਆ ਪ੍ਰਣਾਲੀ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਡੁੱਬਦੇ ਰੁਜ਼ਗਾਰ ਦੇ ਗੰਭੀਰ ਮੁੱਦਿਆਂ 'ਤੇ ਕੀਤਾ ਗਿਆ ਜੰਤਰ-ਮੰਤਰ ਦਾ ਅੰਦੋਲਨ ਕੋਈ ਰਵਾਇਤੀ ਜਾਂ ਸਾਧਾਰਨ ਵਿਰੋਧ ਪ੍ਰਦਰਸ਼ਨ ਨਹੀਂ ਸੀ। ਇਹ ਅੰਦੋਲਨ ਕਿਸੇ ਸਿਆਸੀ ਪਾਰਟੀ ਦੀ ਸ਼ਹਿ 'ਤੇ ਜਾਂ ਚੋਣ ਲਾਹਾ ਲਾਉਣ ਦੀ ਮਨਸ਼ਾ ਨਾਲ ਨਹੀਂ ਉੱਠਿਆ ਸੀ, ਸਗੋਂ ਇਹ ਲੱਖਾਂ-ਕਰੋੜਾਂ ਨੌਜਵਾਨਾਂ ਦੇ ਭਵਿੱਖ, ਸੁਪਨਿਆਂ ਅਤੇ ਉਨ੍ਹਾਂ ਦੇ ਅਸਤੀਤਵ ਦੀ ਲੜਾਈ ਸੀ।

ਜਦੋਂ ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਪ੍ਰੀਖਿਆਵਾਂ ਦੇ ਪਾਰਦਰਸ਼ੀ ਢਾਂਚੇ ਹੀ ਢਹਿ-ਢੇਰੀ ਹੋਣ ਲੱਗਣ, ਪੇਪਰ ਲੀਕ ਦੀਆਂ ਖ਼ਬਰਾਂ ਆਮ ਹੋ ਜਾਣ, ਅਤੇ ਯੋਗਤਾ ਦੀ ਬਜਾਏ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋ ਜਾਵੇ, ਤਾਂ ਦੇਸ਼ ਦੇ ਨੌਜਵਾਨਾਂ ਦਾ ਸੜਕਾਂ 'ਤੇ ਉੱਤਰਨਾ ਮਜ਼ਬੂਰੀ ਬਣ ਜਾਂਦਾ ਹੈ। ਇਸ ਵਿਰੋਧ ਪ੍ਰਦਰਸ਼ਨ ਦੌਰਾਨ ਸਰਕਾਰੀ ਤੰਤਰ ਅਤੇ ਪੁਲਿਸ ਦੁਆਰਾ ਅਪਣਾਇਆ ਗਿਆ ਸਖ਼ਤ ਰਵੱਈਆ—ਜਿਵੇਂ ਲਾਠੀਚਾਰਜ, ਅੱਥਰੂ ਗੈਸ, ਵਾਟਰ ਕੈਨਨ, ਇੰਟਰਨੈੱਟ ਬੰਦੀ ਅਤੇ ਅੰਦੋਲਨਕਾਰੀਆਂ ਨੂੰ ਡਰਾਉਣ-ਧਮਕਾਉਣ ਦੀਆਂ ਕੋਸ਼ਿਸ਼ਾਂ—ਨੌਜਵਾਨਾਂ ਦੇ ਮਨਾਂ ਵਿੱਚ ਡੂੰਘੇ ਜ਼ਖ਼ਮ ਛੱਡ ਗਈਆਂ ਹਨ। ਸਰਕਾਰ ਵਲੋਂ ਹੱਕ ਮੰਗ ਰਹੇ ਵਿਦਿਆਰਥੀਆਂ



ਨੂੰ ਪੀੜਤ ਸਮਝਣ ਦੀ ਬਜਾਏ ਗੁਨਾਹਗਾਰ ਵਜੋਂ ਪੇਸ਼ ਕਰਨ ਦਾ ਇਹ ਵਤੀਰਾ ਉਨ੍ਹਾਂ ਦੀ 'ਡਿਜੀਟਲ ਮੈਮੋਰੀ' ਵਿੱਚ ਹਮੇਸ਼ਾ ਲਈ ਦਰਜ ਹੋ ਗਿਆ ਹੈ, ਜਿਸ ਨੂੰ ਕਿਸੇ ਸਰਕਾਰੀ ਪ੍ਰਚਾਰ ਨਾਲ ਆਸਾਨੀ ਨਾਲ ਮਿਟਾਇਆ ਨਹੀਂ ਜਾ ਸਕਦਾ।ਇਸ ਪੂਰੇ ਘਟਨਾਕ੍ਰਮ ਦੌਰਾਨ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਲੋਂ ਨੌਜਵਾਨਾਂ ਨੂੰ ਆਪਣੇ ਨਾਲ ਜੋੜਨ ਅਤੇ ਗੁੱਸਾ ਸ਼ਾਂਤ ਕਰਨ ਲਈ ਕੀਤੇ ਗਏ ਯਤਨ ਵੀ ਚਰਚਾ ਦਾ ਵੱਡਾ ਕੇਂਦਰ ਰਹੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਇੰਸਟਾਗ੍ਰਾਮ 'ਤੇ ਰੀਲਾਂ ਪੋਸਟ ਕਰਕੇ ਨੌਜਵਾਨਾਂ ਨੂੰ 'ਫ੍ਰੈਂਡਜ਼' ਕਹਿ ਕੇ ਸੰਬੋਧਨ ਕਰਨਾ, ਜਾਂ ਸੰਸਦ ਅੰਦਰ ਉਨ੍ਹਾਂ ਦੀ ਪਾਰਟੀ ਦੇ ਆਗੂਆਂ ਦੁਆਰਾ ਨਵੀਂ ਪੀੜ੍ਹੀ ਦੀ ਸ਼ਬਦਾਵਲੀ (ਸਲੈਂਗ ਤੇ ਲਿੰਗੋ) ਦੀ ਵਰਤੋਂ ਕਰਕੇ ਆਪਣੇ ਆਪ ਨੂੰ 'ਜੈਨ ਜੀ' ਦੇ ਅਸਲ ਨੁਮਾਇੰਦੇ ਵਜੋਂ ਪੇਸ਼ ਕਰਨਾ, ਇੱਕ ਯੋਜਨਾਬੱਧ ਚੋਣ ਰਣਨੀਤੀ ਦਾ ਹਿੱਸਾ ਤਾਂ ਹੋ ਸਕਦਾ ਹੈ, ਪਰ ਇਸ ਦਾ ਅਸਰ ਉਲਟਾ ਦੇਖਣ ਨੂੰ ਮਿਲਿਆ।

ਸੋਸ਼ਲ ਮੀਡੀਆ 'ਤੇ ਇਨ੍ਹਾਂ ਯਤਨਾਂ ਦਾ ਜਿਸ ਤਰ੍ਹਾਂ ਮਜ਼ਾਕ ਬਣਾਇਆ ਗਿਆ, ਮੀਮਜ਼ ਦੀ ਬਾਰਿਸ਼ ਹੋਈ ਅਤੇ ਸਰਕਾਰੀ ਪਹਿਲਕਦਮੀਆਂ ਨੂੰ ਖਾਰਜ ਕੀਤਾ ਗਿਆ, ਉਹ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਅਸਲ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਕੇ ਸਿਰਫ਼ ਡਿਜੀਟਲ ਦਿਖਾਵੇ ਜਾਂ ਪਾਰਦਰਸ਼ਤਾ-ਹੀਣ ਨਾਅਰਿਆਂ ਨਾਲ ਇਸ ਪੀੜ੍ਹੀ ਦਾ ਭਰੋਸਾ ਨਹੀਂ ਜਿੱਤਿਆ ਜਾ ਸਕਦਾ। ਨੌਜਵਾਨਾਂ ਨੂੰ ਸਾਫ਼ ਮਹਿਸੂਸ ਹੋ ਰਿਹਾ ਹੈ ਕਿ ਸਰਕਾਰ ਉਨ੍ਹਾਂ ਦੇ ਦਰਦ ਅਤੇ ਰੁਜ਼ਗਾਰ ਦੇ

(ਬਾਕੀ ਸਫ਼ਾ 27 'ਤੇ)

# ਭਿਖਾਰੀਆਂ ਦਾ ਗੜ੍ਹ ਬਣਿਆ ਪੰਜਾਬ

## ਬਾਲ ਭਿਖਾਰੀਆਂ ਦੀ ਵਧਦੀ ਗਿਣਤੀ ਬਣੀ ਗੰਭੀਰ ਚੁਣੌਤੀ, ਸਰਕਾਰ ਦੀ ਚੁੱਪ ’ਤੇ ਉੱਠੇ ਸਵਾਲ



## ਪੰਜਾਬ ’ਚ 15 ਹਜ਼ਾਰ ਤੋਂ ਪਾਰ ਪਹੁੰਚੀ ਬਾਲ ਭਿਖਾਰੀਆਂ ਦੀ ਅੰਦਾਜ਼ਨ ਗਿਣਤੀ, 2011 ਦੇ ਮੁਕਾਬਲੇ ਦੁੱਗਣਾ ਵਾਧਾ

ਪੰਜਾਬ, ਜਿਸ ਨੂੰ ਦੇਸ਼ ਦਾ ਸਭ ਤੋਂ ਖੁਸ਼ਹਾਲ ਅਤੇ ਦਰਿਆਦਿਲ ਸੂਬਾ ਮੰਨਿਆ ਜਾਂਦਾ ਰਿਹਾ ਹੈ, ਅੱਜ ਇੱਕ ਅਜਿਹੀ ਖਾਮੋਸ਼ ਪਰ ਭਿਆਨਕ ਸਮਾਜਿਕ ਬਿਮਾਰੀ ਦੀ ਗ੍ਰਿਫ਼ਤ ਵਿੱਚ ਹੈ, ਜੋ ਇਸ ਦੀ ਖੁਸ਼ਹਾਲੀ ਦੇ ਦਾਅਵਿਆਂ ’ਤੇ ਵੱਡਾ ਪ੍ਰਸ਼ਨਚਿੰਨ੍ਹ ਲਗਾਉਂਦੀ ਹੈ। ਸ਼ਹਿਰਾਂ ਦੀਆਂ ਸੜਕਾਂ, ਟ੍ਰੈਫਿਕ ਸਿਗਨਲਾਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ ਅਤੇ ਇੱਥੋਂ ਤੱਕ ਕਿ ਪਵਿੱਤਰ ਧਾਰਮਿਕ ਸਥਾਨਾਂ ਦੇ ਬਾਹਰ ਭਿਖਾਰੀਆਂ, ਵਿਸ਼ੇਸ਼ ਕਰਕੇ ਮਾਸੂਮ ਬਾਲ ਭਿਖਾਰੀਆਂ ਦੀ ਦਿਨ-ਬ-ਦਿਨ ਵਧਦੀ ਗਿਣਤੀ ਨੇ ਆਮ ਨਾਗਰਿਕਾਂ ਅਤੇ ਰਾਹਗੀਰਾਂ ਲਈ ਵੱਡੀਆਂ ਪ੍ਰੇਸ਼ਾਨੀਆਂ ਖੜ੍ਹੀਆਂ ਕਰ ਦਿੱਤੀਆਂ ਹਨ।

ਇਹ ਸਮੱਸਿਆ ਸਿਰਫ਼ ਗਰੀਬੀ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਮਨੁੱਖੀ ਤਸਕਰੀ, ਨਸ਼ਿਆਂ ਦੀ ਲਤ ਅਤੇ ਸੰਗਠਿਤ ਗਿਰੋਹਾਂ ਦੇ ਇੱਕ ਵੱਡੇ ਜਾਲ ਵਿੱਚ ਬਦਲ ਚੁੱਕੀ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿੱਚ 0-14 ਸਾਲ ਦੇ 7,224 ਬਾਲ ਭਿਖਾਰੀ ਸਨ, ਜੋ ਅੱਜ ਅੰਦਾਜ਼ਨ 15 ਹਜ਼ਾਰ ਤੋਂ ਵੀ ਪਾਰ ਹੋ ਚੁੱਕੇ ਹਨ। ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਪਟਿਆਲਾ ਅਤੇ ਮੋਹਾਲੀ ਵਰਗੇ ਵੱਡੇ ਸ਼ਹਿਰ ਇਸ ਦੇ ਮੁੱਖ ਕੇਂਦਰ ਬਣ ਚੁਕੇ



ਹਨ। ਟ੍ਰੈਫਿਕ ਸਿਗਨਲਾਂ ’ਤੇ ਗੱਡੀਆਂ ਦੇ ਘੇਰਾਓ, ਬਾਜ਼ਾਰਾਂ ਵਿੱਚ ਜ਼ਬਰਦਸਤੀ ਪੈਸੇ ਮੰਗਣ ਅਤੇ ਧਾਰਮਿਕ ਅਸਥਾਨਾਂ ਦੇ ਬਾਹਰ ਸ਼ਰਧਾਲੂਆਂ ਨੂੰ ਪ੍ਰੇਸ਼ਾਨ ਕਰਨ ਨਾਲ ਨਾ ਸਿਰਫ਼ ਆਮ ਨਾਗਰਿਕਾਂ ਲਈ ਅਸੁਰੱਖਿਆ ਦਾ ਮਾਹੌਲ ਬਣਦਾ ਹੈ, ਸਗੋਂ ਸੂਬੇ ਦੇ ਸ਼ਹਿਰੀ ਨਿਜ਼ਾਮ ਅਤੇ ਸੈਰ-ਸਪਾਟੇ ’ਤੇ ਵੀ ਮਾੜਾ ਅਸਰ ਪੈਂਦਾ ਹੈ। ਇਸ ਤੋਂ ਇਲਾਵਾ, ਲੋਕਾਂ ਦੀ ‘ਦਾਨ ਦੇਣ ਦੀ ਭਾਵਨਾ’ ਦਾ ਨਜਾਇਜ਼ ਫਾਇਦਾ ਚੁੱਕ ਕੇ ਭੀਖ ਮੰਗਵਾਉਣ ਵਾਲੇ ਮਾਫੀਆ ਆਪਣੇ ਖੀਸੇ ਭਰ ਰਹੇ ਹਨ।

**ਪੰਜਾਬ ਕਿਉਂ ਗੜ੍ਹ ਬਣਿਆ ਭਿਖਾਰੀਆਂ ਦਾ ?**

ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਭੀਖ ਮੰਗਣ ਵਾਲਿਆਂ ਵਿੱਚ ਸਥਾਨਕ ਲੋਕਾਂ ਤੋਂ ਇਲਾਵਾ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਤੋਂ ਆਏ ਪਰਵਾਸੀ ਸ਼ਾਮਲ ਹਨ। ਜਦੋਂ ਹੋਰਨਾਂ ਸੂਬਿਆਂ ਜਾਂ ਮਹਾਨਗਰਾਂ ਵਿੱਚ ਪ੍ਰਸ਼ਾਸਨਿਕ ਸਖ਼ਤੀ ਹੁੰਦੀ ਹੈ, ਤਾਂ ਸੰਗਠਿਤ ਗਿਰੋਹ ਬੱਚਿਆਂ ਅਤੇ ਔਰਤਾਂ ਨੂੰ ਪੰਜਾਬ ਦੇ ਧਾਰਮਿਕ ਅਤੇ ਆਰਥਿਕ ਤੌਰ ’ਤੇ ਖੁਸ਼ਹਾਲ ਸ਼ਹਿਰਾਂ ਵੱਲ ਧੱਕ ਦਿੰਦੇ ਹਨ। ਸਰਹੱਦਾਂ ਅਤੇ ਰੇਲਵੇ ਸਟੇਸ਼ਨਾਂ ’ਤੇ ਪ੍ਰਸ਼ਾਸਨਿਕ ਨਿਗਰਾਨੀ ਦੀ ਘਾਟ ਕਾਰਨ ਇਹ ਗਿਰੋਹ ਬਿਨਾਂ ਕਿਸੇ ਡਰ ਤੋਂ ਇੱਥੇ ਆਪਣੇ ਪੈਰ ਪਸਾਰ ਰਹੇ ਹਨ।

ਬਾਲ ਭਿਖਾਰੀਆਂ ਦਾ ਮੁੱਦਾ ਸਭ ਤੋਂ ਵੱਧ ਚਿੰਤਾਜਨਕ ਹੈ। ਖੋਜ-ਪੱਤਰਾਂ ਅਤੇ ਬਚਾਅ ਮੁਹਿੰਮਾਂ ਤੋਂ ਸਾਹਮਣੇ ਆਇਆ ਹੈ ਕਿ ਭੀਖ ਮੰਗਣ ਵਾਲੇ ਬੱਚੇ ਨਾ ਸਿਰਫ਼ ਸਿੱਖਿਆ ਅਤੇ ਸਿਹਤ ਤੋਂ ਵਾਂਝੇ ਹਨ, ਸਗੋਂ ਉਹ ਸਰੀਰਕ, ਮਾਨਸਿਕ ਅਤੇ ਜਿਨਸੀ ਸ਼ੋਸ਼ਣ, ਭਿਅੰਕਰ ਵਾਂਗ ਦੀਆਂ ਬਿਮਾਰੀਆਂ ਦਾ ਸ਼ਿਕਾਰ ਵੀ ਹੁੰਦੇ ਹਨ। ਲੁਧਿਆਣਾ ਵਰਗੇ ਉਦਯੋਗਿਕ ਸ਼ਹਿਰਾਂ ਵਿੱਚ ਚਲਾਈਆਂ ਗਈਆਂ ਮੁਹਿੰਮਾਂ ਦੌਰਾਨ ਕਈ ਬੱਚੇ ਨਸ਼ੇ ਦੀ ਪੂਰਤੀ ਲਈ ਭੀਖ ਮੰਗਦੇ ਪਾਏ ਗਏ।



ਭਾਵੇਂ ਪੰਜਾਬ ਵਿੱਚ ‘ਦੀ ਪੰਜਾਬ ਪ੍ਰੀਵੈਂਸ਼ਨ ਆਫ਼ ਬੈਗਰੀ ਐਕਟ, 1971’ ਅਤੇ ਰਾਸ਼ਟਰੀ ਪੱਧਰ ’ਤੇ ‘ਬਾਲ ਸੁਰੱਖਿਆ ਕਾਨੂੰਨ’ ਮੌਜੂਦ ਹਨ, ਪਰ ਇਨ੍ਹਾਂ ਦੀ ਅਮਲੀ ਤੌਰ ’ਤੇ ਪਾਲਣਾ ਲਗਭਗ ਜ਼ੀਰੋ ਹੈ। ਸਰਕਾਰ ਵੱਲੋਂ ਚਲਾਏ ਗਏ ‘ਪ੍ਰੋਜੈਕਟ ਜੀਵਨਜੋਤ 2.0’ ਵਰਗੇ ਉਪਰਾਲਿਆਂ ਤਹਿਤ ਕੁਝ ਬੱਚਿਆਂ ਨੂੰ ਮੁਕਤ ਕਰਵਾ ਕੇ ਸਕੂਲਾਂ ਵਿੱਚ ਦਾਖ਼ਲ ਜ਼ਰੂਰ ਕਰਵਾਇਆ ਗਿਆ ਹੈ, ਪਰ ਇਹ ਕਾਰਵਾਈਆਂ ਅਕਸਰ ‘ਮੌਸਮੀ’ ਜਾਂ ਦਿਖਾਵੇ ਤੱਕ ਸੀਮਤ ਰਹਿ ਜਾਂਦੀਆਂ ਹਨ। ਠੋਸ ਨਿਗਰਾਨੀ ਨਾ ਹੋਣ ਕਾਰਨ ਬਚਾਏ ਗਏ ਬੱਚੇ ਮੁੜ ਸੜਕਾਂ ’ਤੇ ਆ ਜਾਂਦੇ ਹਨ।

**ਸਮੱਸਿਆ ਦੇ ਸਥਾਈ ਹੱਲ ਲਈ ਜ਼ਰੂਰੀ ਕਦਮ ਚੁੱਕੇ ਸਰਕਾਰ**

ਸਮੱਸਿਆ ਦਾ ਹੱਲ ਸਿਰਫ਼ ਪੁਲਿਸ ਦੀਆਂ ਅਚਾਨਕ ਛਾਪੇਮਾਰੀਆਂ ਨਾਲ ਨਹੀਂ ਹੋ ਸਕਦਾ; ਇਸ ਲਈ ਇੱਕ ਵਿਆਪਕ ਨੀਤੀ ਦੀ ਲੋੜ ਹੈ। ਪੁਲਿਸ ਅਤੇ ਬਾਲ ਸੁਰੱਖਿਆ ਵਿਭਾਗ ਨੂੰ ਮਿਲ ਕੇ ਭੀਖ ਮੰਗਵਾਉਣ ਵਾਲੇ ਮਾਫੀਆ ਅਤੇ ਮਨੁੱਖੀ ਤਸਕਰਾਂ ’ਤੇ ਧਾਰਾ 363-ਏ (ਆਈ.ਪੀ.ਸੀ./ਬੀ.ਐਨ.ਐਸ.) ਅਤੇ ਬਾਲ ਕਾਨੂੰਨਾਂ ਤਹਿਤ ਸਖ਼ਤ ਮੁਕੱਦਮੇ ਦਰਜ ਕਰਨੇ ਚਾਹੀਦੇ ਹਨ। ਆਮ ਜਨਤਾ ਨੂੰ ਵੀ ਸੜਕਾਂ ’ਤੇ ਭੀਖ ਦੇਣ ਦੀ ਬਜਾਏ ਅਜਿਹੇ ਬੱਚਿਆਂ ਦੀ ਮਦਦ ਲਈ ਸਿੱਖਿਆ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।

ਪੰਜਾਬ ਸਰਕਾਰ ਦੀ ਚੁੱਪ ਅਤੇ ਢਿੱਲਮੱਠ ਵਾਲਾ ਰਵੱਈਆ ਆਉਣ ਵਾਲੇ ਸਮੇਂ ਵਿੱਚ ਇੱਕ ਵੱਡਾ ਸਮਾਜਿਕ ਸੰਕਟ ਖੜ੍ਹਾ ਕਰ ਸਕਦਾ ਹੈ। ਜੇਕਰ ਸੂਬੇ ਦੇ ਭਵਿੱਖ—ਯਾਨੀ ਬੱਚਿਆਂ—ਨੂੰ ਸੜਕਾਂ ’ਤੇ ਕਾਸਾ ਲੈ ਕੇ ਖੜ੍ਹੇ ਹੋਣ ਲਈ ਮਜ਼ਬੂਰ ਛੱਡ ਦਿੱਤਾ ਗਿਆ, ਤਾਂ ‘ਰੰਗਲਾ ਪੰਜਾਬ’ ਬਣਾਉਣ ਦਾ ਸੁਪਨਾ ਕਦੇ ਸਾਕਾਰ ਨਹੀਂ ਹੋ ਸਕਦਾ। ਸਰਕਾਰ, ਪ੍ਰਸ਼ਾਸਨ ਅਤੇ ਸਮਾਜ ਨੂੰ ਮਿਲ ਕੇ ਇਸ ਅਪਰਾਧਿਕ ਅਤੇ ਮਾਨਵਤਾ-ਵਿਰੋਧੀ ਪ੍ਰਥਾ ਨੂੰ ਜੜ੍ਹੋਂ ਪੁੱਟਣ ਲਈ ਤੁਰੰਤ ਠੋਸ ਕਦਮ ਚੁੱਕਣੇ ਪੈਣਗੇ।

# ਕੀ ਨਵੇਂ ‘ਜਲ੍ਹਿਆਂ ਵਾਲੇ ਬਾ.ਗ’ ਵੱਲ ਵਧ ਰਿਹਾ ਹੈ ਦੇਸ਼ ?

## ਕਸ਼ਮੀਰ, ਪੰਜਾਬ ਤੋਂ ਦਿੱਲੀ ਤੱਕ ਸਰਕਾਰੀ ਦਹਿਸ਼ਤ: ਹੱਕ ਮੰਗਦੇ ਨੌਜਵਾਨਾਂ ’ਤੇ ਅੰਧਾਧੁੰਦ ਛਰੇ ਵਰਸਾਉਣ ’ਤੇ ਉੱਠੇ ਗੰਭੀਰ ਸਵਾਲ

### .ਗੈਰ-ਘਾਤਕ ਹਥਿਆਰਾਂ ਦੀ ਦਹਿਸ਼ਤ ਹੇਠ ਨਾਗਰਿਕਾਂ ਦੇ ਅਧਿਕਾਰ

### ਪੇਪਰ ਲੀਕ ਖ਼ਿਲਾਫ਼ ਆਵਾਜ਼ ਚੁੱਕਣ ਦੀ ਮਿਲੀ ਸਜ਼ਾ,ਕੇਂਦਰ ਸਰਕਾਰ ਦੀ ਕਾਰਵਾਈ ’ਤੇ .ਫ਼ੈਲਿਆ ਰੋਸ

ਦੇਸ਼ ਦੀ ਰਾਜਧਾਨੀ ਵਿੱਚ ਪਿਛਲੇ ਦਿਨੀਂ ਵਿਦਿਆਰਥੀਆਂ ਅਤੇ ਨਾਗਰਿਕਾਂ ਦੇ ਅੰਦੋਲਨ ਦੌਰਾਨ ਹੋਈ ਭਿਆਨਕ ਹਿੰਸਾ ਅਤੇ ਉਸ ਤੋਂ ਬਾਅਦ ਸੁਰੱਖਿਆ ਬਲਾਂ ਵੱਲੋਂ ਕੀਤੇ ਗਏ ਬਲ ਪ੍ਰਯੋਗ ਨੇ ਪੂਰੇ ਦੇਸ਼ ਦੀ ਸਿਆਸਤ ਅਤੇ ਜਮਹੂਰੀ ਢਾਂਚੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਿੱਖਿਆ ਸੁਧਾਰਾਂ ਅਤੇ ਪੇਪਰ ਲੀਕ ਮਾਮਲੇ ਨੂੰ ਲੈ ਕੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰ ਰਹੇ ‘ਕਾਕਰੋਚ ਜਨਤਾ ਪਾਰਟੀ’ ਅਤੇ ਹੋਰ ਵਿਦਿਆਰਥੀ ਸੰਗਠਨਾਂ ਦੇ ਪ੍ਰਦਰਸ਼ਨਕਾਰੀਆਂ ’ਤੇ ਰੈਪਿਡ ਐਕਸ਼ਨ ਫ਼ੋਰਸ ਦੁਆਰਾ ਪੈਲੇਟ ਗੰਨ ਚਲਾਏ ਜਾਣ ਦੇ ਦਾਅਵਿਆਂ ਨੇ ਮਾਨਵ-ਅਧਿਕਾਰ ਸੰਸਥਾਵਾਂ, ਤੇ ਆਮ ਜਨਤਾ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ ਕਿ ਦੇਸ਼ ਨਵੇਂ ‘ਜਲ੍ਹਿਆਂ ਵਾਲੇ ਬਾਗ’ ਵੱਲ ਕਿਉਂ ਵਧ ਰਿਹਾ ?ਕਸ਼ਮੀਰੀ ਘਾਟੀ ਅਤੇ ਪੰਜਾਬ ਦੇ ਕਿਸਾਨੀ ਅੰਦੋਲਨਾਂ ਵਿੱਚ ਭੀੜ ਨਿਯੰਤਰਣ ਲਈ ਵਰਤੇ ਜਾਣ ਵਾਲੇ ਪੇਲੇਟ ਗੰਨ ਹੁਣ ਦੇਸ਼ ਦੀ ਰਾਜਧਾਨੀ ਦਿੱਲੀ ਤੱਕ ਵਰਤੇ ਚੁੱਕੇ ਹਨ। ਇਸ ਹਥਿਆਰ ਨੂੰ ਸਰਕਾਰੀ ਕਾਗਜ਼ਾਂ ਵਿੱਚ ‘ਗੈਰ-ਘਾਤਕ’ ਕਿਹਾ ਜਾਂਦਾ ਹੈ, ਉਸ ਦੇ ਨਿਸ਼ਾਨ 19 ਸਾਲਾ ਵਿਦਿਆਰਥੀਆਂ, ਨੌਜਵਾਨਾਂ ਅਤੇ ਪੱਤਰਕਾਰਾਂ ਦੇ ਚਿਹਰਿਆਂ ਅਤੇ ਸਰੀਰਾਂ ’ਤੇ ਬਣੇ ਡੂੰਘੇ ਛੇਕਾਂ ਦੇ ਰੂਪ ਵਿੱਚ ਸਾਫ਼ ਦਿਖਾਈ ਦੇ ਰਹੇ ਹਨ ਕਿ ਇਹ ਅਤਿਅੰਤ ਘਾਤਕ ਹਥਿਆਰ ਹਨ



ਯਾਦ ਰਹੇ ਕਿ ਮਾਨਸੂਨ ਸੈਸ਼ਨ ਦੌਰਾਨ ਪਿਛਲੇ ਦਿਨੀਂ ਦੁਪਹਿਰ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਅਤੇ ਵਿਦਿਆਰਥੀ ਸੰਸਦ ਵੱਲ ਮਾਰਚ ਕਰਨ ਲਈ ਇਕੱਠੇ ਹੋਏ ਸਨ। ਅੰਦੋਲਨਕਾਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਅਤੇ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਦੀ ਮੰਗ ਕਰ ਰਹੇ ਸਨ। ਜਦੋਂ ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਤੋੜ ਕੇ ਨਵੇਂ ਸੰਸਦ ਭਵਨ ਵੱਲ ਵਧਣ ਦੀ ਕੋਸ਼ਿਸ਼ ਕੀਤੀ ਸੀ, ਤਾਂ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਅਤੇ ਦਿੱਲੀ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਲਈ ਪੈਲੇਟ ਗੰਨ ,ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ ਦੀ ਵਰਤੋਂ ਕੀਤੀ ਸੀ।

ਸ਼ੁਰੂਆਤ ਵਿੱਚ ਦਿੱਲੀ ਪੁਲਿਸ ਨੇ ਪੈਲੇਟ ਗੰਨ ਦੇ ਇਸਤੇਮਾਲ ਤੋਂ ਸਾਫ਼ ਇਨਕਾਰ ਕਰਦਿਆਂ ਇਨ੍ਹਾਂ ਖ਼ਬਰਾਂ ਨੂੰ ਝੂਠਾ ਦੱਸਿਆ ਸੀ। ਪਰ ਜਦੋਂ ਦਿੱਲੀ ਯੂਨੀਵਰਸਿਟੀ ਦੇ 19 ਸਾਲਾ ਸਾਹਿਲ ਲੋਚਾਬ, ਸ਼ੇਖ਼ ਇਰਸ਼ਾਦ ਮਨਸੂਰੀ ਅਤੇ 28 ਸਾਲਾ ਪੱਤਰਕਾਰ ਮੋਹਿਤ ਦੇ ਮੈਡੀਕਲ-ਲੀਗਲ ਰਿਪੋਰਟਾਂ ਅਤੇ ਐਕਸ-ਰੇ ਸਾਹਮਣੇ ਆਏ ਸਨ, ਤਾਂ ਪੁਲਿਸ ਦੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ। ਪ੍ਰਦਰਸ਼ਨਕਾਰੀਆਂ ਦੇ ਸਰੀਰਾਂ ਵਿੱਚ 20 ਤੋਂ 40 ਤੋਂ ਵੱਧ ਧਾਤੂ ਦੇ ਕਣ ਫ਼ਸੇ ਮਿਲੇ। 19 ਸਾਲਾ ਸਾਹਿਲ ਲੋਚਾਬ ਦੀ ਇੱਕ ਅੱਖ ਦੀ ਰੌਸ਼ਨੀ ਪੈਲੇਟ ਲੱਗਣ ਕਾਰਨ ਗੁਆਚਣ ਦੇ ਖ਼ਤਰੇ ਹੇਠ ਹੈ।ਬੈਲਿਸਟਿਕ ਅਤੇ ਫ਼ੋਰੈਂਸਿਕ ਮਾਹਿਰਾਂ ਨੇ ਬੀ.ਬੀ.ਸੀ. ਅਤੇ ਹੋਰ ਅੰਤਰਰਾਸ਼ਟਰੀ ਏਜੰਸੀਆਂ ਨੂੰ ਦਿੱਤੇ ਬਿਆਨਾਂ ਵਿੱਚ ਪੁਸ਼ਟੀ ਕੀਤੀ ਹੈ ਕਿ ਜ਼ਖ਼ਮੀਆਂ ਦੇ ਸਰੀਰ ’ਤੇ ਬਣੇ ਨਿਸ਼ਾਨ 12-ਗੇਜ ਪੰਪ-ਐਕਸ਼ਨ ਸ਼ਾਟਗਨ ਨਾਲ ਫ਼ਾਇਰ ਕੀਤੇ ਗਏ ‘ਬਰਡਸ਼ਾਟ’ ਕਾਰਤੂਸਾਂ ਦੇ ਹਨ।ਬਰਡਸ਼ਾਟ ਕਾਰਤੂਸਾਂ ਵਿੱਚ 200 ਤੋਂ 400 ਤੱਕ ਛੋਟੇ ਸੀਸੇ ਜਾਂ ਧਾਤ ਦੇ ਛਰੇ ਹੁੰਦੇ ਹਨ, ਜੋ ਚੱਲਣ ਤੋਂ ਬਾਅਦ ਹਵਾ ਵਿੱਚ ਵਿਆਪਕ ਤੌਰ ’ਤੇ ਫ਼ੈਲ ਜਾਂਦੇ ਹਨ। ਇਹ ਹਥਿਆਰ ਇਹ ਨਹੀਂ ਦੇਖਦਾ ਕਿ ਸਾਹਮਣੇ ਹਿੰਸਕ ਹੈ, ਸ਼ਾਂਤਮਈ ਪ੍ਰਦਰਸ਼ਨਕਾਰੀ ਹੈ ਜਾਂ ਕੋਈ ਆਮ ਰਾਹਗੀਰ।ਬ੍ਰਿਟੇਨ ਦੇ ਆਰਮਾਮੈਂਟ ਰਿਸਰਚ ਸਰਵਿਸ ਦੇ ਮਾਹਿਰਾਂ ਅਨੁਸਾਰ, ਇਹ ਛਰੇ ਸਰੀਰ ਦੇ ਅੰਦਰੂਨੀ ਅੰਗਾਂ ਵਿੱਚ ਡੂੰਘੇ ਧੱਸ ਜਾਂਦੇ ਹਨ। ਇਹ ਸਰੀਰ ਵਿੱਚ ਜ਼ਹਿਰੀਲਾ ਸੀਸਾ ਛੱਡਦੇ ਹਨ, ਜਿਨ੍ਹਾਂ ਨੂੰ ਸਰਜਰੀ ਨਾਲ ਕੱਢਣਾ ਬਹੁਤ ਜੋਖ਼ਮ ਭਰਿਆ ਹੁੰਦਾ ਹੈ।ਬ੍ਰਿਟੇਨ ਵਰਗੇ ਦੇਸ਼ਾਂ ਵਿੱਚ ਇਨ੍ਹਾਂ ਦੀ ਵਰਤੋਂ ਸਿਰਫ਼ ਪੰਛੀਆਂ ਦੇ ਸ਼ਿਕਾਰ ਲਈ ਹੁੰਦੀ ਹੈ; ਭੀੜ ਨਿਯੰਤਰਣ ਲਈ ਇਨ੍ਹਾਂ ਦੀ ਵਰਤੋਂ ਪੂਰੀ ਤਰ੍ਹਾਂ ਅਸੰਵਿਧਾਨਕ ਅਤੇ ਖ਼ਤਰਨਾਕ ਮੰਨੀ ਜਾਂਦੀ ਹੈ।

**ਅਦਾਲਤ ਦਾ .ਫ਼ੈਸਲਾ ਕੀ ਜਮਹੂਰੀਅਤ ’ਤੇ ਮੰਡਰਾਉਂਦਾ ਖ਼ਤਰਾ ਹੈ ?**

ਦਿੱਲੀ ਵਿੱਚ ਪੈਲੇਟ ਗੰਨ ਦੇ ਇਸਤੇਮਾਲ ਤੋਂ ਬਾਅਦ ਦੇਸ਼ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਹੈ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪੀੜਤ ਵਿਦਿਆਰਥੀਆਂ ਨੂੰ ਪ੍ਰੈੱਸ ਕਾਨਫ਼ਰੰਸ ਵਿੱਚ ਨਾਲ ਬਿਠਾ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਕੀਤੀ ਸੀ। ਚਾਰੇ ਪਾਸਿਓਂ ਹੋ ਰਹੀ ਚੌਤਰਫ਼ਾ ਆਲੋਚਨਾ ਅਤੇ ਨੌਜਵਾਨਾਂ ਦੇ ਪ੍ਰਦਰਸ਼ਨਾਂ ਦੇ ਦਬਾਅ ਅੱਗੇ ਝੁਕਦਿਆਂ 25 ਜੁਲਾਈ ਨੂੰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

(ਬਾਕੀ ਸਫ਼ਾ 27 ’ਤੇ)

# ਅਜੇ ਨਹੀਂ ਖੁੱਲ੍ਹੇਗਾ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ

## ਸੁਰੱਖਿਆ ਹਾਲਤਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਬੰਦ ਰੱਖਣ ਲਈ ਮਜਬੂਰ ਕੀਤਾ: ਕੇਂਦਰ ਸਰਕਾਰ

ਚੰਡੀਗੜ੍ਹ/ਏ.ਟੀ.ਨਿਊਜ਼: ਕੇਂਦਰ ਸਰਕਾਰ ਨੇ ਮੌਜੂਦਾ ਸੁਰੱਖਿਆ ਸਥਿਤੀ ਦਾ ਹਵਾਲਾ ਦਿੰਦਿਆਂ ਕਰਤਾਰਪੁਰ ਲਾਂਘਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਹੈ। ਕੇਂਦਰੀ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਬਾਰੇ ਸਿੱਖ ਧਾਰਮਿਕ ਸਮੂਹਾਂ ਵੱਲੋਂ ਪੱਤਰ ਪ੍ਰਾਪਤ ਹੋਏ ਹਨ, ਪਰ ਸੁਰੱਖਿਆ ਹਾਲਤਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਬੰਦ ਰੱਖਣ ਲਈ ਮਜਬੂਰ ਕੀਤਾ ਹੋਇਆ ਹੈ। ਸੰਸਦ ਦੇ ਚੱਲ ਰਹੇ ਮੌਨਸੂਨ ਸੈਸ਼ਨ ਵਿੱਚ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਇਹ ਸਵਾਲ ਉਠਾਇਆ ਗਿਆ ਸੀ।

ਕੇਂਦਰੀ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਨੂੰ 7 ਮਈ 2025 ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਹੁਣ ਕਰੀਬ ਸਵਾ ਸਾਲ ਤੋਂ ਕਰਤਾਰਪੁਰ ਲਾਂਘਾ ਬੰਦ ਪਿਆ ਹੈ ਅਤੇ ਸਿੱਖ ਭਾਈਚਾਰੇ ਵੱਲੋਂ ਇਹ ਲਾਂਘਾ ਖੋਲ੍ਹੇ ਜਾਣ ਦੀ ਅਪੀਲ ਕੀਤੀ ਜਾ ਰਹੀ ਹੈ। ਭਾਰਤ-ਪਾਕਿਸਤਾਨ ਸਰਕਾਰ ਨੇ ਸ਼ਰਧਾਲੂਆਂ ਦੀ ਸਹੂਲਤ ਲਈ 24 ਅਕਤੂਬਰ 2019 ਨੂੰ ਇੱਕ ਸਮਝੌਤਾ ਕੀਤਾ ਸੀ ਤਾਂ ਜੋ ਸੰਗਤਾਂ ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾ ਸਕਣ।



**ਇਤਿਹਾਸ ਅਤੇ ਲਾਂਘੇ ਦੇ ਬੰਦ ਹੋਣ ਦਾ ਪਿਛੋਕੜ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖ਼ਰੀ ਸਾਲ ਇੱਥੇ ਬਿਤਾਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਇਹ ਪਵਿੱਤਰ ਲਾਂਘਾ ਦੋਵੇਂ ਮੁਲਕਾਂ ਨੇ ਇੱਕ ਸਮਝੌਤੇ ਤਹਿਤ ਖੋਲ੍ਹਿਆ ਸੀ। ਜਦੋਂ ਕਰੋਨਾ ਮਹਾਂਮਾਰੀ ਚੱਲ ਰਹੀ ਸੀ ਤਾਂ ਉਸ ਵਕਤ ਅਸਥਾਈ ਤੌਰ 'ਤੇ ਲਾਂਘਾ ਬੰਦ ਕਰ ਦਿੱਤਾ ਗਿਆ ਸੀ ਅਤੇ ਮੁੜ 17 ਨਵੰਬਰ 2021 ਨੂੰ ਲਾਂਘਾ ਖੋਲ੍ਹ ਦਿੱਤਾ ਗਿਆ ਸੀ। ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਮਗਰੋਂ ਭਾਰਤ-ਪਾਕਿਸਤਾਨ ਦਰਮਿਆਨ ਸਰਹੱਦੀ ਤਣਾਅ ਵਧ ਗਿਆ ਸੀ। ਸ਼ਰਧਾਲੂਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਅਸਥਾਈ ਤੌਰ 'ਤੇ ਪਵਿੱਤਰ ਲਾਂਘਾ ਬੰਦ ਕਰ ਦਿੱਤਾ ਗਿਆ ਸੀ ਅਤੇ ਹਾਲੇ ਤੱਕ ਇਹ ਲਾਂਘਾ ਮੁੜ ਖੁੱਲ੍ਹਿਆ ਨਹੀਂ ਹੈ।

**ਸਿਆਸੀ ਧਿਰਾਂ ਦੀ ਮੰਗ ਅਤੇ ਭਾਜਪਾ ਦਾ ਰੁਖ਼**

ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਬਾਕੀ ਸਿਆਸੀ ਧਿਰਾਂ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਦੀ ਮੰਗ ਉਠਾਈ ਜਾ ਰਹੀ ਹੈ। ਕੇਂਦਰੀ ਵਿਦੇਸ਼ ਮੰਤਰਾਲੇ ਦੇ ਮੌਜੂਦਾ ਰੁਖ਼ ਤੋਂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਦੇ ਆਸਾਰ ਕਾਫ਼ੀ ਘੱਟ ਹਨ। ਪੰਜਾਬ ਵਿਧਾਨ ਸਭਾ ਚੋਣਾਂ ਨਜ਼ਦੀਕ ਹੋਣ ਕਰਕੇ ਸਿੱਖ ਭਾਈਚਾਰੇ ਨੇ ਲਾਂਘਾ ਖੋਲ੍ਹਣ ਦੀ ਮੰਗ ਨੂੰ ਉਠਾਉਣਾ ਸ਼ੁਰੂ ਕਰ ਦਿੱਤਾ ਹੈ, ਪਰ ਭਾਜਪਾ ਇਸ ਬਾਰੇ ਕੋਈ ਫ਼ੈਸਲਾ ਨਹੀਂ ਕਰ ਸਕੀ ਹੈ। ਹਾਲਾਂਕਿ ਪੰਜਾਬ ਭਾਜਪਾ ਵੀ ਅੰਦਰੂਨੀ ਤੌਰ 'ਤੇ ਇਹ ਲਾਂਘਾ ਖੋਲ੍ਹੇ ਜਾਣ ਲਈ ਹਾਈਕਮਾਂਡ ਨੂੰ ਕਹਿ ਰਹੀ ਹੈ।

**ਭਵਿੱਖ ਦੀਆਂ ਸੰਭਾਵਨਾਵਾਂ ਅਤੇ ਪਿਛਲੇ ਸਫ਼ਰ ਦੇ ਅੰਕੜੇ**

ਉਂਝ, ਅਕਤੂਬਰ 2024 ਵਿੱਚ ਕਰਤਾਰਪੁਰ ਲਾਂਘੇ ਦੀ ਮਿਆਦ ਵਿੱਚ ਪੰਜ ਸਾਲ ਦਾ ਵਾਧਾ ਕਰ ਦਿੱਤਾ ਗਿਆ ਸੀ। ਸੂਤਰ ਆਖਦੇ ਹਨ ਕਿ ਫ਼ਿਲਹਾਲ ਤਾਂ ਪਵਿੱਤਰ ਲਾਂਘਾ ਖੋਲ੍ਹੇ ਜਾਣ ਦੀ ਸੰਭਾਵਨਾ ਘੱਟ ਜਾਪਦੀ ਹੈ, ਪਰ ਪੰਜਾਬ ਚੋਣਾਂ ਦੇ ਨੇੜੇ ਭਾਜਪਾ ਸਿੱਖ ਭਾਈਚਾਰੇ ਨੂੰ ਖ਼ੁਸ਼ ਕਰਨ ਲਈ ਸ੍ਰੀ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਫ਼ੈਸਲਾ ਲੈ ਵੀ ਸਕਦੀ ਹੈ। ਜਦੋਂ 2019 ਵਿੱਚ ਇਹ ਲਾਂਘਾ ਖੋਲ੍ਹਿਆ ਗਿਆ ਸੀ ਤਾਂ ਪਹਿਲੇ ਤਿੰਨ ਮਹੀਨਿਆਂ ਵਿੱਚ 44,951 ਯਾਤਰੀ ਕਰਤਾਰਪੁਰ ਸਾਹਿਬ ਦਰਸ਼ਨਾਂ ਲਈ ਗਏ ਸਨ।

ਪ੍ਰਾਪਤ ਵੇਰਵਿਆਂ ਅਨੁਸਾਰ ਕਰਤਾਰਪੁਰ ਲਾਂਘੇ ਜ਼ਰੀਏ ਸਾਲ 2021 ਵਿੱਚ 10,025, ਸਾਲ 2022 ਵਿੱਚ 86,097 ਅਤੇ ਸਾਲ 2023 ਵਿੱਚ 96,555 ਯਾਤਰੀ ਗਏ ਸਨ। ਬਾਕੀ ਵਰ੍ਹਿਆਂ ਦੇ ਅੰਕੜੇ ਪ੍ਰਾਪਤ ਨਹੀਂ ਹੋ ਸਕੇ।

## 3-3 ਬੱਚੇ ਪੈਦਾ ਕਰਨ ਸਿੱਖ ਜੋੜੇ: ਜਥੇ. ਗੜਗੱਜ

ਫ਼ਰੀਦਕੋਟ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿੱਚ ਦਿਨੋ-ਦਿਨ ਗੰਭੀਰ ਹੁੰਦੇ ਨਸ਼ੇ ਦੇ ਮੁੱਦੇ 'ਤੇ ਡੂੰਘੀ ਚਿੰਤਾ ਪ੍ਰਗਟਾਉਂਦਿਆਂ ਕਿਹਾ ਹੈ ਕਿ ਸੂਬੇ ਵਿੱਚ ਹੁਣ ਨਸ਼ਿਆਂ ਦੀ 'ਹੋਮ ਡਿਲਿਵਰੀ' ਹੋ ਰਹੀ ਹੈ, ਜੋ ਇੱਥੋਂ ਦੇ ਨੌਜਵਾਨਾਂ ਅਤੇ ਪੰਜਾਬ ਦੇ ਭਵਿੱਖ ਲਈ ਬਹੁਤ ਵੱਡਾ ਖ਼ਤਰਾ ਹੈ।



ਜਥੇਦਾਰ ਗੜਗੱਜ ਫ਼ਰੀਦਕੋਟ ਵਿਖੇ ਪਹੁੰਚੇ 'ਮੀਰੀ-ਪੀਰੀ ਖ਼ਾਲਸਾ ਮਾਰਚ' ਦੇ ਸਵਾਗਤ ਦੌਰਾਨ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਸਥਾਨਕ ਸ਼ਰਧਾਲੂਆਂ ਵੱਲੋਂ ਮਾਰਚ ਦਾ ਨਿੱਘਾ ਸਵਾਗਤ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਨੇ ਸਿੱਖ ਕੌਮ ਨੂੰ ਦਰਪੇਸ਼ ਸਮਾਜਿਕ, ਸੱਭਿਆਚਾਰਕ ਅਤੇ ਆਬਾਦੀ ਨਾਲ ਸਬੰਧਤ ਅਹਿਮ ਮੁੱਦਿਆਂ 'ਤੇ ਵਿਚਾਰ ਸਾਂਝੇ ਕੀਤੇ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥ ਆਮ ਘਰੇਲੂ ਸਾਮਾਨ ਵਾਂਗ ਆਸਾਨੀ ਨਾਲ ਉਪਲਬਧ ਹੋ ਰਹੇ ਹਨ। ਉਨ੍ਹਾਂ ਇਸ ਲਾਹਨਤ ਨੂੰ ਠੱਲ੍ਹ ਪਾਉਣ ਲਈ ਸਮਾਜਿਕ ਪੱਧਰ 'ਤੇ ਤੁਰੰਤ ਵੱਡੇ ਉਪਰਾਲੇ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਜਥੇਦਾਰ ਨੇ ਸਿੱਖ ਜੋੜਿਆਂ ਨੂੰ ਅਪੀਲ ਕੀਤੀ ਕਿ ਉਹ ਘੱਟੋ-ਘੱਟ 3 ਬੱਚੇ ਪੈਦਾ ਕਰਨ, ਤਾਂ ਜੋ ਪੰਜਾਬ ਵਿੱਚ ਸਿੱਖ ਵਿਰਸੇ, ਪਛਾਣ ਅਤੇ ਕੌਮ ਦੀ ਹੋਂਦ ਨੂੰ ਮਜ਼ਬੂਤ ਰੱਖਿਆ ਜਾ ਸਕੇ। ਇਸ ਸਮਾਗਮ ਦੌਰਾਨ ਧਾਰਮਿਕ ਤੇ ਸਥਾਨਕ ਆਗੂਆਂ ਨੇ ਨਸ਼ਿਆਂ ਵਿਰੁੱਧ ਇੱਕਜੁੱਟ ਹੋਣ, ਨੌਜਵਾਨਾਂ ਨੂੰ ਆਪਣੇ ਪੰਜਾਬ ਨਾਲ ਜੋੜੀ ਰੱਖਣ ਅਤੇ ਮੀਰੀ-ਪੀਰੀ ਦੇ ਸਿਧਾਂਤਾਂ 'ਤੇ ਚੱਲਣ ਦਾ ਸੁਨੇਹਾ ਦਿੱਤਾ।

## ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਸ਼ਾਂਤੀ ਦਾ ਸੁਨੇਹਾ: ਐਡਵੋਕੇਟ ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਪਿਛਲੇ ਲੰਮੇ ਸਮੇਂ ਤੋਂ ਬੰਦ ਪਏ ਲਾਂਘੇ ਨੂੰ ਅਜੇ ਮੁੜ ਨਾ ਖੋਲ੍ਹਣ ਸਬੰਧੀ ਕੇਂਦਰੀ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਵੱਲੋਂ ਸੰਸਦ ਵਿੱਚ ਦਿੱਤੇ ਗਏ ਜਵਾਬ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਅਹਿਮ ਮਾਮਲਾ ਹੈ ਅਤੇ ਸਰਕਾਰ ਨੂੰ ਸਿੱਖ ਭਾਵਨਾਵਾਂ ਅਨੁਸਾਰ ਹੀ ਫੈਸਲਾ ਕਰਨਾ ਚਾਹੀਦਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਉਹ ਪਾਵਨ ਅਸਥਾਨ ਹੈ, ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ ਸਾਲ ਬਿਤਾਏ ਅਤੇ ਸਮੁੱਚੀ ਮਨੁੱਖਤਾ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸੰਦੇਸ਼ ਦਿੱਤਾ। ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨਾ ਦੁਨੀਆ ਭਰ ਦੀ ਸਿੱਖ ਸੰਗਤ ਦੀ ਚਿਰੋਕਣੀ ਅਰਦਾਸ ਅਤੇ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ।




ਉਨ੍ਹਾਂ ਕਿਹਾ ਕਿ ਲਾਂਘੇ ਦਾ ਲੰਬੇ ਸਮੇਂ ਤੋਂ ਬੰਦ ਰਹਿਣ ਨਾਲ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ ਦਾ ਇਹ ਲਾਂਘਾਂ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਸ਼ਾਂਤੀ ਦਾ ਸੁਨੇਹਾ ਹੈ, ਜਿਸ 'ਤੇ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਦੇਸ਼ ਦੀ ਸੁਰੱਖਿਆ ਹਰ ਸਰਕਾਰ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ ਪਰ ਇਸ ਦੇ ਨਾਲ-ਨਾਲ ਧਾਰਮਿਕ ਆਜ਼ਾਦੀ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਵੀ ਮਹੱਤਵਪੂਰਨ ਹੈ। ਇਸ ਲਈ ਸਰਕਾਰ ਨੂੰ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਭਾਵਸ਼ਾਲੀ ਪ੍ਰਬੰਧ ਕਰਕੇ ਇਸ ਮਾਮਲੇ ਦੀ ਜਲਦ ਸਮੀਖਿਆ ਕਰਦੇ ਹੋਏ ਲਾਂਘਾ ਮੁੜ ਖੋਲ੍ਹਣ ਦਾ ਫ਼ੈਸਲਾ ਕਰਨਾ ਚਾਹੀਦਾ ਹੈ।

## ਸ੍ਰੀ ਕਰਤਾਰਪੁਰ ਸਾਹਿਬ ਰਾਹਦਾਰੀ ਨੂੰ ਵੀ ਜਲਦੀ ਮੁੜ ਖੋਲ੍ਹਿਆ ਜਾਵੇ: ਸਾਈਂ ਸਈਅਦ ਅਲੀ ਰਜ਼ਾ ਕਾਦਰੀ

### ਗੁਰਦੁਆਰੇ, ਮਸਜਿਦਾਂ, ਮੰਦਰ ਅਤੇ ਗਿਰਜਾਘਰ ਮਨੁੱਖਤਾ ਨੂੰ ਜੋੜਨ, ਅਮਨ, ਪਿਆਰ ਅਤੇ ਭਾਈਚਾਰੇ ਦਾ ਸੰਦੇਸ਼ ਦੇਣ ਵਾਲੇ ਅਸਥਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਲਾਹੌਰ (ਪਾਕਿਸਤਾਨ) ਦੇ ਪ੍ਰਸਿੱਧ ਸੂਫ਼ੀ ਆਗੂ ਸਾਈਂ ਸਈਅਦ ਅਲੀ ਰਜ਼ਾ ਕਾਦਰੀ ਨੇ ਸਮੂਹ ਸੰਗਤ ਨਾਲ ਫਤਿਹ ਸਾਂਝੀ ਕਰਦਿਆਂ ਭਾਰਤ ਸਰਕਾਰ ਵੱਲੋਂ ਵੀਜ਼ਾ ਨੀਤੀ ਵਿੱਚ ਕੀਤੀ ਗਈ ਨਰਮੀ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਦੋਵੇਂ ਦੇਸ਼ਾਂ ਦੇ ਲੋਕਾਂ ਵਿਚਕਾਰ ਆਪਸੀ ਸਾਂਝ ਅਤੇ ਧਾਰਮਿਕ ਯਾਤਰਾਵਾਂ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਸਕਾਰਾਤਮਕ ਕਦਮ ਹੈ। ਉਨ੍ਹਾਂ ਕਿਹਾ ਕਿ ਹੁਣ ਸਮੇਂ ਦੀ ਲੋੜ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਰਾਹਦਾਰੀ ਨੂੰ ਵੀ ਜਲਦ ਤੋਂ ਜਲਦ ਮੁੜ ਖੋਲ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਦੀਆਂ ਹਜ਼ਾਰਾਂ ਸੰਗਤਾਂ ਲੰਬੇ ਸਮੇਂ ਤੋਂ ਇਸ ਰਾਹਦਾਰੀ ਦੇ ਖੁੱਲ੍ਹਣ ਦੀ ਉਡੀਕ ਕਰ ਰਹੀਆਂ ਹਨ, ਤਾਂ ਜੋ ਉਹ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰ ਸਕਣ ਅਤੇ ਸੇਵਾ ਦਾ ਲਾਭ ਪ੍ਰਾਪਤ ਕਰ ਸਕਣ। ਸਾਈਂ ਸਈਅਦ ਅਲੀ ਰਜ਼ਾ ਕਾਦਰੀ ਨੇ ਕਿਹਾ ਕਿ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਵਿਖੇ ਰੋਜ਼ਾਨਾ ਲੰਗਰ ਅਤੇ ਹੋਰ ਧਾਰਮਿਕ ਸੇਵਾਵਾਂ ਨਿਰੰਤਰ ਚੱਲ ਰਹੀਆਂ ਹਨ, ਪਰ ਰਾਹਦਾਰੀ ਬੰਦ ਹੋਣ ਕਾਰਨ ਵੱਡੀ ਗਿਣਤੀ ਵਿੱਚ ਸ਼ਰਧਾਲੂ ਦਰਸ਼ਨਾਂ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰੇ, ਮਸਜਿਦਾਂ, ਮੰਦਰ ਅਤੇ ਗਿਰਜਾਘਰ ਮਨੁੱਖਤਾ ਨੂੰ ਜੋੜਨ, ਅਮਨ, ਪਿਆਰ ਅਤੇ ਭਾਈਚਾਰੇ ਦਾ ਸੰਦੇਸ਼ ਦੇਣ ਵਾਲੇ ਅਸਥਾਨ ਹਨ। ਇਸ ਲਈ ਇਨ੍ਹਾਂ ਨਾਲ ਜੁੜੇ ਮਾਮਲਿਆਂ ਨੂੰ ਸਿਆਸੀ ਨਜ਼ਰੀਏ ਨਾਲ ਨਹੀਂ, ਸਗੋਂ ਮਨੁੱਖਤਾ ਅਤੇ ਧਾਰਮਿਕ ਭਾਵਨਾਵਾਂ ਦੇ ਸਤਿਕਾਰ ਨਾਲ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਜਾਣ ਵਾਲਾ ਹਰ ਸ਼ਰਧਾਲੂ ਦੋਵੇਂ ਦੇਸ਼ਾਂ ਵਿਚਕਾਰ ਅਮਨ, ਭਾਈਚਾਰੇ ਅਤੇ ਬਿਹਤਰ ਸਬੰਧਾਂ ਦੀ ਅਰਦਾਸ ਕਰਦਾ ਹੈ।



(ਬਾਕੀ ਸਫ਼ਾ 27 'ਤੇ)

## ਆਪਸੀ ਪੰਥਕ ਏਕਤਾ ਕਰਨਾ ਤਾਂ ਕੌਮ ਦੇ ਆਪਣੇ ਹੱਥ ਵਿੱਚ: ਭਾਈ ਜਗਤਾਰ ਸਿੰਘ ਹਵਾਰਾ

### ਕਰਨੈਲ ਸਿੰਘ ਪੀਰਮੁਹੰਮਦ ਵੱਲੋਂ ਭਾਈ ਹਵਾਰਾ ਦਾ ਇਤਿਹਾਸਕ ਪੱਤਰ ਜਨਤਕ

ਚਮਕੌਰ ਸਾਹਿਬ/ਏ.ਟੀ.ਨਿਊਜ਼: ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਕਰਨੈਲ ਸਿੰਘ ਪੀਰਮੁਹੰਮਦ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ 4 ਦਸੰਬਰ 2018 ਨੂੰ ਲਿਖਿਆ ਗਿਆ ਇਤਿਹਾਸਕ ਪੱਤਰ ਮੀਡੀਆ ਵਿੱਚ ਜਨਤਕ ਕੀਤਾ। ਉਨ੍ਹਾਂ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਤਮਾਮ ਬੰਦੀ ਸਿੰਘ ਪਿਛਲੇ ਲੰਮੇ ਸਮੇਂ ਤੋਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਹਨ। ਕੌਮ ਵੱਲੋਂ ਉਨ੍ਹਾਂ ਦੀ ਰਿਹਾਈ ਲਈ ਸਰਕਾਰਾਂ ਅੱਗੇ ਵਾਰ-ਵਾਰ ਅਪੀਲਾਂ, ਦਲੀਲਾਂ, ਰੋਸ ਧਰਨੇ ਅਤੇ ਮੁਜ਼ਾਹਰੇ ਕੀਤੇ ਜਾ ਰਹੇ ਹਨ ਪਰ ਹਕੂਮਤਾਂ ਦੇ ਕੰਨ ਉੱਤੇ ਜੂੰ ਤੱਕ ਨਹੀਂ ਸਰਕ ਰਹੀ।



ਪੀਰਮੁਹੰਮਦ ਨੇ ਕਿਹਾ ਕਿ ਅਜਿਹੇ ਮਾਹੌਲ ਵਿੱਚ ਭਾਈ ਹਵਾਰਾ ਦੇ ਦਿਲ-ਦਿਮਾਗ ਅੰਦਰ ਕੌਮ ਦੀ ਮੌਜੂਦਾ ਹਾਲਤ ਨੂੰ ਲੈ ਕੇ ਚੱਲ ਰਹੀ ਗੰਭੀਰ ਚਿੰਤਾ ਅਤੇ ਤੌਖਲੇ ਬਹੁਤ ਅਹਿਮ ਹਨ। ਇਹ ਪੱਤਰ ਸਪੱਸ਼ਟ ਸੁਨੇਹਾ ਹੈ ਕਿ ਜੇਕਰ ਸਰਕਾਰਾਂ ਸਾਡੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕਰ ਰਹੀਆਂ, ਤਾਂ ਘੱਟੋ-ਘੱਟ ਆਪਸੀ ਪੰਥਕ ਏਕਤਾ ਕਰਨਾ ਤਾਂ ਕੌਮ ਦੇ ਆਪਣੇ ਹੱਥ ਵਿੱਚ ਹੈ ! ਇਸ ਵਿੱਚ ਤਾਂ ਕੋਈ ਸਰਕਾਰ ਸਾਡਾ ਹੱਥ ਨਹੀਂ ਫੜ ਕੇ ਬੈਠੀ। ਪਰ ਅਫ਼ਸੋਸ ਦੀ ਗੱਲ ਹੈ ਕਿ ਸਾਲਾਂ ਦੇ ਸਾਲ ਬੀਤ ਜਾਣ ਦੇ ਬਾਵਜੂਦ ਵੀ ਪੰਥਕ ਸਫ਼ਾਂ ਅੰਦਰ ਆਪਸੀ ਅਵਿਸ਼ਵਾਸ ਅਤੇ ਧੜੇਬੰਦੀ ਦਾ ਮਾਹੌਲ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਹਰ ਧੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿੱਚ ਏਕਤਾ ਦੀਆਂ ਗੱਲਾਂ ਤਾਂ ਕਰਦਾ ਹੈ ਪਰ ਅਮਲੀ ਰੂਪ ਵਿੱਚ ਕੋਈ ਵੀ ਸਾਰਥਕ ਕਦਮ ਚੁੱਕਣ ਲਈ ਤਿਆਰ ਨਜ਼ਰ ਨਹੀਂ ਆਉਂਦਾ।

(ਬਾਕੀ ਸਫ਼ਾ 27 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਜੰਗਾਂ ਦੀ ਥਾਂ 'ਵਿਸ਼ਵ ਸ਼ਾਂਤੀ' ਦੀ ਲੋੜ

ਇਰਾਨ ਅਤੇ ਅਮਰੀਕਾ ਵਿਚਾਲੇ ਕੁਝ ਦਿਨ ਦੀ ਜੰਗਬੰਦੀ ਹੋਣ ਤੋਂ ਬਾਅਦ ਮੁੜ ਜੰਗ ਸ਼ੁਰੂ ਹੋਣ ਕਾਰਨ ਸਾਡਾ ਸੰਸਾਰ ਜੰਗਾਂ ਦਾ ਅਖਾੜਾ ਬਣਦਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਹੀ ਰੂਸ ਤੇ ਯੂਕ੍ਰੇਨ ਵਿਚਾਲੇ ਜੰਗ ਜਾਰੀ ਹੈ, ਜਿਸ ਦਾ ਅਜੇ ਤੱਕ ਕੋਈ ਨਤੀਜਾ ਨਹੀਂ ਨਿਕਲਿਆ। ਇਸ ਤੋਂ ਇਲਾਵਾ ਇਜ਼ਰਾਇਲ ਵੱਲੋਂ ਹਮਾਸ ਦੇ ਖਾਤਮੇ ਦਾ ਬਹਾਨਾ ਲਗਾ ਕੇ ਗਾਜ਼ਾ ਨੂੰ ਤਬਾਹ ਕਰ ਦਿੱਤਾ ਗਿਆ। ਦੁਨੀਆਂ ਦੇ ਵੱਖ- ਵੱਖ ਹਿੱਸਿਆਂ ਵਿੱਚ ਵੱਖ- ਵੱਖ ਦੇਸ਼ਾਂ ਵਿਚਾਲੇ ਜੰਗਾਂ ਸ਼ੁਰੂ ਹੋਣ ਕਾਰਨ ਇਹ ਮਹਿਸੂਸ ਹੋ ਰਿਹਾ ਹੈ ਕਿ ਜੇ ਸਥਿਤੀ ਇਸੇ ਤਰ੍ਹਾਂ ਰਹੀ ਤਾਂ ਜਲਦੀ ਹੀ ਤੀਜੀ ਵਿਸ਼ਵ ਜੰਗ ਸ਼ੁਰੂ ਹੋ ਸਕਦੀ ਹੈ। ਉਂਝ ਵੀ ਕਿਹਾ ਜਾ ਰਿਹਾ ਹੈ ਕਿ ਤੀਜੀ ਵਿਸ਼ਵ ਜੰਗ ਇਸ ਸਮੇਂ ਕਿਸ਼ਤਾਂ ਵਿੱਚ ਲੜੀ ਜਾ ਰਹੀ ਹੈ।

ਤਾਜ਼ਾ ਰਿਪੋਰਟਾਂ ਅਨੁਸਾਰ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਇਰਾਨ ਨੂੰ ਸਖ਼ਤ ਚਿਤਾਵਨੀ ਦੇ ਦਿੱਤੀ ਹੈ ਕਿ ਜਾਂ ਤਾਂ ਇਰਾਨ ਆਤਮ ਸਮਰਪਣ ਕਰੇ ਨਹੀਂ ਤਾਂ ਅਮਰੀਕਾ ਵੱਲੋਂ ਇਰਾਨ 'ਤੇ ਹੋਰ ਭਾਰੀ ਬੰਬਾਰੀ ਕੀਤੀ ਜਾਵੇਗੀ। ਅਮਰੀਕਾ ਦੀ ਇਸ ਧਮਕੀ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ ਕਿਉਂਕਿ ਅਮਰੀਕਾ ਇਸ ਤੋਂ ਪਹਿਲਾਂ ਇਰਾਨ ਉੱਪਰ ਕਾਫੀ ਹਮਲੇ ਕਰ ਚੁੱਕਿਆ ਹੈ। ਇਸ ਤੋਂ ਇਲਾਵਾ ਅਮਰੀਕਾ ਇਰਾਨ ਦੇ ਗੁਆਂਢੀ ਮੁਲਕਾਂ ਇਰਾਕ ਅਤੇ ਅਫ਼ਗਾਨਿਸਤਾਨ ਵਿੱਚ ਭਾਰੀ ਤਬਾਹੀ ਮਚਾਅ ਕੇ ਸੱਤਾ ਪਰਿਵਰਤਨ ਕਰ ਚੁੱਕਿਆ ਹੈ ਅਤੇ ਇਸ ਸਮੇਂ ਇਰਾਕ ਵਿੱਚ ਅਮਰੀਕਾ ਦੀ ਕਠਪੁਤਲੀ ਸਰਕਾਰ ਰਾਜ ਕਰ ਰਹੀ ਹੈ।

ਅਮਰੀਕਾ ਨੂੰ ਵਿਸ਼ਵ ਦੀ ਮਹਾਂਸ਼ਕਤੀ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਅਮਰੀਕਾ ਦੁਨੀਆ ਦੇ ਕਿਸੇ ਵੀ ਇਲਾਕੇ ਵਿੱਚ ਕਿਸੇ ਵੀ ਸਮੇਂ ਕੁਝ ਵੀ ਕਰਵਾ ਸਕਦਾ ਹੈ। ਕਈ ਦੇਸ਼ਾਂ ਵਿੱਚ ਸੱਤਾ ਪਰਿਵਰਤਨ ਕਰਵਾਉਣ ਪਿੱਛੇ ਅਮਰੀਕਾ ਦਾ ਹੱਥ ਹੋਣ ਦੀਆਂ ਖ਼ਬਰਾਂ ਅਕਸਰ ਮੀਡੀਆ ਵਿੱਚ ਆਉਂਦੀਆਂ ਰਹਿੰਦੀਆਂ ਹਨ। ਜਦੋਂ ਤੋਂ ਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣੇ ਹਨ, ਉਦੋਂ ਤੋਂ ਉਹਨਾਂ ਵੱਲੋਂ ਅਮਰੀਕਾ ਨੂੰ ਦੁਨੀਆ ਦਾ 'ਸਰਦਾਰ' ਬਣਾਉਣਾ ਚਾਹੁੰਦੇ ਹਨ ਭਾਵ ਉਹ ਚਾਹੁੰਦੇ ਹਨ ਕਿ ਅਮਰੀਕਾ ਦੀ ਪੂਰੀ ਦੁਨੀਆ 'ਤੇ ਚੌਧਰ ਚੱਲੇ। ਟਰੰਪ ਤਾਂ ਆਪਣੇ ਗੁਆਂਢੀ ਦੇਸ਼ ਕੈਨੇਡਾ ਨੂੰ ਵੀ ਅਮਰੀਕਾ ਦਾ ਹੀ ਇੱਕ ਸੂਬਾ ਬਣਾਉਣ ਬਾਰੇ ਕਈ ਵਾਰ ਬਿਆਨ ਦੇ ਚੁੱਕੇ ਹਨ। ਜਿਸ ਤੋਂ ਅਮਰੀਕਾ ਦੀਆਂ ਵਿਸਤਾਰਵਾਦੀ ਨੀਤੀਆਂ ਦਾ ਪਤਾ ਚੱਲ ਜਾਂਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਤਾਂ ਇੱਥੋਂ ਤੱਕ ਵੀ ਕਹਿ ਚੁੱਕੇ ਹਨ ਕਿ ਉਹ ਗ਼ਾਜ਼ਾ ਪੱਟੀ ਨੂੰ ਅਮਰੀਕਾ ਦੇ ਕੰਟਰੋਲ ਹੇਠ ਕਰਨਾ ਚਾਹੁੰਦੇ ਹਨ ਅਤੇ ਉਸ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰਨਾ ਚਾਹੁੰਦੇ ਹਨ।

ਇਹ ਤਾਂ ਸਭ ਨੂੰ ਪਤਾ ਹੈ ਕਿ ਅਮਰੀਕਾ ਵਿੱਚ ਹਥਿਆਰ ਬਣਾਉਣ ਦੇ ਵੱਡੇ ਕਾਰਖ਼ਾਨੇ ਹਨ। ਰੂਸ ਪੱਖੀ ਕੁੱਝ ਲੇਖਕ ਦੋਸ਼ ਲਗਾਉਂਦੇ ਹਨ ਕਿ ਇਹਨਾਂ ਕਾਰਖ਼ਾਨਿਆਂ ਵਿੱਚ ਬਣੇ ਹਥਿਆਰਾਂ ਨੂੰ ਵੇਚਣ ਲਈ ਅਮਰੀਕਾ ਵੱਲੋਂ ਅਕਸਰ ਦੁਨੀਆ ਦੇ ਵੱਖ- ਵੱਖ ਦੇਸ਼ਾਂ ਵਿਚਾਲੇ ਤਨਾਓ ਪੈਦਾ ਕਰਨ ਦੇ ਯਤਨ ਕੀਤੇ ਜਾਂਦੇ ਹਨ ਅਤੇ ਫਿਰ ਇਹਨਾਂ ਦੇਸ਼ਾਂ ਨੂੰ ਆਪਣੇ ਹਥਿਆਰ ਵੇਚੇ ਜਾਂਦੇ ਹਨ। ਕਈ ਦੇਸ਼ਾਂ ਵਿੱਚ ਹੁੰਦੀਆਂ ਬਗਾਵਤਾਂ ਅਤੇ ਰਾਜ ਪਲਟੇ ਨੂੰ ਵੀ ਅਮਰੀਕਾ ਵੱਲੋਂ ਸ਼ਹਿ ਦੇਣ ਦੀਆਂ ਖ਼ਬਰਾਂ ਮੀਡੀਆ ਵਿੱਚ ਆ ਚੁੱਕੀਆਂ ਹਨ ਪਰ ਇਸ ਦੇ ਬਾਵਜੂਦ ਵੱਖ- ਵੱਖ ਦੇਸ਼ਾਂ ਵਿਚਾਲੇ ਜੰਗਾਂ ਲਈ ਸਿਰਫ਼ ਅਮਰੀਕਾ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਸ ਦੁਨੀਆ ਵਿੱਚ ਇਜ਼ਰਾਇਲ ਵਰਗੇ ਕੁਝ ਦੇਸ਼ ਹਨ, ਜੋਕਿ ਪਰਮਾਣੂ ਹਥਿਆਰਾਂ ਦੇ ਦਮ 'ਤੇ ਹੋਰਨਾਂ ਦੇਸ਼ਾਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਸੇ ਕਾਰਨ ਇਹਨਾਂ ਦੇਸ਼ਾਂ ਦੀ ਦੂਜੇ ਦੇਸ਼ਾਂ ਨਾਲ ਜੰਗ ਹੋ ਜਾਂਦੀ ਹੈ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਵੱਖ- ਵੱਖ ਦੇਸ਼ਾਂ ਵਿਚਾਲੇ ਹੋ ਰਹੀਆਂ ਜੰਗਾਂ ਦੌਰਾਨ ਸੰਯੁਕਤ ਰਾਸ਼ਟਰ ਦੀ ਭੂਮਿਕਾ ਨਿਗੁਣੀ ਰਹਿੰਦੀ ਹੈ ਜਦੋਂ ਕਿ ਸੰਯੁਕਤ ਰਾਸ਼ਟਰ ਨੂੰ ਚਾਹੀਦਾ ਹੈ ਕਿ ਉਹ ਵੱਖ- ਵੱਖ ਦੇਸ਼ਾਂ ਵਿਚਾਲੇ ਹੋ ਰਹੀਆਂ ਜੰਗਾਂ ਨੂੰ ਰੋਕਣ ਲਈ ਵੱਡੇ ਉਪਰਾਲੇ ਕਰੇ ਅਤੇ ਸਾਰੇ ਦੇਸ਼ਾਂ ਨੂੰ ਸ਼ਾਂਤੀ ਦਾ ਸੰਦੇਸ਼ ਦੇਵੇ। ਭਾਵੇਂ ਕਿ ਸੰਯੁਕਤ ਰਾਸ਼ਟਰ ਵੱਲੋਂ ਇਹਨਾਂ ਜੰਗਾਂ ਨੂੰ ਖ਼ਤਮ ਕਰਨ ਲਈ ਕੁਝ ਯਤਨ ਕੀਤੇ ਵੀ ਜਾਂਦੇ ਹਨ ਪਰ ਇਹ ਯਤਨ ਨਾਕਾਫ਼ੀ ਹਨ, ਕਿਉਂਕਿ ਦੁਨੀਆਂ ਦੇ ਵੱਖ- ਵੱਖ ਦੇਸ਼ ਆਪੋ ਆਪਣੇ ਸਟੈਂਡ 'ਤੇ ਡਟੇ ਹੋਏ ਹਨ ਤੇ ਜੰਗ ਵਿਚੋਂ ਪਿੱਛੇ ਹਟਣ ਨੂੰ ਤਿਆਰ ਨਹੀਂ। ਜੇ ਅਮਰੀਕਾ ਕੋਲ ਪਰਮਾਣੂ ਹਥਿਆਰ ਹਨ ਤਾਂ ਇਰਾਨ ਦਾ ਪਰਮਾਣੂ ਪ੍ਰੋਗਰਾਮ ਕਿਸੇ ਤੋਂ ਗੁੱਝਾ ਨਹੀਂ ਹੈ। ਇਰਾਨ ਬਾਰੇ ਵੀ ਕਿਹਾ ਜਾਂਦਾ ਹੈ ਕਿ ਇਹ ਦੇਸ਼ ਵੀ ਪਰਮਾਣੂ ਸਮਰੱਥਾ ਵਾਲਾ ਦੇਸ਼ ਹੈ ਅਤੇ ਕਿਸੇ ਵੀ ਦੇਸ਼ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ। ਇਹੋ ਕਾਰਨ ਹੈ ਕਿ ਅਮਰੀਕਾ ਦੇ ਹਰ ਹਮਲੇ ਦਾ ਇਰਾਨ ਵੱਲੋਂ ਤੁਰੰਤ ਹੀ ਮੂੰਹ ਤੋੜ ਜਵਾਬ ਦਿੱਤਾ ਜਾਂਦਾ ਹੈ ਅਤੇ ਇਸ ਸਮੇਂ ਇਰਾਨ ਪੂਰੀ ਤਰ੍ਹਾਂ ਡਟ ਕੇ ਅਮਰੀਕਾ ਦਾ ਮੁਕਾਬਲਾ ਕਰ ਰਿਹਾ ਹੈ। ਜਿਸ ਕਾਰਨ ਅਮਰੀਕਾ ਅਤੇ ਇਰਾਨ ਵਿਚਾਲੇ ਜੰਗ ਹੋਰ ਤੇਜ਼ ਹੋਣ ਦੇ ਆਸਾਰ ਬਣ ਗਏ ਹਨ।

ਦੂਜੇ ਪਾਸੇ ਰੂਸ ਅਤੇ ਯੂਕ੍ਰੇਨ ਵਿਚਾਲੇ ਵੀ ਜੰਗ ਜਾਰੀ ਹੈ। ਅਸਲ ਵਿੱਚ ਇਹ ਜੰਗਾਂ ਦੋ ਦੇਸ਼ ਨਹੀਂ ਸਗੋਂ ਵਿਸ਼ਵ ਦੀਆਂ ਦੋ ਮਹਾਂ ਸ਼ਕਤੀਆਂ ਵਿਚਾਲੇ ਹੋ ਰਹੀਆਂ ਹਨ। ਇਹਨਾਂ ਜੰਗਾਂ ਕਾਰਨ ਵਿਸ਼ਵ ਦੇ ਸਾਰੇ ਦੇਸ਼ ਦੋ ਧੜਿਆਂ ਵਿੱਚ ਵੰਡੇ ਗਏ ਹਨ, ਜੋ ਕਿ ਵਿਸ਼ਵ ਸ਼ਾਂਤੀ ਲਈ ਠੀਕ ਨਹੀਂ।

ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ। ਜੰਗ ਵਿੱਚ ਸਿਰਫ਼ ਤਬਾਹੀ ਹੁੰਦੀ ਹੈ। ਇਸ ਲਈ ਰੂਸ-ਯੂਕ੍ਰੇਨ ਅਤੇ ਅਮਰੀਕਾ -ਇਰਾਨ ਵਿਚਾਲੇ ਹੋ ਰਹੀਆਂ ਜੰਗਾਂ ਨੂੰ ਰੋਕਣ ਲਈ ਆਲਮੀ ਭਾਈਚਾਰੇ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਵਿਸ਼ਵ ਵਿੱਚ ਸ਼ਾਂਤੀ ਦੀ ਸਥਾਪਨਾ ਲਈ ਯਤਨ ਕਰਨੇ ਚਾਹੀਦੇ ਹਨ। ਅਸੀਂ ਦੁਆ ਕਰਦ ਹਾਂ ਕਿ ਦੁਨੀਆ ਵਿੱਚ ਤੀਜੀ ਵਿਸ਼ਵ ਜੰਗ ਕਦੇ ਵੀ ਸ਼ੁਰੂ ਨਾ ਹੋਵੇ।

# ਧਰਮਿੰਦਰ ਪ੍ਰਧਾਨ ਦਾ ਅਸਤੀਫ਼ਾ: ਉੱਡ ਗਈਆ ਮੋਦੀ ਦੇ ਅਕਸ ਦੀਆਂ ਧੱਜੀਆਂ



ਅਪੂਰਵਾਨੰਦ




ਧਰਮਿੰਦਰ ਪ੍ਰਧਾਨ ਨੇ ਬੀਤੇ ਦਿਨੀਂ ਅਸਤੀਫ਼ਾ ਦੇ ਦਿਤਾ ਸੀ, ਪਰ ਉਸ ਤੋਂ ਵੀ ਵੱਡੀ ਖ਼ਬਰ ਇਹ ਹੈ ਕਿ ਨੌਜਵਾਨੀ ਦੇ ਅੰਦੋਲਨ ਨੇ ਨਰਿੰਦਰ ਮੋਦੀ ਦਾ ਅਕਸ ਚੂਰ-ਚੂਰ ਕਰ ਦਿੱਤਾ ਹੈ। ਅਸਤੀਫ਼ਾ ਭਾਵੇਂ ਧਰਮਿੰਦਰ ਪ੍ਰਧਾਨ ਦਾ ਹੋਇਆ ਹੋਵੇ, ਪਰ ਅੰਦੋਲਨਕਾਰੀਆਂ ਦੇ ਨਾਅਰਿਆਂ, ਪੋਸਟਰਾਂ ਅਤੇ ਮੀਮਜ਼ ਦੇ ਨਿਸ਼ਾਨੇ 'ਤੇ ਸਿਰਫ਼ ਇੱਕ ਹੀ ਵਿਅਕਤੀ ਸੀ: ਨਰਿੰਦਰ ਮੋਦੀ।

ਜਿਸ ਪੀੜ੍ਹੀ ਬਾਰੇ ਇਹ ਗ਼ਲਤਫ਼ਹਿਮੀ ਸੀ ਕਿ ਉਸ ਨੂੰ ਕੋਈ ਰਾਜਨੀਤਿਕ ਸਮਝ ਨਹੀਂ ਹੈ, ਉਸ ਨੂੰ ਕੋਈ ਭੁਲੇਖਾ ਨਹੀਂ ਸੀ ਕਿ ਇਸ ਸਰਕਾਰ ਵਿੱਚ ਕੋਈ ਮੰਤਰੀ ਮਹੱਤਵਪੂਰਨ ਨਹੀਂ ਹੈ, ਸਰਕਾਰ ਦਾ ਮਤਲਬ ਸਿਰਫ਼ ਨਰਿੰਦਰ ਮੋਦੀ ਹੈ। ਇਸ ਲਈ ਪ੍ਰਧਾਨ ਦਾ ਅਸਤੀਫ਼ਾ ਲੈਣ ਦਾ ਮਤਲਬ ਸੀ ਮੋਦੀ ਨੂੰ ਝੁਕਣ ਲਈ ਮਜਬੂਰ ਕਰਨਾ। ਜੰਤਰ-ਮੰਤਰ 'ਤੇ ਘੁੰਮਦਿਆਂ, ਨਾਅਰਿਆਂ ਅਤੇ ਪੋਸਟਰਾਂ ਤੋਂ ਇਹ ਸਾਫ਼ ਸੀ ਕਿ ਨਿਸ਼ਾਨਾ ਸਿਰਫ਼ ਤੇ ਸਿਰਫ਼ ਨਰਿੰਦਰ ਮੋਦੀ 'ਤੇ ਸੀ। ਇਸ ਨੌਜਵਾਨੀ ਵਿਦਰੋਹ ਨੇ ਇਸ ਸਰਕਾਰ ਦੇ ਇਕਲੌਤੇ ਚਿਹਰੇ ਨਰਿੰਦਰ ਮੋਦੀ ਦੀ ਬੜੀ ਮਿਹਨਤ ਨਾਲ ਘੜੇ ਗਏ ਅਕਸ ਦੇ ਪਰਖਚੇ ਉਡਾ ਦਿੱਤੇ ਹਨ।

ਇਹ ਪੋਸਟਰ, ਨਾਅਰੇ ਅਤੇ ਗੀਤ ਕਿਸੇ ਸੰਗਠਿਤ ਯੋਜਨਾ ਦੇ ਤਹਿਤ ਨਹੀਂ ਬਣਾਏ ਗਏ ਸਨ। ਗੱਤਿਆਂ 'ਤੇ, ਸਾਧਾਰਨ ਕਾਗਜ਼ 'ਤੇ ਪੈੱਨ ਜਾਂ ਮਾਰਕਰ ਨਾਲ ਹਰ ਕਿਸੇ ਨੇ ਆਪਣੇ ਨਾਅਰੇ ਖ਼ੁਦ ਲਿਖੇ ਸਨ। ਬਾਕੀ ਵਿਰੋਧ ਪ੍ਰਦਰਸ਼ਨਾਂ ਵਾਂਗ ਇੱਥੇ ਨਾਅਰੇ ਛਾਪ ਕੇ ਨਹੀਂ ਵੰਡੇ ਗਏ ਸਨ, ਅਤੇ ਨਾ ਹੀ ਲੋਕ ਉਨ੍ਹਾਂ ਨੂੰ ਬਿਨਾਂ ਮਨ ਤੋਂ ਮਹਿਜ਼ ਵਿਖਾਵੇ ਲਈ ਚੁੱਕੀ ਫਿਰਦੇ ਸਨ।

ਹਰ ਕਿਸੇ ਨੇ ਆਪਣੀ ਕਲਪਨਾਸ਼ਕਤੀ ਦਾ ਇਸਤੇਮਾਲ ਕੀਤਾ ਸੀ। ਨੌਜਵਾਨ ਏ.ਆਈ. ਤੋਂ ਪੋਸਟਰ ਬਣਾ ਕੇ ਉਸ ਦਾ ਪ੍ਰਿੰਟ ਆਊਟ ਬਲਿੰਕਿਟ ਤੋਂ ਮੰਗਵਾ ਰਹੇ ਸਨ। ਛੋਟੇ-ਛੋਟੇ ਸਮੂਹ ਤੁਰੰਤ ਗਾਣੇ ਬਣਾ ਕੇ ਗਾ ਰਹੇ ਸਨ। ਸਭ ਦੀ ਥੀਮ ਇੱਕ ਸੀ: ਨਰਿੰਦਰ ਮੋਦੀ।

ਇਨ੍ਹਾਂ ਸਭ ਵਿੱਚ ਨੌਜਵਾਨ ਮੋਦੀ ਦਾ ਮਜ਼ਾਕ ਉਡਾ ਰਹੇ ਸਨ। ਇਸ ਇੱਕ ਮਹੀਨੇ ਵਿੱਚ ਨੌਜਵਾਨ ਪੀੜ੍ਹੀ ਨੇ ਨਰਿੰਦਰ ਮੋਦੀ ਨੂੰ ਇੱਕ ਦਇਆਯੋਗ ਮੀਮ ਵਿੱਚ ਬਦਲ ਕੇ ਰੱਖ ਦਿੱਤਾ।

ਸੱਚ ਇਹ ਸੀ ਕਿ ਨੌਜਵਾਨ ਜਿਸ ਇੱਕ ਚੀਜ਼ ਤੋਂ ਖ਼ਫ਼ਾ ਸਨ, ਉਹ ਸੀ ਮੋਦੀ ਸਰਕਾਰ ਦਾ ਹੰਕਾਰ। ਉਹ ਮੋਦੀ ਦੇ ਇਸ ਘਮੰਡ ਨੂੰ ਚੂਰ-ਚੂਰ ਕਰ ਦੇਣ ਦੀ ਜ਼ਿੱਦ 'ਤੇ ਅੜ ਗਏ ਸਨ। ਪਿਛਲੇ ਦਿਨੀਂ ਪ੍ਰਦਰਸ਼ਨਕਾਰੀਆਂ 'ਤੇ ਜਦੋਂ ਪੁਲਿਸ ਨੇ ਬੁਰੀ ਤਰ੍ਹਾਂ ਡੰਡੇ ਵਰ੍ਹਾਏ, ਉਨ੍ਹਾਂ ਨੂੰ ਦੁਸ਼ਮਣਾਂ ਵਾਂਗ ਮਾਰਿਆ, ਤਾਂ ਨੌਜਵਾਨਾਂ ਨੇ ਇਹ ਸਮਝਿਆ ਕਿ ਇਹ ਡੰਡੇ ਅਤੇ ਪੈਲੇਟ ਦੇ ਛੱਰੇ ਮੋਦੀ ਦੇ ਹਨ। ਉਹ ਡਰ ਕੇ ਭੱਜਣ ਦੀ ਬਜਾਏ ਆਪਣੇ ਜ਼ਖ਼ਮਾਂ ਅਤੇ ਖ਼ਾਲੀ ਪੈਰਾਂ ਨਾਲ ਵਾਪਸ ਜੰਤਰ-ਮੰਤਰ ਪਰਤ ਆਏ। ਉਨ੍ਹਾਂ ਦੀ ਜ਼ਿੱਦ ਇੱਕੋ ਸੀ ਕਿ ਉਹ ਮੋਦੀ ਨੂੰ ਆਪਣੇ ਮੰਤਰੀ ਦਾ ਅਸਤੀਫ਼ਾ ਲੈਣ ਲਈ ਮਜਬੂਰ ਕਰ ਕੇ ਰਹਿਣਗੇ।

ਨੌਜਵਾਨਾਂ ਦਾ ਇਹ ਉਭਾਰ ਆਪਣੇ ਅਪਮਾਨ ਦਾ ਬਦਲਾ ਲੈਣ ਦੀ ਨੀਅਤ




ਨਾਲ ਪੈਦਾ ਹੋਇਆ ਸੀ। ਭਾਰਤ ਦੇ ਸੁਪਰੀਮ ਕੋਰਟ ਦੇ ਮੁੱਖ ਜੱਜ ਨੇ ਆਪਣੀ ਇੱਕ ਗ਼ੈਰ-ਜ਼ਿੰਮੇਵਾਰਾਨਾ ਅਤੇ ਅਸੰਵੇਦਨਸ਼ੀਲ ਟਿੱਪਣੀ ਵਿੱਚ ਬੇਰੋਜ਼ਗਾਰ ਨੌਜਵਾਨਾਂ ਨੂੰ 'ਕਾਕਰੋਚ' ਕਿਹਾ ਸੀ। ਅਦਾਲਤ ਨੇ ਪਿਛਲੇ ਸਾਲਾਂ ਵਿੱਚ ਸਰਕਾਰ ਦੇ ਵਿਭਾਗ ਵਾਂਗ ਹੀ ਕੰਮ ਕੀਤਾ ਹੈ, ਇਸ ਲਈ ਮੰਨਿਆ ਗਿਆ ਕਿ ਉਨ੍ਹਾਂ ਦੀ ਇਹ ਟਿੱਪਣੀ ਨੌਜਵਾਨਾਂ ਦੇ ਖ਼ਿਲਾਫ਼ ਮੋਦੀ ਸਰਕਾਰ ਦੀ ਹੀ ਟਿੱਪਣੀ ਹੈ।

'ਕਾਕਰੋਚ ਜਨਤਾ ਪਾਰਟੀ' ਇਸ ਅਪਮਾਨ ਦਾ ਜਵਾਬ ਸੀ। ਜਲਦੀ ਹੀ ਉਸ ਨੂੰ ਨੀਟ ਪ੍ਰੀਖਿਆ ਵਿੱਚ ਹੋਈ ਧਾਂਦਲੀ ਤੋਂ ਮੌਕਾ ਮਿਲਿਆ ਕਿ ਉਹ ਉਸ ਦੇ ਬਹਾਨੇ ਇਸ ਸਰਕਾਰ ਨੂੰ ਜਵਾਬਦੇਹੀ ਲਈ ਮਜਬੂਰ ਕਰੇ। ਮੋਦੀ ਸਰਕਾਰ ਬੇਫ਼ਿਕਰ ਸੀ ਕਿ ਉਸ ਨੇ ਭਾਰਤੀ ਲੋਕਤੰਤਰ ਨੂੰ ਕਾਬੂ ਕਰ ਲਿਆ ਹੈ।

ਚੋਣ ਕਮਿਸ਼ਨ ਦੇ ਜ਼ਰੀਏ ਵੋਟਰ ਸੂਚੀ ਵਿੱਚ ਭਾਰੀ ਗੜਬੜੀ ਕਰ ਕੇ ਚੋਣ ਨਤੀਜਿਆਂ ਨੂੰ ਆਪਣੇ ਅਨੁਕੂਲ ਕਰਨਾ ਅਤੇ ਵਿਰੋਧੀ ਧਿਰਾਂ ਨੂੰ ਤੋੜ ਕੇ ਸੰਸਦ ਵਿੱਚ ਬਹੁਮਤ ਬਣਾਉਣ ਵਿੱਚ ਉਹ ਇਸ ਕਦਰ ਮਸਰੂਫ਼ ਸੀ ਕਿ ਜ਼ਮੀਨ ਦੇ ਹੇਠਾਂ ਨੌਜਵਾਨਾਂ ਦੀ ਸੁਲਗਦੀ ਬੇਚੈਨੀ ਨੂੰ ਦੇਖਣ ਦੀ ਉਸ ਕੋਲ ਵਿਹਲ ਨਹੀਂ ਸੀ। ਇਹ ਨੌਜਵਾਨ ਉਹ ਸਨ ਜੋ ਹਰ ਪਾਸੇ ਦਰਵਾਜ਼ਾ ਬੰਦ ਦੇਖ ਰਹੇ ਸਨ। ਭਾਰਤ ਵਿੱਚ ਕੋਈ ਉਨ੍ਹਾਂ ਵੱਲ ਧਿਆਨ ਦੇਣ ਵਾਲਾ ਨਹੀਂ ਸੀ।

ਇਨ੍ਹਾਂ ਨੌਜਵਾਨਾਂ ਦੀ ਗੱਲ ਕੋਈ ਨਹੀਂ ਕਰ ਰਿਹਾ ਸੀ। ਜਿਨ੍ਹਾਂ ਕੋਲ ਬੋਲਣ ਦੇ ਸਾਧਨ ਅਤੇ ਸਮਰੱਥਾ ਸੀ, ਉਹ ਰਾਸ਼ਟਰ ਦੀ ਮਹਾਨਤਾ ਦੇ ਗੁਣਗਾਣ ਕਰ ਰਹੇ ਸਨ, ਪਰ ਇਨ੍ਹਾਂ ਨੌਜਵਾਨਾਂ ਵੱਲ ਦੇਖਣ ਵਾਲਾ ਕੋਈ ਨਹੀਂ ਸੀ। ਇਸ ਲਈ ਆਪਣੀ ਗੱਲ ਉਹ ਆਪਣੇ ਫ਼ੋਨ ਦੇ ਜ਼ਰੀਏ ਕਰ ਰਹੇ ਸਨ। ਇੰਸਟਾਗ੍ਰਾਮ ਉਨ੍ਹਾਂ ਦੀ ਦੁਨੀਆ ਸੀ ਅਤੇ ਮਜ਼ਾਕ ਉਨ੍ਹਾਂ ਦੀ ਭਾਸ਼ਾ।

ਮੋਦੀ ਅਤੇ ਉਨ੍ਹਾਂ ਦੀ ਪਾਰਟੀ ਦੀ ਇਹ ਸਮਝ ਸੀ ਕਿ ਉਨ੍ਹਾਂ ਨੇ ਭਾਰਤ ਦੇ ਬਹੁਗਿਣਤੀ ਹਿੰਦੂਆਂ ਦਾ ਹਿੰਦੂਤਵੀਕਰਨ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਤੇ ਹਿੰਸਾ ਦਾ ਨਸ਼ਾ ਦੇਣ ਤੋਂ ਇਲਾਵਾ ਹੋਰ ਕੁਝ ਕਰਨ ਦੀ ਲੋੜ ਨਹੀਂ ਹੈ।

### ਸੋਨਮ ਵਾਂਗਚੁਕ ਦਾ ਅਨਸ਼ਨ

ਜੰਤਰ-ਮੰਤਰ 'ਤੇ ਨੌਜਵਾਨਾਂ ਵੱਲੋਂ ਜਦੋਂ ਸੋਨਮ ਵਾਂਗਚੁਕ ਨੇ ਵਰਤ (ਅਨਸ਼ਨ) ਸ਼ੁਰੂ ਕੀਤਾ, ਤਾਂ ਆਪਣੀ ਆਦਤ ਮੁਤਾਬਕ ਸਰਕਾਰ ਨੇ ਚੁੱਪ ਵੱਟ ਲਈ। ਉਨ੍ਹਾਂ ਦੀ ਸਿਹਤ ਵਿਗੜਨ 'ਤੇ ਵੀ ਸਰਕਾਰ ਦੀ ਖ਼ਾਮੋਸ਼ੀ ਨੇ ਦੇਸ਼ ਭਰ ਦੇ ਨੌਜਵਾਨਾਂ ਵਿੱਚ ਭਾਰੀ ਗੁੱਸਾ ਪੈਦਾ ਕੀਤਾ। ਉਸ ਤੋਂ ਬਾਅਦ ਮੋਦੀ ਸਰਕਾਰ ਨੇ ਵਾਂਗਚੁਕ ਨੂੰ ਜ਼ਬਰਦਸਤੀ ਚੁੱਕ ਲਿਆ। ਉਸ ਨੂੰ ਭੁਲੇਖਾ ਸੀ ਕਿ ਉਸ ਦੀ ਪਕੜ ਭਾਰਤੀ ਸਮਾਜ 'ਤੇ ਇੰਨੀ ਪੱਕੀ ਹੈ ਕਿ ਉਸ ਦੇ ਕਿਸੇ ਕਦਮ ਦਾ ਸਮਾਜ ਵਿੱਚ ਕੋਈ ਵਿਰੋਧ ਨਹੀਂ ਹੋਵੇਗਾ। ਪਰ ਇਹ ਉਸ ਦੀ ਖ਼ੁਸ਼ਫ਼ਹਿਮੀ ਸੀ। ਸੋਨਮ ਵਾਂਗਚੁਕ ਨਾਲ ਕੀਤੇ ਗਏ ਵਿਵਹਾਰ ਨੂੰ ਨੌਜਵਾਨਾਂ ਨੇ ਆਪਣਾ ਅਪਮਾਨ ਮੰਨਿਆ ਅਤੇ ਜੰਤਰ-ਮੰਤਰ 'ਤੇ ਜਿਵੇਂ ਨੌਜਵਾਨਾਂ ਦਾ ਸੈਲਾਬ ਉਮੜ ਆਇਆ।

ਸੰਸਦ ਮਾਰਚ ਬਾਰੇ ਵੀ ਸਰਕਾਰ ਦੀ ਗ਼ਲਤਫ਼ਹਿਮੀ ਸੀ ਕਿ ਉਹ ਉਸ ਨੂੰ ਕਾਬੂ ਕਰ ਲਵੇਗੀ। ਪਰ ਜਨਤਾ ਦੇ ਹੜ੍ਹ ਅੱਗੇ ਉਹ ਲੜਖੜਾ ਗਈ। ਇਸ ਸਰਕਾਰ ਨੂੰ ਇੱਕੋ ਭਾਸ਼ਾ ਆਉਂਦੀ ਹੈ: ਆਵਾਜ਼ ਨੂੰ ਦਬਾਉਣ ਦੀ ਅਤੇ ਲੋਕਾਂ ਨੂੰ ਕੁਚਲਣ ਦੀ। ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਸ਼ਾਹੀਨ ਬਾਗ ਅੰਦੋਲਨ ਅਤੇ ਕਿਸਾਨ ਅੰਦੋਲਨ ਵਿੱਚ ਵੀ ਉਸ ਨੇ ਦਮਨ ਦਾ ਰਸਤਾ ਹੀ ਚੁਣਿਆ ਸੀ। ਇਸ ਵਾਰ ਵੀ ਉਸ ਨੇ ਉਹੀ ਕੀਤਾ। ਪਰ ਨੌਜਵਾਨ ਪਿੱਛੇ ਨਹੀਂ ਹਟੇ। ਉਹ ਡੰਡਿਆਂ ਅਤੇ ਬੰਦੂਕਾਂ ਦੇ ਅੱਗੇ ਅੜ ਗਏ।

ਨੌਜਵਾਨਾਂ ਨੇ ਹਿੰਸਾ ਨਹੀਂ ਕੀਤੀ। ਉਨ੍ਹਾਂ ਨੇ ਆਪਣੇ ਹਥਿਆਰ, ਯਾਨੀ ਫ਼ੋਨ ਦੇ ਜ਼ਰੀਏ ਨਰਿੰਦਰ ਮੋਦੀ ਦੀ ਛਵੀ ਦੀਆਂ ਧੱਜੀਆਂ ਉਡਾਉਣਾ ਸ਼ੁਰੂ ਕੀਤਾ। ਮੋਦੀ ਨੂੰ ਆਪਣੀ ਛਵੀ ਤੋਂ ਵੱਧ ਕਿਸੇ ਨਾਲ ਪਿਆਰ ਨਹੀਂ। ਇਸ ਛਵੀ ਨੂੰ ਤਿੜਕਦੀ ਦੇਖ ਮੋਦੀ ਘਬਰਾਹਟ ਵਿੱਚ ਉਸ ਮੈਦਾਨ ਵਿੱਚ ਕੁੱਦ ਪਏ ਜਿਸ ਦੇ ਖੇਡ ਦੇ ਨਿਯਮ ਉਹ ਨਹੀਂ ਜਾਣਦੇ ਸਨ। ਨੌਜਵਾਨ ਉਨ੍ਹਾਂ ਨੂੰ ਇੰਸਟਾਗ੍ਰਾਮ ਦੇ ਮੈਦਾਨ ਵਿੱਚ ਘਸੀਟ ਲਿਆਏ। ਇਸ ਭੁਲੇਖੇ ਵਿੱਚ ਕਿ ਉਹ ਲਫ਼ਾਜ਼ੀ (ਫ਼ੋਕੀ ਬਿਆਨਬਾਜ਼ੀ) ਦੇ ਉਸਤਾਦ ਹਨ, ਮੋਦੀ ਨੇ ਇੰਸਟਾਗ੍ਰਾਮ 'ਤੇ ਨੌਜਵਾਨਾਂ ਨੂੰ 'ਫ਼੍ਰੈਂਡਜ਼' ਕਹਿ ਕੇ ਵੀਡੀਓ ਬਣਾਇਆ। ਚਾਰੇ ਪਾਸਿਓਂ ਜਵਾਬ ਆਇਆ— 'ਅਸੀਂ ਤੁਹਾਡੇ ਫਰੈਂਡ ਨਹੀਂ ਹਾਂ।'

ਨਰਿੰਦਰ ਮੋਦੀ ਨੂੰ ਇਸ ਹਮਲੇ ਨੇ ਬੁਰੀ ਤਰ੍ਹਾਂ ਹਿਲਾ ਦਿੱਤਾ ਹੈ। ਇਸ ਨੂੰ ਫੈਲਣ ਤੋਂ ਰੋਕਣਾ ਜ਼ਰੂਰੀ ਸੀ, ਇਸ ਤੋਂ ਪਹਿਲਾਂ ਕਿ ਇਹ ਵਾਵਰੋਲੇ ਵਿੱਚ ਬਦਲ ਕੇ ਉਨ੍ਹਾਂ ਨੂੰ ਉਖਾੜ ਸੁੱਟੇ। ਧਰਮਿੰਦਰ ਪ੍ਰਧਾਨ ਦਾ ਅਸਤੀਫ਼ਾ ਮੋਦੀ ਦੇ ਖ਼ਿਲਾਫ਼ ਨਫ਼ਰਤ ਦੇ ਇਸ ਹੜ੍ਹ ਨੂੰ ਰੋਕਣ ਦੀ ਇੱਕ ਬੌਂਦਲੀ ਹੋਈ ਕੋਸ਼ਿਸ਼ ਸੀ।

ਅਜੇ ਜੰਤਰ-ਮੰਤਰ ਖ਼ਾਲੀ ਹੋ ਗਿਆ ਹੈ। ਪਰ ਮੋਦੀ ਦੇ ਖ਼ਿਲਾਫ਼ ਨੌਜਵਾਨਾਂ ਦੀ ਇਹ ਮੁਹਿੰਮ ਉਨ੍ਹਾਂ ਦੇ ਇਕੱਲੇ ਕਮਰਿਆਂ ਵਿੱਚ ਵੀ ਜਾਰੀ ਰਹੇਗੀ। ਨੌਜਵਾਨਾਂ ਨੇ ਨਰਿੰਦਰ ਮੋਦੀ ਦਾ ਘਮੰਡ ਤੋੜ ਦਿੱਤਾ ਹੈ। ਇਹ ਭਾਰਤੀ ਲੋਕਤੰਤਰ ਲਈ ਇੱਕ ਚੰਗੀ ਖ਼ਬਰ ਹੈ।

# ਈਥਾਨੌਲ ਮਿਸ਼ਰਿਤ ਪੈਟਰੋਲ ਦਾ ਕੱਚ-ਸੱਚ

ਦਰਸ਼ਨ ਸਿੰਘ ਭੁੱਲਰ

ਅੱਜ ਭਾਰਤ ਵਿੱਚ ਆਵਾਜਾਈ ਖੇਤਰ ਨਾਲ ਸਬੰਧਿਤ ਸਭ ਤੋਂ ਵੱਧ ਚਰਚਿਤ ਊਰਜਾ ਨੀਤੀਆਂ ਵਿੱਚੋਂ ਇੱਕ ਪੈਟਰੋਲ ਵਿੱਚ 20 ਫ਼ੀਸਦੀ ਈਥਾਨੌਲ ਮਿਲਾਉਣ ਦੀ ਨੀਤੀ ਹੈ। ਸਰਕਾਰ ਇਸ ਨੂੰ ਊਰਜਾ ਸੁਰੱਖਿਆ ਮਜ਼ਬੂਤ ਕਰਨ, ਕੱਚੇ ਤੇਲ ਦੀ ਦਰਾਮਦ ਘਟਾਉਣ, ਵਿਦੇਸ਼ੀ ਮੁਦਰਾ ਦੀ ਬੱਚਤ ਕਰਨ, ਕਿਸਾਨਾਂ ਦੀ ਆਮਦਨ ਵਧਾਉਣ ਅਤੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਕਮੀ ਲਿਆਉਣ ਦਾ ਮਹੱਤਵਪੂਰਨ ਸਾਧਨ ਦੱਸਦੀ ਹੈ। ਦੂਜੇ ਪਾਸੇ ਵਾਹਨ ਮਾਲਕਾਂ, ਵਿਗਿਆਨੀਆਂ, ਵਾਤਾਵਰਣ ਮਾਹਿਰਾਂ ਅਤੇ ਨੀਤੀ ਵਿਸ਼ਲੇਸ਼ਕਾਂ ਦਾ ਇੱਕ ਵਰਗ ਇਸ ਦੇ ਤਕਨੀਕੀ, ਆਰਥਿਕ ਅਤੇ ਵਾਤਾਵਰਣਕ ਪ੍ਰਭਾਵਾਂ ਬਾਰੇ ਗੰਭੀਰ ਸਵਾਲ ਉਠਾ ਰਿਹਾ ਹੈ।2026 ਦੌਰਾਨ ਈ20 ਦੀ ਕਾਰਗੁਜ਼ਾਰੀ, ਮਾਈਲੇਜ, ਪੁਰਾਣੇ ਵਾਹਨਾਂ ਦੀ ਅਨੁਕੂਲਤਾ ਅਤੇ ਉਪਭੋਗਤਾਵਾਂ ਨੂੰ ਦਿੱਤੀ ਜਾਣਕਾਰੀ ਨੂੰ ਲੈ ਕੇ ਜਨਤਕ ਬਹਿਸ ਅਤੇ ਕਾਨੂੰਨੀ ਚੁਣੌਤੀਆਂ ਨੇ ਇਸ ਵਿਵਾਦ ਨੂੰ ਹੋਰ ਤੇਜ਼ ਕਰ ਦਿੱਤਾ।

ਈ20 ਬਾਲਣ ਦੇ ਵਿਆਪਕ ਪ੍ਰਚਲਨ ਦੇ ਬਾਵਜੂਦ ਕੁਝ ਮਹੱਤਵਪੂਰਨ ਸਵਾਲ ਅਜੇ ਵੀ ਸਪੱਸ਼ਟ ਜਵਾਬਾਂ ਦੀ ਉਡੀਕ ਕਰ ਰਹੇ ਹਨ।ਕੀ 10-15 ਸਾਲ ਪੁਰਾਣੇ ਵਾਹਨ ਲੰਬੇ ਸਮੇਂ ਤੱਕ ਈ20 ਦੀ ਵਰਤੋਂ ਬਿਨਾਂ ਕਿਸੇ ਨੁਕਸਾਨ ਦੇ ਕਰ ਸਕਣਗੇ ? ਕੀ ਇਨ੍ਹਾਂ ਦੇ ਇੰਜਣ, ਇੰਜੈਕਟਰ, ਫਿਊਲ ਪੰਪ ਅਤੇ ਰਬੜ ਦੇ ਪੁਰਜ਼ਿਆਂ ਦਾ ਟਿਕਾਊਪਣ ਅਤੇ ਕਾਰਗੁਜ਼ਾਰੀ ਪ੍ਰਭਾਵਿਤ ਨਹੀਂ ਹੋਵੇਗੀ ? ਇਨ੍ਹਾਂ ਸਵਾਲਾਂ ਦੇ ਜਵਾਬ ਸੁਤੰਤਰ, ਲੰਬੀ ਮਿਆਦ ਦੇ ਵਿਗਿਆਨਕ ਅਧਿਐਨਾਂ ਰਾਹੀਂ ਜਨਤਕ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਨੀਤੀ ਪ੍ਰਤੀ ਉਪਭੋਗਤਾਵਾਂ ਦਾ ਭਰੋਸਾ ਮਜ਼ਬੂਤ ਹੋ ਸਕੇ।




ਮਾਹਿਰਾਂ ਅਨੁਸਾਰ ਈਥਾਨੌਲ ਆਪਣੇ ਆਪ ਵਿੱਚ ਸਮੱਸਿਆ ਨਹੀਂ ਹੈ। ਚੁਣੌਤੀ ਮੁੱਖ ਤੌਰ 'ਤੇ ਉਨ੍ਹਾਂ ਵਾਹਨਾਂ ਨਾਲ ਜੁੜੀ ਹੈ ਜੋ ਈ20 ਲਈ ਡਿਜ਼ਾਈਨ ਜਾਂ ਕੈਲੀਬਰੇਟ ਨਹੀਂ ਕੀਤੇ ਗਏ, ਖ਼ਾਸ ਕਰਕੇ 2023 ਤੋਂ ਪਹਿਲਾਂ ਬਣੇ ਮਾਡਲ। ਈਥਾਨੌਲ ਇੱਕ ਤਾਕਤਵਰ ਘੋਲਕ ਅਤੇ ਨਮੀ ਸੋਖਣ ਵਾਲਾ ਪਦਾਰਥ ਹੈ। ਇਸ ਕਰਕੇ ਇਹ ਪੁਰਾਣੇ ਇੰਜਣਾਂ ਵਿੱਚ ਜਮ੍ਹਾਂ ਡਿਪਾਜ਼ਿਟ ਨੂੰ ਢਿੱਲਾ ਕਰਕੇ ਫਿਲਟਰ ਜਾਂ ਇੰਜੈਕਟਰ ਜਾਮ ਕਰ ਸਕਦਾ ਹੈ, ਜਦੋਂਕਿ ਨਮੀ ਦੀ ਮੌਜੂਦਗੀ ਬਾਲਣ ਦੀ ਗੁਣਵੱਤਾ ਅਤੇ ਫਿਊਲ ਸਿਸਟਮ ਦੀ ਭਰੋਸੇਯੋਗਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਦੇ ਨਤੀਜੇ ਵਜੋਂ ਇੰਜਣ ਵਿੱਚ ਝਟਕੇ, ਸੁਸਤ ਕਾਰਗੁਜ਼ਾਰੀ ਅਤੇ ਡਰਾਈਵੇਬਿਲਟੀ ਨਾਲ ਸਬੰਧਿਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਬਹੁਤ ਸਾਰੀਆਂ ਰਿਪੋਰਟਾਂ ਅਨੁਸਾਰ ਵਰਕਸ਼ਾਪਾਂ ਵਿੱਚ ਇੰਜੈਕਟਰ ਫਾਊਲਿੰਗ, ਫਿਊਲ ਪੰਪ ਦੀ ਖ਼ਰਾਬੀ ਆਦਿ ਸ਼ਿਕਾਇਤਾਂ ਵਿੱਚ ਵਾਧਾ ਦੇਖਿਆ ਜਾ ਰਿਹਾ ਹੈ।

ਇਸ ਦੇ ਨਾਲ ਹੀ ਪੈਟਰੋਲ ਡੀਲਰਾਂ ਲਈ ਵੀ ਈ20 ਦੀ ਸਟੋਰੇਜ਼ ਇੱਕ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ। ਈਥਾਨੌਲ ਦੀ ਨਮੀ ਸੋਖਣ ਵਾਲੀ ਪ੍ਰਵਿਰਤੀ ਕਾਰਨ, ਜੇਕਰ ਸਟੋਰੇਜ਼ ਟੈਂਕਾਂ ਅਤੇ ਡਿਸਪੈਂਸਿੰਗ ਪ੍ਰਣਾਲੀਆਂ ਦੀ ਢੁੱਕਵੀਂ ਸੰਭਾਲ ਨਾ ਹੋਵੇ ਤਾਂ ਪਾਣੀ ਮਿਲਣ ਦਾ ਖ਼ਤਰਾ ਵਧ ਜਾਂਦਾ ਹੈ। ਭੂਮੀਗਤ ਟੈਂਕਾਂ ਵਿੱਚ ਬਾਰਸ਼, ਨਮੀ ਜਾਂ ਟੈਂਕਰਾਂ ਵਿੱਚ ਜੇਕਰ ਕਿਸੇ ਕਾਰਨ ਥੋੜ੍ਹੀ ਮਾਤਰਾ ਵਿੱਚ ਪਾਣੀ ਦਾਖਲ ਹੋ ਜਾਵੇ ਅਤੇ ਜੇ ਈ20 ਵਿੱਚ ਪਾਣੀ ਦੀ ਮਾਤਰਾ ਲਗਭਗ 0.5% ਤੋਂ ਵੱਧ ਹੋ ਜਾਵੇ ਤਾਂ ਫੇਜ਼ ਸੈਪਰੇਸ਼ਨ (ਬੀ ਤਕਬ ਹੋ ਸਕਦੀ ਹੈ, ਜਿਸ ਵਿੱਚ ਈਥਾਨੌਲ-ਪਾਣੀ ਦਾ ਮਿਸ਼ਰਣ ਟੈਂਕ ਦੇ ਤਲ ਵਿੱਚ ਬੈਠ ਜਾਂਦਾ ਹੈ ਅਤੇ ਉੱਪਰਲੇ ਪੈਟਰੋਲ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ।ਜੇ ਇਹ ਮਿਸ਼ਰਣ ਵਾਹਨ ਦੇ ਫਿਊਲ ਸਿਸਟਮ ਵਿੱਚ ਪਹੁੰਚੇ ਤਾਂ ਇੰਜਣ ਦੀ ਕਾਰਗੁਜ਼ਾਰੀ ਅਤੇ ਭਰੋਸੇਯੋਗਤਾ 'ਤੇ ਨਕਾਰਾਤਮਕ ਅਸਰ ਪੈ ਸਕਦਾ ਹੈ।ਭਾਰਤ ਵਿੱਚ ਈ20 ਦੀ ਸ਼ੁਰੂਆਤ ਨੇ ਵਿਕਲਪਿਕ ਈਂਧਣਾਂ ਬਾਰੇ ਇੱਕ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ, ਪਰ ਕਿਸੇ ਵੀ ਨਵੀਂ ਤਕਨਾਲੋਜੀ ਜਾਂ ਨੀਤੀ ਦੀ ਸਫਲਤਾ ਸਿਰਫ਼ ਸਰਕਾਰੀ ਟੀਚਿਆਂ ਨਾਲ ਨਹੀਂ, ਸਗੋਂ ਇਸ ਦੀ ਵਿਗਿਆਨਕ ਭਰੋਸੇਯੋਗਤਾ, ਉਪਭੋਗਤਾਵਾਂ ਦੇ ਤਜਰਬੇ ਅਤੇ ਲੰਬੇ ਸਮੇਂ ਦੀ ਕਾਰਗੁਜ਼ਾਰੀ ਨਾਲ ਮਾਪੀ ਜਾਂਦੀ ਹੈ। ਪੁਰਾਣੇ ਵਾਹਨਾਂ ਦੀ ਅਨੁਕੂਲਤਾ, ਮਾਈਲੇਜ, ਇੰਜਣ ਦੀ ਟਿਕਾਊ ਸਮਰੱਥਾ ਅਤੇ ਬਾਲਣ ਦੀ ਗੁਣਵੱਤਾ ਵਰਗੇ ਸਵਾਲ ਅਜੇ ਵੀ ਸੰਤੁਸ਼ਟੀਜਨਕ ਜਵਾਬਾਂ ਦੀ ਉਡੀਕ ਕਰ ਰਹੇ ਹਨ।ਪਰ ਈ20 ਬਾਰੇ ਅਸਲ ਚਰਚਾ ਇੱਥੇ ਖ਼ਤਮ ਨਹੀਂ ਹੁੰਦੀ।ਇਸ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਕੀ ਇਹ ਨੀਤੀ ਭਾਰਤ ਦੀ ਪਾਣੀ, ਖੇਤੀਬਾੜੀ, ਖੁਰਾਕ ਸੁਰੱਖਿਆ ਅਤੇ ਵਾਤਾਵਰਣਕ ਲੋੜਾਂ ਦੇ ਅਨੁਕੂਲ ਹੈ ? ਇਸ ਦਾ ਜਵਾਬ ਜਾਣਨ ਲਈ ਈ20 ਨੂੰ ਸਿਰਫ਼ ਵਾਹਨ ਦੇ ਇੰਜਣ ਨਾਲ ਨਹੀਂ, ਸਗੋਂ ਇਸ ਦੇ ਪੂਰੇ ਜੀਵਨ-ਚੱਕਰ ਅਤੇ ਰਾਸ਼ਟਰੀ ਸਰੋਤਾਂ ਦੇ ਪ੍ਰਸੰਗ ਵਿੱਚ ਦੇਖਣਾ ਪਵੇਗਾ।

ਈਥਾਨੌਲ ਨੂੰ ਅਕਸਰ ਕਾਰਬਨ-ਨਿਰਪੱਖ ਜਾਂ 'ਹਰਾ ਈਂਧਣ' ਕਿਹਾ ਜਾਂਦਾ ਹੈ ਕਿਉਂਕਿ ਪੌਦੇ ਆਪਣੇ ਵਾਧੇ ਦੌਰਾਨ ਵਾਤਾਵਰਣ ਵਿੱਚੋਂ ਕਾਰਬਨ ਡਾਈਆਕਸਾਈਡ ਸੋਖਦੇ ਹਨ, ਪਰ ਵਿਗਿਆਨ ਇਸ ਤੋਂ ਅੱਗੇ ਦਾ ਸਵਾਲ ਪੁੱਛਦਾ ਹੈ-ਇਸ ਈਥਾਨੌਲ ਨੂੰ ਤਿਆਰ ਕਰਨ ਲਈ ਕੁੱਲ ਕਿੰਨਾ ਕਾਰਬਨ ਅਤੇ ਕਿੰਨੀ ਊਰਜਾ ਖ਼ਰਚ ਹੋਈ ? ਫ਼ਸਲ ਦੀ ਬਿਜਾਈ ਤੋਂ ਲੈ ਕੇ ਈਥਾਨੌਲ ਦੇ ਵਾਹਨ ਦੀ ਟੈਂਕੀ ਤੱਕ ਪਹੁੰਚਣ ਦੇ ਹਰ ਪੜਾਅ 'ਤੇ ਊਰਜਾ ਦੀ ਲੋੜ ਹੁੰਦੀ ਹੈ। ਟਰੈਕਟਰਾਂ ਵਿੱਚ ਡੀਜ਼ਲ ਸੜਦਾ ਹੈ, ਟਿਊਬਵੈੱਲਾਂ ਲਈ ਬਿਜਲੀ ਵਰਤੀ ਜਾਂਦੀ ਹੈ, ਯੂਰੀਆ ਅਤੇ ਡੀਏਪੀ ਵਰਗੀਆਂ ਖਾਦਾਂ ਦਾ ਨਿਰਮਾਣ ਵੱਡੀ ਮਾਤਰਾ ਵਿੱਚ ਜੀਵਾਸ਼ਮ ਊਰਜਾ ਦੀ ਮੰਗ ਕਰਦਾ ਹੈ, ਫ਼ਸਲ ਦੀ ਢੁਆਈ ਲਈ ਵਾਹਨ ਵਰਤੇ ਜਾਂਦੇ ਹਨ ਅਤੇ ਡਿਸਟਿਲਰੀਆਂ ਵਿੱਚ ਭਾਫ਼ ਅਤੇ ਬਿਜਲੀ ਦੀ ਖਪਤ ਹੁੰਦੀ ਹੈ। ਇਹ ਸਾਰੇ ਪੜਾਅ ਕਾਰਬਨ ਨਿਕਾਸ ਨਾਲ ਜੁੜੇ ਹੋਏ ਹਨ।ਇਸ ਤੋਂ ਇਲਾਵਾ ਨਾਈਟ੍ਰੋਜਨ ਖਾਦਾਂ ਦੀ ਵਰਤੋਂ ਨਾਲ ਨਾਈਟਰਸ ਆਕਸਾਈਡ ਦਾ ਨਿਕਾਸ ਵੀ ਹੁੰਦਾ ਹੈ ਜੋ ਗ੍ਰੀਨਹਾਊਸ ਗੈਸਾਂ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਗੈਸਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। 100 ਸਾਲਾਂ ਦੇ ਸਮੇਂ-ਪੈਮਾਨੇ 'ਤੇ ਇਸ ਦੀ ਗਲੋਬਲ ਵਾਰਮਿੰਗ ਸਮਰੱਥਾ ਕਾਰਬਨ ਡਾਈਆਕਸਾਈਡ ਨਾਲੋਂ ਲਗਭਗ 270 ਗੁਣਾ ਵੱਧ ਮੰਨੀ ਜਾਂਦੀ ਹੈ। ਇਸ ਲਈ ਜੇ ਪੂਰੇ ਜੀਵਨ-ਚੱਕਰ ਦਾ ਵਿਸ਼ਲੇਸ਼ਣ ਨਾ ਕੀਤਾ ਜਾਵੇ ਤਾਂ ਕੇਵਲ ਵਾਹਨ ਦੀ ਸਾਈਲੈਂਸਰ ਤੋਂ ਨਿਕਲਣ ਵਾਲੇ ਨਿਕਾਸ ਦੇ ਆਧਾਰ 'ਤੇ ਈਥਾਨੌਲ ਨੂੰ 'ਹਰਾ ਈਂਧਣ' ਐਲਾਨ ਦੇਣਾ ਵਿਗਿਆਨਕ ਤੌਰ 'ਤੇ ਅਧੂਰਾ ਨਤੀਜਾ ਹੋ ਸਕਦਾ ਹੈ।

ਇਸ ਲਈ ਈ20 ਦੀ ਸਫਲਤਾ ਦਾ ਮੁਲਾਂਕਣ ਸਿਰਫ਼ ਇਸ ਗੱਲ ਨਾਲ ਨਹੀਂ ਕੀਤਾ ਜਾਣਾ ਚਾਹੀਦਾ ਕਿ ਪੈਟਰੋਲ ਵਿੱਚ ਕਿੰਨਾ ਈਥਾਨੌਲ ਮਿਲਾਇਆ ਗਿਆ, ਸਗੋਂ ਇਸ ਗੱਲ ਨਾਲ ਵੀ ਕਿ ਉਸ ਨੂੰ ਤਿਆਰ ਕਰਨ ਲਈ ਦੇਸ਼ ਨੇ ਪਾਣੀ, ਊਰਜਾ ਅਤੇ ਕੁਦਰਤੀ ਸਰੋਤਾਂ ਦੇ ਰੂਪ ਵਿੱਚ ਅਸਲ ਵਿੱਚ ਕਿੰਨੀ ਕੀਮਤ ਅਦਾ ਕੀਤੀ। ਈਥਾਨੌਲ ਨੀਤੀ ਨਾਲ ਜੁੜਿਆ ਇੱਕ ਹੋਰ ਮਹੱਤਵਪੂਰਨ ਮੁੱਦਾ ਖੁਰਾਕ ਸੁਰੱਖਿਆ ਦਾ ਹੈ। ਜੇ ਖੁਰਾਕੀ ਫ਼ਸਲਾਂ ਦਾ ਵੱਡਾ ਹਿੱਸਾ ਈਂਧਣ ਬਣਾਉਣ ਲਈ ਵਰਤਿਆ ਜਾਣ ਲੱਗ ਪਿਆ ਤਾਂ ਭਵਿੱਖ ਵਿੱਚ ਅਨਾਜ ਦੀ ਉਪਲੱਬਧਤਾ ਅਤੇ ਕੀਮਤਾਂ 'ਤੇ ਦਬਾਅ ਪੈ ਸਕਦਾ ਹੈ। ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਵੱਡੀ ਆਬਾਦੀ ਅਜੇ ਵੀ ਖੁਰਾਕ ਸੁਰੱਖਿਆ ਯੋਜਨਾਵਾਂ 'ਤੇ ਨਿਰਭਰ ਹੈ, ਇਹ ਚਿੰਤਾ ਨਜ਼ਰਅੰਦਾਜ਼ ਨਹੀਂ ਕੀਤੀ ਜਾ ਸਕਦੀ।

# ਗੋਦੀ ਮੀਡੀਆ ਨੂੰ ਲਤਾੜ ਗਿਆ ਕਾਕਰੋਚ ਅੰਦੋਲਨ



ਗੁਰਮੀਤ ਸਿੰਘ ਪਲਾਹੀ

ਨੌਜਵਾਨਾਂ ਦੀ 'ਕਾਕਰੋਚ ਕ੍ਰਾਂਤੀ' ਅੱਗੇ ਕੁਝ ਹੀ ਦਿਨਾਂ ਵਿੱਚ ਨਾ ਸਿਰਫ਼ ਇਸ ਰਾਸ਼ਟਰ ਦੇ ਉਸ ਪ੍ਰਮੁੱਖ ਨੂੰ ਝੁਕਣਾ ਪਿਆ, ਜਿਹੜਾ ਸਿਰਫ਼ ਆਪਣੇ 'ਮਨ ਦੀ ਗੱਲ' ਕਰਨੀ ਜਾਣਦਾ ਹੈ ਅਤੇ ਦੂਜਿਆਂ ਦੇ ਮਨ ਦੀ ਗੱਲ ਸੁਣਨ ਤੋਂ ਮੁਨਕਰ ਰਿਹਾ ਹੈ; ਸਗੋਂ ਇਸ ਇਤਿਹਾਸਕ ਅੰਦੋਲਨ ਨੇ ਗੋਦੀ ਮੀਡੀਆ ਦਾ ਵੀ ਲੱਕ ਤੋੜ ਕੇ ਰੱਖ ਦਿੱਤਾ।ਕੀ ਇਹ ਇਹ ਉਹੀ ਮੀਡੀਆ ਨਹੀਂ ਹੈ, ਜੋ ਮੁੱਠੀ ਭਰ ਸਰਮਾਏਦਾਰਾਂ ਅਤੇ ਸਰਕਾਰ ਦਾ ਪਿੱਠੂ ਬਣ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਦੀ ਪ੍ਰਮਾਣਿਕਤਾ ਨੂੰ ਲਗਾਤਾਰ ਦਾਗ਼ਦਾਰ ਕਰ ਰਿਹਾ ਸੀ ?

ਕਿਸਾਨ ਅੰਦੋਲਨ ਵੇਲੇ ਵੀ ਅਤੇ ਮੌਜੂਦਾ ਕੇਂਦਰ ਸਰਕਾਰ ਦੇ ਪਿਛਲੇ 12 ਸਾਲਾਂ ਦੇ ਕਾਰਜਕਾਲ ਦੌਰਾਨ ਹੋਏ ਹੋਰਨਾਂ ਜਨ-ਸੰਘਰਸ਼ਾਂ ਦੌਰਾਨ ਵੀ, ਗੋਦੀ ਮੀਡੀਆ ਦੀ ਭੂਮਿਕਾ ਉੱਨੀ ਹੀ ਨਿੰਦਣਯੋਗ ਅਤੇ ਪੱਖਪਾਤੀ ਰਹੀ ਜਿੰਨੀ ਮੌਜੂਦਾ ਹਕੂਮਤ ਦੀ।ਪਰ ਇਸ ਨੌਜਵਾਨ ਅੰਦੋਲਨ ਦੇ ਅਟੱਲ ਸਿਰੜ ਅੱਗੇ ਗੋਦੀ ਮੀਡੀਆ ਦੇ ਓਹਲੇ ਰਾਜ ਕਰਨ ਵਾਲੀ ਹਕੂਮਤ ਨੂੰ ਇੱਕ ਵਾਰ ਫਿਰ ਮੂੰਹ ਦੀ ਖਾਣੀ ਪਈ।ਨੌਜਵਾਨਾਂ ਦੇ ਭਾਰੇ ਰੋਸ ਅੱਗੇ ਪ੍ਰਧਾਨ ਮੰਤਰੀ ਨੂੰ ਝੁਕਣਾ ਪਿਆ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨੀਆਂ ਪਈਆਂ।

ਦੇਸ਼ ਦੇ ਕੋਨੇ-ਕੋਨੇ ਤੋਂ ਪਹੁੰਚੇ ਇਹ ਨੌਜਵਾਨ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ, ਸਿੱਖਿਆ ਢਾਂਚੇ ਵਿੱਚ ਪਾਰਦਰਸ਼ਤਾ, ਪੇਪਰ ਲੀਕ ਮਾਫ਼ੀਆ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਜਵਾਬਦੇਹੀ ਦੀ ਮੰਗ ਕਰ ਰਹੇ ਸਨ। ਇਹ ਰੋਸ ਕਿਸੇ ਇੱਕ ਵਿਅਕਤੀ, ਸੰਗਠਨ ਜਾਂ ਸਿਆਸੀ ਧਿਰ ਤੱਕ ਸੀਮਤ ਨਹੀਂ ਸੀ, ਬਲਕਿ ਇਹ ਦੇਸ਼ ਦੇ ਲੱਖਾਂ ਬੇਰੁਜ਼ਗਾਰ ਅਤੇ ਪੀੜਤ ਨੌਜਵਾਨਾਂ ਦੇ ਮਨਾਂ ਵਿੱਚ ਸਾਲਾਂ ਤੋਂ ਪਨਪ ਰਹੇ ਵਿਆਪਕ ਅੰਦਰੂਨੀ ਉਬਾਲ ਦਾ ਪ੍ਰਗਟਾਵਾ ਸੀ।

ਇਸ ਸੰਘਰਸ਼ ਵਿੱਚ ਜਨਤਕ ਅਤੇ ਬੁਨਿਆਦੀ ਮੁੱਦੇ ਏਨੇ ਹਾਵੀ ਹੋ ਗਏ ਕਿ ਰਵਾਇਤੀ ਨੇਤਾਵਾਂ ਦੀ ਪ੍ਰਸੰਗਿਕਤਾ ਹੀ ਖ਼ਤਮ ਹੋ ਗਈ-ਠੀਕ ਉਵੇਂ ਹੀ ਜਿਵੇਂ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਦੇਖਣ ਨੂੰ ਮਿਲਿਆ ਸੀ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਇਹ ਪੜ੍ਹੇ-ਲਿਖੇ ਨੌਜਵਾਨ ਵੀ 'ਦੇਸ਼ ਨੂੰ ਤੋੜਨ ਵਾਲੀਆਂ ਵਿਦੇਸ਼ੀ ਤਾਕਤਾਂ' ਦੇ ਮੋਹਰੇ ਹੀ ਜਾਪੇ।

ਇਸ ਵਿਕੇ ਹੋਏ ਮੀਡੀਆ ਨੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੋਨਮ ਵਾਂਗਚੁਕ ਦੇ ਮਰਨ ਵਰਤ ਦਾ ਮਜ਼ਾਕ ਉਡਾਇਆ। ਟੀਵੀ ਸਕਰੀਨਾਂ 'ਤੇ ਬੈਠੇ ਕੁਝ ਕਥਿਤ ਬੁੱਧੀਜੀਵੀ ਹਰ ਰੋਜ਼ ਹਕੂਮਤ ਦੀ ਭਗਤੀ ਕਰਦੇ ਅਤੇ 'ਕਾਕਰੋਚ ਅੰਦੋਲਨ' ਦੇ ਆਗੂ ਅਭਿਜੀਤ ਦਿਪਕੇ 'ਤੇ ਤੀਰ ਛੱਡਦੇ ਦਿਖਾਈ ਦਿੱਤੇ।ਗੋਦੀ ਮੀਡੀਆ ਨੇ ਇਹ ਸਾਬਤ ਕਰਨ ਲਈ ਪੂਰਾ ਤਾਣ ਲਗਾਇਆ ਕਿ ਇਹ ਪ੍ਰਦਰਸ਼ਨਕਾਰੀ ਉਹੀ 'ਰਾਸ਼ਟਰ-ਵਿਰੋਧੀ' ਹਨ, ਜਿਨ੍ਹਾਂ ਨੂੰ ਸ਼ਾਹੀਨ ਬਾਗ਼ ਜਾਂ ਕਿਸਾਨ ਅੰਦੋਲਨ 'ਚ ਦੇਖਿਆ ਗਿਆ ਸੀ-ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ 'ਅੰਦੋਲਨਜੀਵੀ' ਆਖ ਕੇ ਭੰਡਿਆ ਸੀ।

ਪਰ ਗੋਦੀ ਮੀਡੀਆ ਨੇ ਜਾਣਬੁੱਝ ਕੇ ਇਹ ਸੱਚ ਛੁਪਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਮੁਹਿੰਮ ਦੀ ਚੰਗਿਆੜੀ ਸੁਪਰੀਮ ਕੋਰਟ ਦੀ ਉਸ ਅਫ਼ਸੋਸਜਨਕ ਟਿੱਪਣੀ ਤੋਂ ਭੜਕੀ ਸੀ, ਜਿਸ 'ਚ ਵਿਦਿਆਰਥੀਆਂ ਦੇ ਰੋਸ ਨੂੰ ਵਿਅੰਗ ਨਾਲ 'ਕਾਕਰੋਚ' ਵਾਂਗ ਦੇਖਿਆ ਗਿਆ।ਨੀਟ ਪੇਪਰ ਲੀਕ ਦੇ ਧੱਕੇਸ਼ਾਹੀ ਭਰੇ ਫ਼ੈਸਲਿਆਂ ਨੇ ਨੌਜਵਾਨਾਂ ਦੇ ਮਨਾਂ 'ਚ ਗੁੱਸਾ ਭਰ ਦਿੱਤਾ। ਸੋਸ਼ਲ ਮੀਡੀਆ 'ਤੇ ਸ਼ੁਰੂ ਹੋਈ ਵਿਅੰਗਾਤਮਕ ਮੁਹਿੰਮ ਨੇ ਅਜਿਹਾ ਜਨ-ਅੰਦੋਲਨ ਖੜ੍ਹਾ ਕੀਤਾ ਜਿਸ ਨੇ ਸਿਰਫ਼ 70 ਦਿਨਾਂ ਦੇ ਅੰਦਰ-ਅੰਦਰ ਕੇਂਦਰੀ ਸਿੱਖਿਆ ਮੰਤਰੀ ਨੂੰ ਕੁਰਸੀ ਛੱਡਣ ਲਈ ਮਜਬੂਰ ਕਰ ਦਿੱਤਾ।

ਇਸ ਅੰਦੋਲਨ ਦਾ ਕੋਈ ਪਰੰਪਰਾਗਤ ਸਿਆਸੀ ਰਹਿਬਰ ਨਹੀਂ ਸੀ, ਬਲਕਿ ਇੰਸਟਾਗ੍ਰਾਮ ਅਤੇ 'ਐਕਸ' ਵਰਗੇ ਡਿਜੀਟਲ ਪਲੇਟਫਾਰਮਾਂ 'ਤੇ ਬਣੇ ਨੈੱਟਵਰਕ ਨੇ ਇਸ ਦੀ ਨੀਂਹ ਰੱਖੀ। ਵਿਦਿਆਰਥੀਆਂ ਨੇ ਬੜੀ ਸੂਝ-ਬੂਝ ਨਾਲ ਸੋਸ਼ਲ ਮੀਡੀਆ 'ਤੇ 15-15 ਜਾਂ 30-30 ਸੈਕਿੰਡਾਂ ਦੀਆਂ ਛੋਟੀਆਂ-ਛੋਟੀਆਂ ਵੀਡੀਓਜ਼ ਪਾ ਕੇ ਆਪਣੇ ਅੰਦੋਲਨ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਕਿ ਇਸ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਤੱਕ ਪਹੁੰਚ ਗਿਆ। ਬਿਨਾਂ ਕਿਸੇ ਵੱਡੇ ਦਾਅਵੇ ਜਾਂ ਫੋਕੀ ਬਿਆਨਬਾਜ਼ੀ ਦੇ, ਉਹ ਬਹੁਤ ਹੀ ਸੁਚੇਤ ਰੂਪ ਵਿੱਚ ਆਪਣੇ ਨਿਸ਼ਾਨੇ 'ਤੇ ਕੰਮ ਕਰਦੇ ਨਜ਼ਰ ਆਏ।ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖਿਆ ਦੇ ਖੇਤਰ 'ਚ ਹੋਈਆਂ ਧਾਂਦਲੀਆਂ ਅਤੇ ਇਸ ਨਾਲ ਜੁੜੇ ਬੇਰੁਜ਼ਗਾਰੀ ਦੇ ਗੰਭੀਰ ਮੁੱਦੇ ਤੱਕ ਹੀ ਕੇਂਦਰਿਤ ਰੱਖਿਆ।

ਇਹ ਆਵਾਜ਼ ਦਿੱਲੀ ਦੇ ਜੰਤਰ-ਮੰਤਰ ਤੋਂ ਹੁੰਦੀ ਹੋਈ ਦੇਸ਼ ਦੀਆਂ ਤਮਾਮ ਯੂਨੀਵਰਸਿਟੀਆਂ ਦੇ ਗਲਿਆਰਿਆਂ ਤੱਕ ਗੂੰਜ ਉੱਠੀ। ਇਸ ਮੁਹਿੰਮ ਨੇ ਜਿੱਥੇ ਗੋਦੀ ਮੀਡੀਆ ਦੇ ਪੱਖਪਾਤੀ ਚਿਹਰੇ ਨੂੰ ਬੇਨਕਾਬ ਕੀਤਾ, ਉੱਥੇ ਹੀ ਨੌਜਵਾਨਾਂ ਨੂੰ ਆਪਣੇ ਹੱਕਾਂ ਲਈ ਆਰ-ਪਾਰ ਦੀ ਲੜਾਈ ਲੜਨ ਦਾ ਰਾਹ ਵੀ ਦਿਖਾਇਆ।

ਇਹ ਸਮਝਣਾ ਜ਼ਰੂਰੀ ਹੈ ਕਿ ਇਹ ਲੜਾਈ ਸਿਰਫ਼ ਨੀਟ ਪ੍ਰੀਖਿਆ ਤੱਕ ਸੀਮਤ ਨਹੀਂ ਸੀ; ਇਹ ਖ਼ਰਾਬ ਪ੍ਰੀਖਿਆ ਪ੍ਰਣਾਲੀ, ਬੇਰੁਜ਼ਗਾਰੀ ਅਤੇ ਨੌਜਵਾਨਾਂ ਦੇ ਰੁਲਦੇ ਭਵਿੱਖ ਪ੍ਰਤੀ ਫੈਲੀ ਵਿਆਪਕ ਬੇਚੈਨੀ ਦਾ ਵਿਸਫ਼ੋਟ ਸੀ, ਜੋ ਇੱਕ ਕ੍ਰਾਂਤੀ ਵਿੱਚ ਬਦਲ ਗਿਆ।

ਜੇਕਰ ਇਤਿਹਾਸ 'ਤੇ ਝਾਤ ਮਾਰੀਏ ਤਾਂ ਵਿਦਿਆਰਥੀ ਅੰਦੋਲਨਾਂ ਨੇ ਹਮੇਸ਼ਾ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ: 1906 ਵਿੱਚ ਡਾ. ਰਾਜੇਂਦਰ ਪ੍ਰਸਾਦ ਦੀ ਅਗਵਾਈ ਹੇਠ 'ਬਿਹਾਰੀ ਸਟੂਡੈਂਟਸ ਸੈਂਟਰਲ ਐਸੋਸੀਏਸ਼ਨ' ਨੇ ਆਜ਼ਾਦੀ ਸੰਗ੍ਰਾਮ 'ਚ ਅਹਿਮ ਭੂਮਿਕਾ ਨਿਭਾਈ। 11 ਅਗਸਤ 1942 ਨੂੰ ਪਟਨਾ ਵਿਧਾਨ ਸਭਾ 'ਤੇ ਝੰਡਾ ਲਹਿਰਾਉਂਦਿਆਂ 7 ਵਿਦਿਆਰਥੀ ਸ਼ਹੀਦ ਹੋਏ।1955 ਵਿੱਚ ਬਿਹਾਰ 'ਚ ਬੱਸ ਕਿਰਾਇਆ ਵਾਧੇ ਵਿਰੁੱਧ ਹੋਏ ਵਿਦਿਆਰਥੀ ਅੰਦੋਲਨ ਕਾਰਨ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ ਸੀ। 1973-74 ਦਾ ਗੁਜਰਾਤ ਦਾ 'ਨਵਨਿਰਮਾਣ ਅੰਦੋਲਨ' ਵਿਦਿਆਰਥੀਆਂ ਦੀ ਤਾਕਤ ਸੀ, ਜਿਸ ਨੇ ਚਿਮਨਭਾਈ ਪਟੇਲ ਦੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ। 1974 ਦਾ ਇਤਿਹਾਸਕ 'ਜੇ.ਪੀ. ਅੰਦੋਲਨ' ਵੀ ਵਿਦਿਆਰਥੀਆਂ ਦੇ ਰੋਸ ਤੋਂ ਸ਼ੁਰੂ ਹੋਇਆ, ਜਿਸ ਦੇ ਸਿੱਟੇ ਵਜੋਂ ਦੇਸ਼ 'ਚ ਐਮਰਜੈਂਸੀ ਲੱਗੀ ਅਤੇ ਕਾਂਗਰਸ ਸੱਤਾ ਤੋਂ ਬਾਹਰ ਹੋਈ। 1979-1985 ਤੱਕ ਅਸਾਮ ਦੇ ਵਿਦਿਆਰਥੀ ਅੰਦੋਲਨ ਨੇ ਕੇਂਦਰ ਸਰਕਾਰ ਨੂੰ 'ਅਸਾਮ ਸਮਝੌਤਾ' ਕਰਨ ਲਈ ਮਜਬੂਰ ਕੀਤਾ। 1990 ਦਾ ਮੰਡਲ ਕਮਿਸ਼ਨ ਵਿਰੋਧੀ ਅੰਦੋਲਨ ਹੋਵੇ ਜਾਂ 2016 ਵਿੱਚ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ ਸੰਸਥਾਗਤ ਹੱਤਿਆ ਵਿਰੁੱਧ ਉੱਠਿਆ ਰੋਸ- ਵਿਦਿਆਰਥੀਆਂ ਨੇ ਹਮੇਸ਼ਾ ਹਕੂਮਤਾਂ ਦੀਆਂ ਨੀਂਦਾਂ ਉਡਾਈਆਂ ਹਨ।

2017 ਵਿੱਚ ਪੰਜਾਬ ਯੂਨੀਵਰਸਿਟੀ (ਪੀਯੂ) ਚੰਡੀਗੜ੍ਹ ਵਿਖੇ ਫ਼ੀਸਾਂ ਦੇ ਭਾਰੀ ਵਾਧੇ ਵਿਰੁੱਧ ਵਿਦਿਆਰਥੀਆਂ ਦਾ ਇਤਿਹਾਸਕ ਸੰਘਰਸ਼, 2019 ਵਿੱਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦਾ ਫੀਸ ਵਾਧਾ ਵਿਰੋਧੀ ਅੰਦੋਲਨ, ਅਤੇ ਹਾਲ ਹੀ ਵਿੱਚ 2025 ਵਿੱਚ ਪੰਜਾਬ ਯੂਨੀਵਰਸਿਟੀ ਦੇ ਲੋਕਤੰਤਰ ਤੇ ਸੈਨੇਟ ਨੂੰ ਬਚਾਉਣ ਲਈ ਲੜਿਆ ਗਿਆ ਅੰਦੋਲਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਨੌਜਵਾਨ ਚੁੱਪ ਨਹੀਂ ਬੈਠ ਸਕਦੇ।

ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੇ ਹਮੇਸ਼ਾ ਇਨ੍ਹਾਂ ਇਤਿਹਾਸਕ ਅੰਦੋਲਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਇਸ 'ਕਾਕਰੋਚ ਅੰਦੋਲਨ' ਵੇਲੇ ਵੀ ਮੀਡੀਆ ਨੇ ਪ੍ਰਦਰਸ਼ਨਕਾਰੀਆਂ ਨੂੰ ਗੁਮਰਾਹਕੁੰਨ ਅਤੇ ਦੇਸ਼-ਵਿਰੋਧੀ ਗਰਦਾਨਣ 'ਚ ਕੋਈ ਕਸਰ ਨਹੀਂ ਛੱਡੀ।

ਅੰਕੜੇ ਗਵਾਹ ਹਨ ਕਿ ਪਿਛਲੇ 10 ਸਾਲਾਂ ਵਿੱਚ 99 ਤੋਂ ਵੱਧ ਪ੍ਰਮੁੱਖ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਏ, ਜਿਸ ਨਾਲ ਸਾਢੇ ਛੇ ਕਰੋੜ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਿਆ। ਪੇਪਰ ਮਾਫ਼ੀਆ ਦਾ ਜਾਲ 19 ਸੂਬਿਆਂ ਵਿੱਚ ਫੈਲਿਆ ਹੋਇਆ ਹੈ। ਪਰ ਹਕੂਮਤ ਦੀ ਖ਼ਾਮੋਸ਼ੀ ਅਤੇ ਗੋਦੀ ਮੀਡੀਆ ਦੀ ਅੰਨ੍ਹੀ ਵਫ਼ਾਦਾਰੀ ਸ਼ਰਮਨਾਕ ਰਹੀ। ਜਦੋਂ ਨੀਟ ਪ੍ਰੀਖਿਆ ਦੇ ਧਾਂਦਲੇਪਣ ਕਾਰਨ 22 ਦੇ ਲਗਭਗ ਮਾਸੂਮ ਵਿਦਿਆਰਥੀਆਂ ਨੇ ਨਿਰਾਸ਼ਾ ਵਿੱਚ ਆਤਮਹੱਤਿਆ ਕੀਤੀ, ਤਾਂ ਕਿਸੇ ਟੀਵੀ ਚੈਨਲ ਨੇ ਉਨ੍ਹਾਂ ਦੇ ਪਰਿਵਾਰਾਂ ਦਾ ਦਰਦ ਨਹੀਂ ਦਿਖਾਇਆ।

ਕਾਹਨ ਪਟੇਲ ਨਾਮ ਦੇ ਵਿਦਿਆਰਥੀ ਦੇ ਪਿਤਾ ਪ੍ਰਸ਼ਾਂਤ ਪਟੇਲ ਦੇ ਇਹ ਸ਼ਬਦ ਸਿਸਟਮ ਦੇ ਮੂੰਹ 'ਤੇ ਚਪੇੜ ਹਨ: ਮੇਰੇ ਪੁੱਤ ਨੇ ਡਾਕਟਰ ਬਣਨ ਲਈ ਖੇਡਣਾ, ਘੁੰਮਣਾ, ਗਿਟਾਰ ਵਜਾਉਣਾ ਸਭ ਛੱਡ ਦਿੱਤਾ ਸੀ। ਪਰ ਪੇਪਰ ਲੀਕ ਦੀ ਖ਼ਬਰ ਨੇ ਉਸ ਦਾ ਵਿਸ਼ਵਾਸ ਤੋੜ ਦਿੱਤਾ। ਮੇਰਾ ਬੇਟਾ ਆਪ ਨਹੀਂ ਹਾਰਿਆ, ਇਸ ਭ੍ਰਿਸ਼ਟ ਸਿਸਟਮ ਨੇ ਉਸ ਦਾ ਕਤਲ ਕੀਤਾ ਹੈ।

ਪਰ ਗੋਦੀ ਮੀਡੀਆ ਨੂੰ ਇਹ ਦਰਦ ਨਜ਼ਰ ਨਹੀਂ ਆਉਂਦਾ, ਕਿਉਂਕਿ ਉਹ ਸਿਰਫ਼ ਤਾਕਤ ਦੇ ਸੋਹਲੇ ਗਾਉਣਾ ਜਾਣਦਾ ਹੈ। ਜੰਤਰ-ਮੰਤਰ 'ਤੇ ਜਦੋਂ ਦੇਸ਼ ਦੇ ਭਵਿੱਖ ਉੱਤੇ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲੇ ਬਰਸਾਏ ਜਾ ਰਹੇ ਸਨ, ਉਦੋਂ ਮੀਡੀਏ ਦੇ ਕੈਮਰੇ ਬੰਦ ਸਨ। ਹੱਦ ਤਾਂ ਉਦੋਂ ਹੋ ਗਈ ਜਦੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੀਆਂ ਨੌਜਵਾਨ ਧੀਆਂ-ਭੈਣਾਂ ਅਤੇ ਲੜਕੀਆਂ ਨਾਲ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਬੇਰਹਿਮੀ ਅਤੇ ਬਦਸਲੂਕੀ ਕੀਤੀ ਗਈ। ਉਨ੍ਹਾਂ ਨੂੰ ਧੱਕੇ ਮਾਰੇ ਗਏ, ਘੜੀਸਿਆ ਗਿਆ, ਪਰ ਸਰਕਾਰੀ ਸ਼ਹਿ ਪ੍ਰਾਪਤ ਮੀਡੀਆ ਨੇ ਇਸ ਸ਼ਰਮਨਾਕ ਰਵੱਈਏ ਨੂੰ ਦਿਖਾਉਣ ਦੀ ਥਾਂ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਰੱਖੀ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਖ਼ਾਸੀਅਤ ਅਤੇ ਖ਼ੂਬਸੂਰਤੀ ਇਹ ਰਹੀ ਕਿ ਇਸ ਨੇ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਜਾਂ ਫ਼ਿਰਕੂ ਰੂਪ ਅਖ਼ਤਿਆਰ ਨਹੀਂ ਕੀਤਾ। ਹਕੂਮਤ ਅਤੇ ਗੋਦੀ ਮੀਡੀਆ ਨੇ ਇਸ ਨੂੰ ਧਰਮ ਜਾਂ ਜਾਤ ਦੀਆਂ ਵੰਡੀਆਂ 'ਚ ਉਲਝਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਇਹ ਨੌਜਵਾਨ ਕਿਸੇ ਜਾਲ 'ਚ ਨਹੀਂ ਫਸੇ। ਉਹ ਇੱਕ ਸਹੀ, ਨਿਰਪੱਖ ਅਤੇ ਅਗਾਂਹਵਧੂ ਸੋਚ ਨਾਲ ਅੱਗੇ ਵਧੇ, ਜਿੱਥੇ ਉਨ੍ਹਾਂ ਦਾ ਇਕਲੌਤਾ ਧਰਮ- ਇਨਸਾਫ਼, ਸਿੱਖਿਆ ਅਤੇ ਰੋਜ਼ਗਾਰ ਸੀ।

(ਬਾਕੀ ਸਫ਼ਾ 27 'ਤੇ)

# ਜੇਲ੍ਹਾਂ ਤੋਂ ਚੱਲਦੇ ਅੰਤਰਰਾਸ਼ਟਰੀ ਗੈਂਗ: ਪੰਜਾਬ ਅਤੇ ਭਾਰਤ ਦੀ ਸਾਖ਼ ਲਈ ਵੱਡਾ ਸੰਕਟ



ਦਰਬਾਰਾ ਸਿੰਘ ਕਾਹਲੋਂ

ਇੱਕ ਵਾਰ ਫ਼ਿਰ ਕੌਮਾਂਤਰੀ ਮੀਡੀਆ ਅਤੇ ਕੌਮਾਂਤਰੀ ਪੱਧਰ ’ਤੇ ਭਾਰਤ ਸਥਿਤ ਬਦਨਾਮ ਬਿਸ਼ਨੋਈ ਗੈਂਗ ਸਮੇਤ ਤਿੰਨ ਵੱਖ-ਵੱਖ ਭਾਰਤੀ ਅਪਰਾਧਿਕ ਗੈਂਗਸਟਰਵਾਦੀਆਂ ਦਾ ਖੁਲਾਸਾ ਕੀਤਾ ਗਿਆ ਹੈ। 7 ਜੁਲਾਈ 2026 ਨੂੰ ਇੱਕ ਭਰਵੀਂ ਪ੍ਰੈੱਸ ਕਾਨਫ਼ਰੰਸ ਵਿੱਚ ਕੈਨੇਡੀਅਨ ਆਰਸੀ ਐੱਮ.ਪੀ. ਕਮਿਸ਼ਨਰ ਮਾਈਕ ਡੂਹੇਮੀ, ਅਮਰੀਕੀ ਸਥਾਨਕ ਪੁਲਿਸ ਅਤੇ ਐੱਫ.ਬੀ.ਆਈ. ਅਧਿਕਾਰੀ ਨੇ ਇੱਕ ਭਰਵੀਂ ਪ੍ਰੈੱਸ ਕਾਨਫ਼ਰੰਸ ਵਿੱਚ ਲਾਸ ਏਂਜਲਸ ਵਿਖੇ ਦੱਸਿਆ ਕਿ ਉਹਨਾਂ ਵੱਲੋਂ ਤਿੰਨ ਭਾਰਤੀ ਅਪਰਾਧਿਕ ਸੰਗਠਨਾਂ ਵਿਰੁੱਧ ਜੋ ਧੋਖਾਧੜੀ, ਕਤਲਾਂ, ਫ਼ਿਰੌਤੀਆਂ, ਜਬਰੀ ਵਸੂਲੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਵਿਸ਼ਵ ਭਰ ਵਿੱਚ ਹੋਰ ਅਪਰਾਧਾਂ ਵਿੱਚ ਸ਼ਾਮਲ ਹਨ, ਵਿਰੁੱਧ ਹਾਰਡ ਬਾਲ ਅਪਰੇਸ਼ਨ ਅਧੀਨ ਕਾਰਵਾਈ ਸ਼ੁਰੂ ਕੀਤੀ ਹੋਈ ਹੈ। ਇਸ ਗ੍ਰੋਹ ਵਿੱਚੋਂ 37 ਵਿੱਚੋਂ 24 ਅਪਰਾਧੀ ਦਬੋਚ ਲਏ ਗਏ ਹਨ ਜਿਨ੍ਹਾਂ ਵਿੱਚੋਂ ਤਿੰਨ ਕੈਨੇਡਾ ਵਿੱਚ ਫ਼ੜੇ ਹਨ ਅਤੇ ਸੱਤ ਪਹਿਲਾਂ ਹੀ ਜੇਲ੍ਹ ਵਿੱਚ ਹਨ। 10 ਅਪਰਾਧੀ ਭਗੌੜੇ ਹਨ, ਜਿਨ੍ਹਾਂ ਵਿੱਚੋਂ ਸੱਤ ਅਮਰੀਕਾ, 2 ਭਾਰਤ ਅਤੇ ਇੱਕ ਯੂਰੋਪ ਵਿੱਚ ਹੈ। ਹਾਰਡ ਬਾਲ ਅਪਰੇਸ਼ਨ ਅਧੀਨ ਕਾਰਵਾਈ ਵਿੱਚ 1000 ਕਿੱਲੋ ਕੋਕੀਨ, ਇੱਕ ਕਿੱਲੋ ਹੈਰੋਇਨ, 40,000 ਡਾਲਰ ਨਕਦ ਅਤੇ ਇੱਕ ਦਰਜਨ ਦੇ ਕਰੀਬ ਹਥਿਆਰ ਫ਼ੜੇ ਗਏ ਹਨ।

ਮਈ ਕਾਂਡ: ਅਜੇ ਮਈ 2026 ਵਿੱਚ ਕੈਨੇਡਾ ਵਿੱਚ ਓਂਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ 17 ਪੰਜਾਬੀ ਅਤੇ ਖਾਸ ਕਰਕੇ ਸਿੱਖ ਨੌਜਵਾਨਾਂ ਅਧਾਰਿਤ ਅੰਤਰਰਾਸ਼ਟਰੀ ਗੈਂਗ ਜੋ ਫ਼ਾਰ ਬ੍ਰਦਰਜ਼ ਗੈਂਗ ਲਈ ਕੰਮ ਕਰਦੇ ਸਨ, ਫ਼ੜੇ ਗਏ। ਵੱਖ ਵੱਖ ਦੇਸ਼ਾਂ ਵਿੱਚ ਵੱਡੇ ਪੱਧਰ ’ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ, ਹਵਾਲਾ ਅਤੇ ਅਪਰਾਧਕ ਘਟਨਾਵਾਂ ਸੰਬੰਧੀ ਇਸ ਕੇਸ ਦੀ ਸਿਆਹੀ ਅਜੇ ਸੁੱਕੀ ਨਹੀਂ ਸੁੱਕੀ ਸੀ ਕਿ ਲਾਸ ਏਂਜਲਸ ਦੀ ਪ੍ਰੈੱਸ ਕਾਨਫ਼ਰੰਸ ਨੇ ਮੁੜ ਭਾਰਤ ਨੂੰ ਕੌਮਾਂਤਰੀ ਪੱਧਰ ’ਤੇ ਨਸ਼ਰ ਕਰਕੇ ਰੱਖ ਦਿੱਤਾ। ਮਈ ਕਾਰਵਾਈ ਵਿੱਚ ਸਰੀ (ਬ੍ਰਿਟਿਸ਼ ਕੋਲੰਬੀਆ) ਦੇ ਆਰ.ਸੀ. ਐੱਮਪੀ ਅਧਿਕਾਰੀਆਂ, ਕੈਨੇਡਾ ਬਾਰਡਰ ਸਰਵਿਸ ਏਜੰਸੀ, ਅਮਰੀਕਨ ਐੱਫ਼ਬੀਆਈ ਅਤੇ ਫ਼ਿਨਟਰੈਕ ਏਜੰਸੀਆਂ ਨਾਲ ਮਿਲ ਕੇ ਪੁਲਿਸ ਨੇ 17, ਖਾਸ ਕਰਕੇ ਸਿੱਖ ਨੌਜਵਾਨਾਂ ਨੂੰ ਜਬਰੀ ਵਸੂਲੀ, ਅੱਗਜ਼ਨੀ, ਗੋਲੀ ਕਾਂਡ, ਹਿੰਸਾ ਅਤੇ ਧਮਕੀਆਂ ਦੇ ਦੋਸ਼ਾਂ ਹੇਠ ਪਕੜਿਆ ਸੀ। ਇਨ੍ਹਾਂ ਉੱਤੇ 106 ਕੇਸ ਆਇਦ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ 11 ਜਬਰੀ ਵਸੂਲੀ, 75 ਗੈਰ ਕਾਨੂੰਨੀ ਹਥਿਆਰ ਰੱਖਣ, 24 ਵਿੱਚੋਂ 16 ਸੰਗੀਨ ਹਿੰਸਕ ਘਟਨਾਵਾਂ ਵਿੱਚ ਸ਼ਾਮਲ ਹੋਣ ਨਾਲ ਸੰਬੰਧਿਤ ਸਨ।

ਅਜੋਕੇ ਦੋਸ਼: ਅਜੋਕੇ ਦੋਸ਼ਾਂ ਅਨੁਸਾਰ ਭਾਰਤ ਸਥਿਤ ਬਿਸ਼ਨੋਈ ਗੈਂਗ ਅਤੇ ਉਸਦੇ ਕਥਿਤ ਦੋਸ਼ੀ ਅਮਰੀਕੀ ਲਫ਼ਟੈਨ ਅਤੇ ਅਮਰੀਕੀ ਸਰਕਾਰੀ ਵਕੀਲਾਂ ਵੱਲੋਂ ਕੈਨੇਡੀਅਨ ਵੱਖਵਾਦੀ ਕਾਰਕੁਨ ਹਰਦੀਪ ਸਿੰਘ ਨਿਜਰ ਦੇ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ। ਇਹ ਕੇਸ ਜੁਲਾਈ 1, 2026 ਨੂੰ ਦਾਖਲ ਕੀਤਾ ਗਿਆ ਸੀ ਜਿਸ ਨੂੰ ਅਮਰੀਕੀ ਅਦਾਲਤ ਨੇ 7 ਜੁਲਾਈ ਨੂੰ ਖੋਲ੍ਹਿਆ ਅਤੇ ਜਿਸ ਅਨੁਸਾਰ ਲਾਰੰਸ ਬਿਸ਼ਨੋਈ, ਉਸਦੇ ਕਥਿਤ ਦੋਸ਼ੀ ਅਮਰੀਕਾ ਸਥਿਤ ਡਿਪਟੀ ਸਤਿੰਦਰਜੀਤ ਸਿੰਘ ਉਲਫ਼ ਗੋਲਡੀ ਬਰਾੜ ਵੱਲੋਂ ਨਿੱਜਰ ਦੀ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਗੁਰਦੁਆਰੇ ਵਿਖੇ ਹੱਤਿਆ ਦੇ ਹੁਕਮ ਦਿੱਤੇ ਗਏ ਸਨ।



ਇਹ ਖੁਲਾਸੇ ਸੰਗੀਨ ਇਸ ਕਰਕੇ ਹਨ ਕਿ ਇਨ੍ਹਾਂ ਵਿੱਚ ਪਹਿਲੀ ਵਾਰ ਵਿਧੀਵਤ ਤੌਰ ’ਤੇ ਅਦਾਲਤ ਵਿੱਚ ਲਾਰਸ ਬਿਸ਼ਨੋਈ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਉਸਦੇ ਨਾਲ ਹੀ ਜੱਗੂ ਭਗਵਾਨਪੁਰੀਆ ਨੂੰ ਜੋ ਕਿ ਆਸਾਮ ਜੇਲ੍ਹ ਵਿੱਚ ਬੰਦ ਹੈ। ਇਸ ਗੈਂਗਸਟਰਵਾਦ ਵਿੱਚ ਪੰਜਾਬ ਪੁਲਿਸ ਦੇ ਟਾਂਡਾ ਵਿਖੇ ਤਾਇਨਾਤ ਇੱਕ ਐੱਸ ਐੱਚ ਓ ਪੰਜਾਬ ਪੁਲਿਸ ਦਾ ਨਾਂਅ ਵੀ ਸਾਹਮਣੇ ਆਇਆ (ਜਿਸ ਨੂੰ ਤੁਰੰਤ ਪੰਜਾਬ ਸਰਕਾਰ ਨੇ ਲਾਈਨ ਹਾਜ਼ਰ ਕਰ ਦਿੱਤਾ ਹੈ।) ਇਹ ਪੰਜਾਬ ਸਰਕਾਰ ਵੱਲੋਂ ਇੱਕ ਮਾਰਚ, 2025 ਨੂੰ ਨਸ਼ਿਆਂ ਦੇ ਖਾਤਮੇ ਲਈ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਨਕਾਮੀ ’ਤੇ ਸ਼ਰਮਨਾਕ ਦਾਗ ਹੈ। ਇੱਥੇ ਹੀ ਬੱਸ ਨਹੀਂ, 4 ਜੁਲਾਈ ਨੂੰ ਇੱਕ ਐਡੀਸ਼ਨਲ ਜੇਲ੍ਹ ਸੁਪਰਡੈਂਟ, ਸੈਂਟਰਲ ਜੇਲ੍ਹ ਹੁਸ਼ਿਆਰਪੁਰ, 12 ਹੋਰ ਲੋਕਾਂ ਸਮੇਤ ਜੇਲ੍ਹ ਵਿੱਚ ਨਸ਼ੇ ਵਿਕਾਉਣ ਦੇ ਦੋਸ਼ ਵਿੱਚ ਪਕੜਿਆ ਗਿਆ। ਇਸ ਤੋਂ ਇਲਾਵਾ ਕੁਝ ਨਸ਼ਾ ਤਸਕਰ ਉੱਚ ਪੁਲਿਸ ਅਫ਼ਸਰ ਭਗੌੜੇ ਹਨ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਉਲਟੀ ਪੰਜਾਬ ਵਿੱਚ ਕੌਮਾਂਤਰੀ ਪੱਧਰ ’ਤੇ ਨਸ਼ੀਲੇ ਪਥਾਰਥਾਂ ਦੇ ਤਸਕਰ, ਅਪਰਾਧੀ ਅਤੇ ਗੈਂਗਸਟਰ ਪੈਦਾ ਕਰਨ ਵਿੱਚ ਸਹਾਈ ਹੋਈ ਹੋਵੇ।


ਅਮਰੀਕੀ ਗਰੈਂਡ ਜਿਊਰੀ ਵੱਲੋਂ ਹਰਦੀਪ ਸਿੰਘ ਨਿੱਜਰ ਨੂੰ ਐੱਚ ਐੱਸ ਐੱਨ ਵਜੋਂ ਦਰਸਾਇਆ ਗਿਆ ਹੈ ਜਿਸ ਅਨੁਸਾਰ ਬਿਸ਼ਨੋਈ ਨੇ ਚਾਰ ਬੇਨਾਮੀ ਅਪਰਾਧੀਆਂ ਨੂੰ ਉਸਦੀ ਫ਼ੋਟੋ ਅਤੇ ਹੋਰ ਜਾਣਕਾਰੀ ਮੁਹਈਆ ਕਰਵਾਈ ਸੀ। ਗੋਲਡੀ ਬਰਾੜ ਨੂੰ ਬਿਸ਼ਨੋਈ ਦਾ ਲੰਗੋਟੀਆ ਯਾਰ ਦਰਸਾਇਆ ਗਿਆ ਹੈ, ਜੋ ਅਮਰੀਕਾ ਨੂੰ ਭੱਜ ਗਿਆ ਅਤੇ ਉੱਥੇ ਫ਼ਿਰੌਤੀਆਂ, ਧਮਕੀਆਂ, ਲੁੱਟਾਂ-ਖੋਹਾਂ, ਕਤਲਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਗੁਰਗਾ ਬਣ ਬੈਠਾ। 33 ਸਾਲਾ ਬਿਸ਼ਨੋਈ (ਗੁਜਰਾਤ ਜੇਲ੍ਹ ਵਿੱਚ ਬੰਦ) ਨੇ ਵਿਦਿਆਰਥੀ ਰਾਜਨੀਤਿਕ ਜੀਵਨ ਤੋਂ ਆਪਣਾ ਅਪਰਾਧਿਕ ਗੈਂਗ ਗਠਿਤ ਕਰ ਲਿਆ ਸੀ ਜੋ ਸੰਨ 2015 ਤੋਂ ਭਾਰਤੀ ਜੇਲ੍ਹ ਵਿੱਚੋਂ ਸਮਗਲ ਕੀਤੇ ਫ਼ੋਨਾਂ ਰਾਹੀਂ ਆਪਣਾ ਅੰਤਰਰਾਸ਼ਟਰੀ ਗੈਂਗ ਦੇਸ਼ ਵਿਦੇਸ਼ ਵਿੱਚ ਚਲਾ ਰਿਹਾ ਹੈ। ਇਸ ਉੱਤੇ ਕੈਨੇਡਾ, ਬ੍ਰਿਟੇਨ, ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਭਾਰਤੀ ਕਾਰੋਬਾਰੀਆਂ, ਰਾਜਨੀਤਿਕ ਕਾਰਕੁਨਾਂ ਅਤੇ ਅਮੀਰ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਹਨ। ਵੈਸੇ ਉਹ ਆਪਣੇ ਆਪ ਨੂੰ ਇੱਕ ਦੇਸ਼ ਭਗਤ ਰਾਸ਼ਟਰਵਾਦੀ ਅਤੇ ਧਾਰਮਿਕ ਵਿਅਕਤੀ ਦਰਸਾਉਂਦਾ ਹੈ।

ਵੱਖਵਾਦੀ ਆਗੂ ਨਿੱਜਰ ਨੂੰ ਮਾਰਨ ਸਮੇਂ ਤਤਕਾਲੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਸਦੇ ਕਤਲ ਵਿੱਚ ਨਵੀਂ ਦਿੱਲੀ ’ਤੇ ਦੋਸ਼ ਲਾਏ ਸਨ, ਜਿਨ੍ਹਾਂ ਨੂੰ ਨਕਾਰ ਦਿੱਤਾ ਗਿਆ ਸੀ। ਉਸ ਸਮੇਂ ਸਥਿਤੀ ਇਸ ਕਦਰ ਵਿਗੜ ਗਈ ਸੀ ਕਿ ਭਾਰਤ ਅਤੇ ਕੈਨੇਡਾ ਨੂੰ ਆਪਣੇ ਡਿਪਲੋਮੈਟਿਕ ਸੰਬੰਧ ਤੋੜਨੇ ਪੈ ਗਏ ਸਨ। ਉਦੋਂ ਕੈਨੇਡੀਅਨ ਪੁਲਿਸ ਦੇ ਦੋ ਸਿੱਖ ਵੱਖਵਾਦੀਆਂ ਅਤੇ ਤਿੰਨ ਕੈਨੇਡੀਅਨਾਂ ਦੇ ਕਤਲ ਦੇ ਵੀ ਦੋਸ਼ ਲਾਏ ਸਨ। ਹੁਣ ਟਰੂਡੋ ਸਰਕਾਰ ਦੀ ਰਾਸ਼ਟਰੀ ਸਲਾਹਕਾਰ ਰਹੀ ਜੂਡੀ ਥਾਮਸ ਨੇ ਅਜੋਕੇ ਕੇਸ ਤੋਂ ਬਾਅਦ ਖੁਲਾਸਾ ਕੀਤਾ ਹੈ ਕਿ ਬਿਸ਼ਨੋਈ ਗੈਂਗ ਕਿਸੇ ਹੋਰ ਤੋਂ ਹੁਕਮਾਂ ਅਧੀਨ ਕੰਮ ਕਰਦਾ ਹੈ। ਉਸਦਾ ਕਹਿਣਾ ਹੈ ਕਿ ਜੇਲ੍ਹ ਵਿੱਚੋਂ ਜੇਕਰ ਅਜਿਹੇ ਗੈਂਗ ਕਾਰਵਾਈ ਕਰ ਰਹੇ ਹਨ ਤਾਂ ਇਸ ਲਈ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

ਹਾਈ ਕਮਿਸ਼ਨਰ: ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਦੋਸ਼ਾਂ ਨੂੰ ਸਹੀ ਕਰਾਰ ਦਿੰਦੇ ਕਿਹਾ ਹੈ ਕਿ ਨਵੀਂ ਦਿੱਲੀ ਤਾਂ ਪਹਿਲਾਂ ਹੀ ਸਹਿਯੋਗੀ ਦੇਸ਼ਾਂ ਨੂੰ ਅਜਿਹੇ ਅੰਤਰ ਦੇਸੀ ਗੈਂਗਾਂ ’ਤੇ ਕੜੀ ਕਾਰਵਾਈ ਲਈ ਜ਼ੋਰ ਦਿੰਦੀ ਆ ਰਹੀ ਹੈ। ਭਾਰਤ ਵਿੱਚ ਲੰਮੇ ਸਮੇਂ ਤੋਂ ਦੋਸ਼ ਲਾਏ ਜਾ ਰਹੇ ਸਨ ਕਿ ਅਜਿਹੇ ਭਾਰਤੀ ਅਤੇ ਖਾਸ ਕਰਕੇ ਪੰਜਾਬੀ ਅਪਰਾਧੀਆਂ ਵਿਰੁੱਧ ਕਾਰਵਾਈ ਪ੍ਰਤੀ ਉੱਤਰੀ ਅਮਰੀਕੀ ਸਰਕਾਰਾਂ ਅੱਖਾਂ ਮੀਟੀ ਬੈਠੀਆਂ ਸਨ, ਜਿਸ ਕਰਕੇ ਉਹਨਾਂ ਨੂੰ ਹਿੰਸਕ ਕਾਰਨਾਮੇ ਕਰਨ ਲਈ ਉਤਸ਼ਾਹ ਮਿਲਦਾ ਰਿਹਾ ਹੈ। ਪਰ ਅਜੋਕੇ ਸਾਂਝੇ ਵਿਸ਼ੇ ਅਧੀਨ ਕਾਰਵਾਈ ਤੋਂ ਯਕੀਨ ਹੋ ਗਿਆ ਹੈ ਕਿ ਹੁਣ ਉਹ ਸਖਤ ਕਾਰਵਾਈ ਲਈ ਤਿਆਰ ਹਨ। ਉਹਨਾਂ ਨਿਸ਼ਚਾ ਕੀਤਾ ਹੈ ਕਿ ਕੈਨੇਡਾ, ਅਮਰੀਕਾ ਅਤੇ ਵਿਸ਼ਵ ਵਿੱਚ ਸੁਰੱਖਿਆ ਸੁਨਿਸ਼ਚਿਤ ਬਣਾਉਣ ਲਈ ਇਨ੍ਹਾਂ ਗੈਂਗਾਂ ਦਾ ਲੱਕ ਤੋੜਨਾ ਜ਼ਰੂਰੀ ਹੈ। ਸ੍ਰੀ ਪਟਨਾਇਕ ਨੇ ਕਿਹਾ ਕਿ ਜੇਕਰ ਇਨ੍ਹਾਂ ਗੈਂਗਸਟਰਾਂ ਦੀ ਹਵਾਲਗੀ ਦੀ ਮੰਗ ਕੀਤੀ ਜਾਵੇਗੀ ਤਾਂ ਭਾਰਤੀ ਅਦਾਲਤਾਂ ਇਸ ਸੰਬੰਧੀ ਨਿਰਣਾ ਲੈਣਗੀਆਂ।

(ਬਾਕੀ ਸਫ਼ਾ 27 ’ਤੇ)

# ਪੰਜਾਬ ਸੰਤਾਪ ਦੇ ਜ਼ਖ਼ਮ, ਜਵਾਬਦੇਹੀ ਅਤੇ ਪੰਜਾਬ ’ਚ ਟਿਕਾਊ ਅਮਨ ਦੀ ਭਾਲ ਕਿਉਂ ਜ਼ਰੂਰੀ ?



ਪ੍ਰਮੋਦ ਕੁਮਾਰ

ਅਮਨ-ਸ਼ਾਂਤੀ ਦਾ ਮਤਲਬ ਸਿਰਫ਼ ਗੋਲੀਆਂ ਦਾ ਬੰਦ ਹੋਣਾ ਨਹੀਂ ਹੁੰਦਾ। ਅਸਲ ਅਮਨ ਉਹ ਹੁੰਦਾ ਹੈ, ਜਦੋਂ ਉਹ ਹਾਲਾਤ ਹੀ ਖ਼ਤਮ ਹੋ ਜਾਣ, ਜੋ ਹਿੰਸਾ ਨੂੰ ਜਨਮ ਦਿੰਦੇ ਹਨ। ਜਦੋਂ ਕਿਸਾਨ ਨਿਰਾਸ਼ ਨਾ ਹੋਵੇ, ਨੌਜਵਾਨ ਬੇਰੁਜ਼ਗਾਰ ਨਾ ਫਿਰੇ, ਹਰ ਬੱਚੇ ਨੂੰ ਚੰਗੀ ਪੜ੍ਹਾਈ ਮਿਲੇ, ਹਰ ਪਰਿਵਾਰ ਨੂੰ ਇਲਾਜ ਦੀ ਸਹੂਲਤ ਮਿਲੇ ਅਤੇ ਹਰ ਇਨਸਾਨ ਨੂੰ ਇੱਜ਼ਤ ਨਾਲ ਜੀਣ ਦਾ ਮੌਕਾ ਮਿਲੇ। ਇਨਸਾਫ਼, ਬਰਾਬਰੀ ਤੇ ਮੌਕਿਆਂ ਦੀ ਇਕ ਸਮਾਨ ਪਹੁੰਚ ਹੀ ਟਿਕਾਊ ਅਮਨ ਦੀ ਨੀਂਹ ਹੁੰਦੀ ਹੈ। ਬਹਿਸ ਸਿਰਫ਼ ਖਾੜਕੂਆਂ ਜਾਂ ਸਰਕਾਰੀ ਏਜੰਸੀਆਂ ਦੀ ਵਡਿਆਈ ਕਰਨ ਜਾਂ ਨਿੰਦਣ ਤੱਕ ਹੀ ਸੀਮਤ ਨਹੀਂ ਹੋਣੀ ਚਾਹੀਦੀ। ਜਦੋਂ ਤੱਕ ਜਵਾਬਦੇਹੀ ਸਿਆਸੀ ਫ਼ੈਸਲੇ ਲੈਣ ਤੇ ਸੰਸਥਾਗਤ ਨਿਘਾਰ ਦੇ ਪੱਧਰ ਤੱਕ ਨਹੀਂ ਪਹੁੰਚਦੀ, ਉਦੋਂ ਤੱਕ ਸਮਾਜ ਦੋਸ਼ਾਰੋਪਣ ਦੀ ਰਾਜਨੀਤੀ ’ਚ ਹੀ ਫਸੇ ਰਹਿੰਦੇ ਹਨ।

ਪੰਜਾਬ ਚਾਰ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਲਗਾਤਾਰ ਇਤਿਹਾਸਕ ਸੰਕਟਾਂ ਦੇ ਪਰਛਾਵੇਂ ਹੇਠ ਜੀਅ ਰਿਹਾ ਹੈ। ਆਪ੍ਰੇਸ਼ਨ ਬਲੂ ਸਟਾਰ, ਇੰਦਰਾ ਗਾਂਧੀ ਦਾ ਕਤਲ, ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ, ਦੋ ਦਹਾਕਿਆਂ ਦਾ ਖਾੜਕੂਵਾਦ ਤੇ ਬਗ਼ਾਵਤ-ਵਿਰੋਧੀ ਦੌਰ ਅਤੇ ਹਾਲ ਹੀ ’ਚ ਕਿਸਾਨ ਅੰਦੋਲਨ, ਇਹ ਸਭ ਇਕ-ਦੂਜੇ ਨਾਲ ਜੁੜੇ ਹੋਏ ਅਧਿਆਏ ਹਨ। ਇਸ ਤੋਂ ਪਹਿਲੀਆਂ ਪੀੜ੍ਹੀਆਂ ਨੇ ਦੇਸ਼ ਦੀ ਵੰਡ, ਪੰਜਾਬੀ ਸੂਬਾ ਮੋਰਚੇ ਨਾਲ ਜੁੜੇ ਅੰਦੋਲਨਾਂ ਤੇ 1960 ਦੇ ਦਹਾਕੇ ’ਚ ਸੂਬੇ ਦੇ ਮੁੜ-ਗਠਨ ਦੇ ਦੌਰ ਨੂੰ ਹੰਢਾਇਆ ਹੈ। ਹਰ ਘਟਨਾ ਆਪਣੇ ਪਿੱਛੇ ਦਰਦ, ਗਿਲੇ-ਸ਼ਿਕਵੇ ਤੇ ਅਣਸੁਲਝੇ ਸਵਾਲ ਛੱਡ ਗਈ। ਇਸ ਦੇ ਬਾਵਜੂਦ ਸੱਚ, ਜਵਾਬਦੇਹੀ ਤੇ ਸੁਲ੍ਹਾ-ਸਫ਼ਾਈ ਜ਼ਰੀਏ ਇਸ ਮਾਮਲੇ ਨੂੰ ਨਿਬੇੜਨ ਜਾਂ ਪੂਰਨਤਾ ਵੱਲ ਲਿਜਾਣ ਲਈ ਕੋਈ ਵੀ ਵਿਆਪਕ ਸੰਸਥਾਗਤ ਯਤਨ ਨਹੀਂ ਕੀਤੇ ਗਏ।

ਫ਼ਿਲਮ ‘ਸਤਲੁਜ’ ਦੇ ਰਿਲੀਜ਼ ਹੋਣ ਨੂੰ ਸੱਚ ਨਾਲ ਜਿਊਣਾ ਸਿੱਖਣ, ਸੁਲ੍ਹਾ-ਸਫ਼ਾਈ ਦੀ ਸ਼ੁਰੂਆਤ ਕਰਨ ਅਤੇ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਕਾਲੇ ਦੌਰ ਤੋਂ ਸਬਕ ਲੈਣ ਦੇ ਇਕ ਮੌਕੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਜਮਹੂਰੀਅਤ ਔਖੇ ਇਤਿਹਾਸ ਨੂੰ ਦਬਾਉਣ ਦੀ ਬਜਾਏ ਉਸ ਦਾ ਸਾਹਮਣਾ ਕਰਕੇ ਹੀ ਪ੍ਰਪੱਕ ਹੁੰਦੀ ਹੈ। ਇਸ ਦਾ ਮਨੋਰਥ ਕਿਸੇ ਵਿਅਕਤੀ ਜਾਂ ਸੰਸਥਾ ਦੀ ਵਡਿਆਈ ਕਰਨਾ ਜਾਂ ਉਸ ਨੂੰ ਬਦਨਾਮ ਕਰਨਾ ਨਹੀਂ, ਸਗੋਂ ਇਹ ਸਮਝਣਾ ਹੈ ਕਿ ਕਿਵੇਂ ਲੋਕਤੰਤਰੀ ਰਾਜਨੀਤੀ ਅਸਾਧਾਰਨ ਹਿੰਸਾ ਵਿਚ ਬਦਲ ਗਈ ਅਤੇ ਅਜਿਹੀਆਂ ਸਥਿਤੀਆਂ ਨੂੰ ਦੁਬਾਰਾ ਵਾਪਰਨ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ?

ਪੰਜਾਬ ਨੇ ਇਕ ਲੰਮਾ ਖਾੜਕੂਵਾਦ ਦਾ ਦੌਰ ਅਤੇ ਓਨੀ ਹੀ ਤਿੱਖੀ ਬਗ਼ਾਵਤ-ਵਿਰੋਧੀ ਕਾਰਵਾਈ ਵੇਖੀ ਹੈ। ਇਸ ਹਿੰਸਾ ਨੇ ਕਿਸੇ ਨੂੰ ਵੀ ਨਹੀਂ ਬਖਸ਼ਿਆ। ਸ੍ਰੀ ਹਰਿਮੰਦਰ ਸਾਹਿਬ ਵਿਚ ਫ਼ੌਜੀ ਕਾਰਵਾਈ ਅਤੇ ਉਸ ਤੋਂ ਬਾਅਦ ਦਿੱਲੀ ’ਚ ਸਿੱਖਾਂ ਦੇ ਕਤਲੇਆਮ ਨੇ ਪੰਜਾਬ ਹੀ ਨਹੀਂ, ਸਾਰੇ ਦੇਸ਼ ਦੀ ਜ਼ਮੀਰ ਨੂੰ ਝੰਜੋੜ ਦਿੱਤਾ।

ਸ਼ੁਰੂ ਵਿੱਚ ਇਹ ਦਰਦ ਸਿੱਖ ਭਾਈਚਾਰੇ ਨੇ ਸਭ ਤੋਂ ਵੱਧ ਮਹਿਸੂਸ ਕੀਤਾ, ਪਰ ਹੌਲੀ-ਹੌਲੀ ਇਹ ਦਰਦ ਹਰ ਉਸ ਇਨਸਾਨ ਦਾ ਬਣ ਗਿਆ ਜੋ ਇਨਸਾਫ਼, ਧਰਮਨਿਰਪੱਖਤਾ ਤੇ ਮਨੁੱਖੀ ਕਦਰਾਂ-ਕੀਮਤਾਂ ’ਚ ਵਿਸ਼ਵਾਸ ਰੱਖਦਾ ਸੀ। ਇਹ ਕਿਸੇ ਇਕ ਕੌਮ ਦਾ ਨਹੀਂ, ਸਾਰੇ ਸਮਾਜ ਦਾ ਸਾਂਝਾ ਜ਼ਖ਼ਮ ਬਣ ਗਿਆ ਸੀ।

ਇਸ ਦੁਖਦਾਈ ਤਜਰਬੇ ਨੇ ਦੇਸ਼ ਨੂੰ ਇੱਕ ਵੱਡਾ ਸਬਕ ਦਿੱਤਾ ਕਿ ਲੋਕਾਂ ਦੀ ਆਸਥਾ ਤੇ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਦਾ ਹਰ ਹਾਲ ਸਤਿਕਾਰ ਹੋਣਾ ਚਾਹੀਦਾ ਹੈ। ਸ਼ਾਇਦ ਇਸੇ ਕਰਕੇ ਜਦੋਂ ਕਸ਼ਮੀਰ ਦੇ ਹਜ਼ਰਤਬਲ ਦਰਗਾਹ ’ਚ ਅੱਤਵਾਦੀਆਂ ਨੇ ਪਨਾਹ ਲਈ ਤਾਂ ਸਰਕਾਰ ਨੇ ਫ਼ੌਜ ਭੇਜ ਕੇ ਹਮਲਾ ਕਰਨ ਦੀ ਥਾਂ ਗੱਲਬਾਤ, ਸਬਰ ਤੇ ਸਿਆਸੀ ਸਮਝਦਾਰੀ ਦਾ ਰਾਹ ਚੁਣਿਆ। ਇਹ ਸਿਰਫ਼ ਇੱਕ ਰਣਨੀਤੀ ਨਹੀਂ ਸੀ, ਸਗੋਂ ਆਪ੍ਰੇਸ਼ਨ ਬਲਿਊ ਸਟਾਰ ਤੋਂ ਸਿੱਖਿਆ ਗਿਆ ਸਬਕ ਸੀ। ਇਤਿਹਾਸ ਦਾ ਮਕਸਦ ਨਫ਼ਰਤ ਨੂੰ ਜਿਉਂਦਾ ਰੱਖਣਾ ਨਹੀਂ ਹੁੰਦਾ, ਸਗੋਂ ਸਬਕ ਸਿੱਖਣਾ ਹੁੰਦਾ ਹੈ। ਜੇ ਅਸੀਂ ਇਨ੍ਹਾਂ ਦੁਖਦਾਈ ਘਟਨਾਵਾਂ ਤੋਂ ਇਹ ਸਿੱਖ ਲਈਏ ਕਿ ਕਿਸੇ ਦੀ ਆਸਥਾ ਨੂੰ ਠੇਸ ਪਹੁੰਚਾ ਕੇ ਅਮਨ ਕਾਇਮ ਨਹੀਂ ਕੀਤਾ ਜਾ ਸਕਦਾ ਤਾਂ ਇਹੀ ਉਨ੍ਹਾਂ ਅਣਗਿਣਤ ਪੀੜਤਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਸ਼ਾਇਦ ਪੰਜਾਬ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਸਮਾਜ ਨੇ ਆਖਰਕਾਰ ਧਾਰਮਿਕ ਆਧਾਰ ’ਤੇ ਵੰਡੇ ਰਹਿਣ ਤੋਂ ਇਨਕਾਰ ਕਰ ਦਿੱਤਾ। ਇਸ ਨੇ 1996 ਦੇ ਮੋਗਾ ਐਲਾਨਨਾਮੇ ’ਚ ਸਿਆਸੀ ਰੂਪ ਲਿਆ, ਜਿਸ ਨੇ ਇਹ ਤਸਦੀਕ ਕੀਤਾ ਕਿ ਮੰਗਾਂ, ਸ਼ਿਕਾਇਤਾਂ ਤੇ ਇਨਸਾਫ਼ ਦੀ ਭਾਲ ਹੁਣ ਤੋਂ ਸਿੱਖਾਂ, ਹਿੰਦੂਆਂ ਜਾਂ ਕਿਸੇ ਹੋਰ ਭਾਈਚਾਰੇ ਦੀ ਵੱਖਰੇ ਤੌਰ ’ਤੇ ਹੋਣ ਦੀ ਬਜਾਏ ਸਾਰੇ ਪੰਜਾਬੀਆਂ ਦੀ ਸਾਂਝੀ ਹੋਵੇਗੀ। ਉਦੋਂ ਤੋਂ ਲੈ ਕੇ ਸਿਆਸੀ ਅਦਾਕਾਰਾਂ ਦੁਆਰਾ ਸਮੇਂ-ਸਮੇਂ ’ਤੇ ਕੀਤੇ ਗਏ ਯਤਨਾਂ ਦੇ ਬਾਵਜੂਦ ਪੰਜਾਬ ਨੇ ਵੱਡੇ ਪੱਧਰ ’ਤੇ ਫ਼ਿਰਕੂ ਧਰੁਵੀਕਰਨ ਦਾ ਡਟ ਕੇ ਸਾਹਮਣਾ ਕੀਤਾ ਹੈ। ਅਜਿਹਾ ਕੋਈ ਠੋਸ ਤੱਥ ਜਾਂ ਸਬੂਤ ਨਹੀਂ ਹੈ, ਜੋ ਇਹ ਸੁਝਾਅ ਦੇਵੇ ਕਿ ਫ਼ਿਲਮ ‘ਸਤਲੁਜ’ ਦੀ ਸਕ੍ਰੀਨਿੰਗ ਨਾਲ ਫ਼ਿਰਕੂ ਸਾਂਝ ਪ੍ਰਭਾਵਿਤ ਹੋਈ ਹੈ।

ਇੱਕ ਓਨਾ ਹੀ ਮਹੱਤਵਪੂਰਨ ਸਬਕ ਅਕਾਲੀ-ਭਾਜਪਾ ਸਰਕਾਰ ਦੀ ਮੁੱਖ ਧਾਰਾ ’ਚ ਸ਼ਾਮਿਲ ਕਰਨ ਦੀ ਨੀਤੀ ਤੋਂ ਸਾਹਮਣੇ ਆਇਆ ਸੀ। ਕਈ ਪ੍ਰਮੁੱਖ ਖਾੜਕੂ ਆਗੂ ਮੁੱਖ ਧਾਰਾ ਵਿੱਚ ਵਾਪਸ ਪਰਤੇ। ਰਾਹਤ ਤੇ ਮੁੜ-ਵਸੇਬਾ ਵਿਭਾਗ ਨੇ ਖਾੜਕੂਆਂ, ਪੁਲਿਸ ਕਰਮਚਾਰੀਆਂ ਅਤੇ ਆਮ ਨਾਗਰਿਕਾਂ ਦੇ ਪਰਿਵਾਰਾਂ ਨਾਲ ਸੰਬੰਧਿਤ ਲਗਭਗ 13 ਹਜ਼ਾਰ ਵਿਧਵਾਵਾਂ ਅਤੇ 50 ਹਜ਼ਾਰ ਤੋਂ ਵੱਧ ਬੱਚਿਆਂ ਲਈ ਮੁੜ-ਵਸੇਬਾ ਪ੍ਰੋਗਰਾਮ ਤਿਆਰ ਕੀਤਾ।ਇਸ ਅਧਿਐਨ ਨੇ ਪੀੜਤਾਂ ਨੂੰ ਧਰਮ, ਜਾਤ ਜਾਂ ਸਿਆਸੀ ਸੰਬੰਧਾਂ ਦੇ ਆਧਾਰ ’ਤੇ ਵੰਡਣ ਤੋਂ ਇਨਕਾਰ ਕਰ ਦਿੱਤਾ।ਮੁੜ-ਵਸੇਬਾ ਇਸ ਸਿਧਾਂਤ ’ਤੇ ਆਧਾਰਿਤ ਸੀ ਕਿ ਦੁੱਖ ਸਰਬ-ਵਿਆਪਕ ਹੈ ਅਤੇ ਮੁੱਖ ਧਾਰਾ ’ਚ ਸ਼ਾਮਿਲ ਕਰਨਾ ਇਕ ਸਾਂਝੀ ਜ਼ਿੰਮੇਵਾਰੀ ਹੈ। ਇਨ੍ਹਾਂ ਪਹਿਲਕਦਮੀਆਂ ਦੇ ਬਾਵਜੂਦ 1984 ਦੀ ਹਿੰਸਾ ਦੇ ਪੀੜਤਾਂ ਲਈ ਇਨਸਾਫ਼ ਦੁਖਦਾਈ ਤੌਰ ’ਤੇ ਹੌਲੀ ਰਿਹਾ। ਨਾ ਤਾਂ ਸਰਕਾਰ ਤੇ ਨਾ ਹੀ ਸਿਆਸੀ ਲੀਡਰਸ਼ਿਪ ਨੇ ਅਜਿਹਾ ਕੋਈ ਸੰਸਥਾਗਤ ਤੰਤਰ ਸ਼ੁਰੂ ਕੀਤਾ, ਜੋ ਪੰਜਾਬ ਦੇ ਹਿੰਸਕ ਅਤੀਤ ਨੂੰ ਸੁਲਝਾ ਕੇ ਸਮਾਪਤ ਕਰ ਸਕੇ। ਪੀੜਤ, ਮਨੁੱਖੀ ਅਧਿਕਾਰ ਸਮੂਹ, ਸਾਬਕਾ ਅਧਿਕਾਰੀ ਅਤੇ ਸਿਆਸੀ ਆਗੂ ਆਪਣੀ ਪਸੰਦ ਦੀਆਂ ਘਟਨਾਵਾਂ ਦਾ ਬਿਆਨ ਕਰਦੇ ਰਹਿੰਦੇ ਹਨ, ਜਿਸ ਨਾਲ ਪੰਜਾਬ ਇਕ ਸਾਂਝੀ ਇਤਿਹਾਸਕ ਸਮਝ ਤੋਂ ਵਾਂਝਾ ਰਹਿ ਜਾਂਦਾ ਹੈ।

ਅਤੀਤ ਦੇ ਜ਼ਖ਼ਮਾਂ ਨੂੰ ਭਰਨ ਲਈ ਹਰ ਅੱਤਿਆਚਾਰ ਦੀ ਮਾਨਤਾ, ਸਿਆਸੀ ਨਾਕਾਮੀ ਲਈ ਜਵਾਬਦੇਹੀ ਅਤੇ ਇਤਿਹਾਸਕ ਸੱਚ ਨਾਲ ਜਿਊਣ ਦੀ ਇੱਛਾ ਦੀ ਲੋੜ ਹੈ।


ਪੰਜਾਬ ਨੂੰ ਇਕ ਆਜ਼ਾਦ ‘ਸੱਚ ਅਤੇ ਸੁਲ੍ਹਾ-ਸਫ਼ਾਈ ਕਮਿਸ਼ਨ’ ਦੀ ਲੋੜ ਹੈ, ਜੋ ਸਾਰੇ ਪੀੜਤਾਂ ਦੇ ਤਜਰਬਿਆਂ ਨੂੰ ਦਸਤਾਵੇਜ਼ੀ ਰੂਪ ਵਿਚ ਦਰਜ ਕਰੇ ਜਿਵੇਂ ਕਿ ਖਾੜਕੂਆਂ ਦੁਆਰਾ ਮਾਰੇ ਗਏ ਲੋਕ, ਝੂਠੇ ਪੁਲਿਸ ਮੁਕਾਬਲਿਆਂ ’ਚ ਮਾਰੇ ਗਏ ਅਤੇ ਲਾਪਤਾ ਕੀਤੇ ਵਿਅਕਤੀ, ਪੁਲਿਸ ਕਰਮਚਾਰੀਆਂ ਦੇ ਪਰਿਵਾਰ, ਜਨਤਕ ਸੇਵਕ ਅਤੇ ਆਮ ਨਾਗਰਿਕ। ਇਸ ਤੋਂ ਇਲਾਵਾ ਇੱਕ ‘ਅਮਨ ਯਾਦਗਾਰ’ ਵੀ ਸਥਾਪਤ ਕੀਤੀ ਜਾਣੀ ਚਾਹੀਦੀ ਹੈ, ਜੋ ਇਹ ਯਾਦ ਦਿਵਾਉਂਦੀ ਰਹੇ ਕਿ ਨਾ ਤਾਂ ਖਾੜਕੂ ਹਿੰਸਾ ਤੇ ਨਾ ਹੀ ਸਰਕਾਰੀ ਜ਼ਿਆਦਤੀਆਂ ਰਾਜਨੀਤੀ ਦੇ ਜਾਇਜ਼ ਸਾਧਨ ਬਣ ਸਕਦੀਆਂ ਹਨ।

ਸਿਆਸੀ ਆਗੂਆਂ ਲਈ ਵੀ ਇਕ ਸਬਕ ਹੈ। ਧਾਰਮਿਕ ਜਾਂ ਜਾਤੀ ਪਛਾਣਾਂ ਰਾਹੀਂ ਸਮਾਜ ਨੂੰ ਲਾਮਬੰਦ ਕਰਨ ਦੀਆਂ ਵਾਰ-ਵਾਰ ਕੋਸ਼ਿਸ਼ਾਂ ਥੋੜ੍ਹੇ ਸਮੇਂ ਲਈ ਲਾਭ ਪਹੁੰਚਾ ਸਕਦੀਆਂ ਹਨ, ਪਰ ਅਜਿਹੀਆਂ ਕੋਸ਼ਿਸ਼ਾਂ ਲਾਜ਼ਮੀ ਤੌਰ ’ਤੇ ਕੱਟੜਪੰਥੀ ਤਾਕਤਾਂ ਨੂੰ ਮਜ਼ਬੂਤ ਤੇ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਦੀਆਂ ਹਨ। ਪੰਜਾਬ ਦਾ ਇਤਿਹਾਸ ਦਰਸਾਉਂਦਾਹੈ ਕਿ ਵੰਡ ਪਾਊ ਰਾਜਨੀਤੀ ਭਾਰੀ ਕੀਮਤ ਵਸੂਲਦੀ ਹੈ।

ਸੂਬੇ ਦਾ ਇਹ ਫ਼ਰਜ਼ ਹੈ ਕਿ ਉਹ ਜਵਾਬਦੇਹੀ ਦੀ ਰਾਜਨੀਤੀ ਵੱਲ ਵਧੇ। ਸਿਰਫ਼ ਸੱਚ, ਇਨਸਾਫ਼, ਸੁਲ੍ਹਾ-ਸਫ਼ਾਈ, ਦਸਤਾਵੇਜ਼ੀਕਰਨ ਅਤੇ ਅਮਨ ਯਾਦਗਾਰ ਰਾਹੀਂ ਹੀ ਪੰਜਾਬ ਆਪਣੇ ਇਤਿਹਾਸ ਦੇ ਸਭ ਤੋਂ ਦਰਦਨਾਕ ਅਧਿਆਏ ਨੂੰ ਸਮਾਪਤ ਕਰ ਸਕਦਾ ਹੈ ਅਤੇ ਇਹ ਯਕੀਨੀ ਬਣਾ ਸਕਦਾ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਣਸੁਲਝੀਆਂ ਯਾਦਾਂ ਦਾ ਬੋਝ ਨਹੀਂ, ਸਗੋਂ ਲੋਕਤੰਤਰੀ ਸਿੱਖਿਆ ਦੀ ਸੂਝ-ਬੂਝ ਮਿਲੇ।

-ਚੇਅਰਪਰਸਨ, ਇੰਸਟੀਚਿਊਟ ਫ਼ਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ, ਚੰਡੀਗੜ੍ਹ।

# ਵਿਰੋਧੀ ਧਿਰਾਂ ਲੋਕਤੰਤਰ ਦੀ ਮਜ਼ਬੂਤੀ ਲਈ ਅੱਗੇ ਆਉਣ



ਯੋਗੇਂਦਰ ਯਾਦਵ

ਵਿਰੋਧ! ਇਹ ਇੱਕ ਸ਼ਬਦ ਹੈ ਜੋ ਰਾਹੁਲ ਗਾਂਧੀ ਦੇ ਪਿਛਲੇ ਦਿਨੀਂ 'ਇੰਡੀਆ' ਬਲਾਕ ਦੇ ਆਗੂਆਂ ਨੂੰ ਦਿੱਤੇ ਗਏ ਭਾਸ਼ਣ ਦਾ ਨਿਚੋੜ ਹੈ, ਇਹ ਹਾਲ ਹੀ ਦੇ ਸਾਲਾਂ ਦੌਰਾਨ ਵਿਰੋਧੀ ਧਿਰ ਦੇ ਨੇਤਾ ਦੁਆਰਾ ਦਿੱਤੇ ਗਏ ਸਭ ਤੋਂ ਮਹੱਤਵਪੂਰਨ ਰਾਜਨੀਤਿਕ ਭਾਸ਼ਨਾਂ 'ਚੋਂ ਇੱਕ ਹੈ, ਜਿਸ ਨੇ ਲੋਕਾਂ ਦਾ ਧਿਆਨ ਖਿੱਚਿਆ ਹੈ। ਸੀ.ਪੀ.ਆਈ. (ਐਮ) ਅਤੇ ਡੀ.ਐਮ.ਕੇ. ਵਰਗੀਆਂ ਹੋਰ ਵਿਰੋਧੀ ਪਾਰਟੀਆਂ ਦੇ ਜ਼ਿਕਰ 'ਤੇ ਉਨ੍ਹਾਂ ਵਲੋਂ ਪ੍ਰਤੀਕਿਰਿਆਵਾਂ ਆਈਆਂ ਹਨ, ਫਿਰ ਵੀ ਅਸਹਿਮਤੀ ਦਾ ਇਹ ਪ੍ਰਗਟਾਵਾ ਸਮੁੱਚੀ ਵਿਰੋਧੀ ਧਿਰ ਦੇ ਮਕਸਦ ਦੀ ਇਕ ਬੁਨਿਆਦੀ ਏਕਤਾ ਨੂੰ ਦਰਸਾਉਂਦਾ ਹੈ। ਸੀ.ਪੀ.ਆਈ. (ਐਮ-ਐਲ) ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਦੁਆਰਾ ਲਿਖਿਆ ਲੇਖ ਇਸ ਵਿਚਾਰ ਨੂੰ ਵਧੇਰੇ ਵਿਆਪਕ ਦ੍ਰਿਸ਼ਟੀਕੋਣ ਨਾਲ ਰੱਖਦਿਆਂ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਲਈ ਪ੍ਰੇਰਦਾ ਹੈ। ਇਸੇ ਤਰ੍ਹਾਂ ਇਹ ਟਿੱਪਣੀ ਕਿ 'ਕਾਂਗਰਸ ਪਾਰਟੀ ਇੱਕ ਵਿਰੋਧ ਦਾ ਅੰਦੋਲਨ ਹੈ', ਨੂੰ ਮੌਜੂਦਾ ਜ਼ਮੀਨੀ ਹਕੀਕਤ ਦੇ ਬਿਆਨ ਦੀ ਬਜਾਏ ਉਕਤ ਆਦਰਸ਼ ਨੂੰ ਮੁੜ ਤੋਂ ਪਾਉਣ ਵਜੋਂ ਪੜ੍ਹਿਆ ਜਾਣਾ ਚਾਹੀਦਾ ਹੈ। ਭਾਸ਼ਨ ਦਾ ਅਸਲ ਮਹੱਤਵ ਇਸ ਦੇ ਨਿਦਾਨ (ਡਾਇਗਨੋਸਿਸ) ਤੇ ਨੁਸਖੇ ਵਿਚ ਹੈ। ਇਹ ਸਾਡੇ ਰਾਜਨੀਤਕ ਜੀਵਨ 'ਚ ਇੱਕ ਮਹੱਤਵਪੂਰਨ ਮੋੜ ਨੂੰ ਵਿਰੋਧੀ ਧਿਰ ਵਲੋਂ ਪਹਿਲੀ ਵਾਰ ਸਪੱਸ਼ਟ ਤੌਰ 'ਤੇ ਪਹਿਚਾਨਣਾ ਹੈ: ਭਾਰਤ ਮੁਕਾਬਲੇਬਾਜ਼ੀ ਵਾਲੇ ਸੱਤਾਵਾਦ ਤੋਂ ਚੋਣ ਤਾਨਾਸ਼ਾਹੀ ਵੱਲ ਤਬਦੀਲ ਹੋ ਗਿਆ ਹੈ। ਇਹ ਇਸ ਰਣਨੀਤਕ ਤਬਦੀਲੀ ਸੰਬੰਧੀ ਪਹਿਲਾ ਬਿਆਨ ਵੀ ਹੈ: ਕਿਉਂਕਿ ਵਿਰੋਧੀ ਧਿਰ ਚੋਣ ਮੁਕਾਬਲੇ ਦੀ ਰਾਜਨੀਤੀ ਤੋਂ ਵਿਰੋਧ ਦੀ ਰਾਜਨੀਤੀ ਵੱਲ ਤਬਦੀਲ ਹੋ ਗਈ ਹੈ। ਇਨ੍ਹਾਂ ਦੋਵੇਂ ਮਹੱਤਵਪੂਰਨ ਵਿਚਾਰਾਂ ਨੂੰ ਸਮਝਣ, ਫੈਲਾਉਣ, ਬਹਿਸ ਕਰਨ ਤੇ ਬਿਹਤਰ ਬਣਾਉਣ ਦੀ ਲੋੜ ਹੈ।

ਰਾਹੁਲ ਗਾਂਧੀ ਦਾ ਇਹ ਡਾਇਗਨੋਸਿਸ ਭਾਸ਼ਨ ਦੁੱਖਾਂ-ਤਕਲੀਫਾਂ ਦੀ ਬਿਆਨਬਾਜ਼ੀ ਤੋਂ ਕਿਤੇ ਅੱਗੇ ਹੈ। ਉਹ ਅਸਲੀ ਮੁੱਦੇ 'ਤੇ ਉਂਗਲ ਰੱਖਦਾ ਹੈ। ਸਮੱਸਿਆ ਇਹ ਹੈ ਕਿ ਆਰ.ਐਸ.ਐਸ. (ਸੰਘ) ਭਾਰਤੀ ਰਾਜ ਦੇ ਸਭ ਸਾਧਨਾਂ 'ਤੇ ਕਬਜ਼ਾ ਕਰਦਾ ਜਾ ਰਿਹਾ ਹੈ... ਪੂਰਾ ਸਿਸਟਮ-ਮੀਡੀਆ, ਸੋਸ਼ਲ ਮੀਡੀਆ, ਕਾਨੂੰਨੀ ਪ੍ਰਣਾਲੀ, ਨੌਕਰਸ਼ਾਹੀ, ਖੁਫੀਆ ਏਜੰਸੀਆਂ ਸਭ ਇਸ ਸਰਕਾਰ ਨੂੰ ਸੱਤਾ ਵਿੱਚ ਬਣਾਈ ਰੱਖਣ ਲਈ ਇਕਜੁੱਟ ਹਨ। ਉਨ੍ਹਾਂ ਸਪੱਸ਼ਟ ਕਰ ਦਿੱਤਾ ਹੈ ਕਿ ਨੇੜਲੇ ਭਵਿੱਖ ਵਿਚ ਸਥਿਤੀ ਹੋਰ ਵੀ ਵਿਗੜਨ ਵਾਲੀ ਹੈ, ਕਿਉਂਕਿ ਜਿਹੜੇ ਕੁਝ ਸੰਦ ਪਹਿਲਾਂ ਕੰਮ ਕਰਦੇ ਸਨ, ਉਹ ਵੀ ਕੰਮ ਕਰਨਾ ਬੰਦ ਕਰ ਦੇਣਗੇ, ਕਿਉਂਕਿ ਭਾਜਪਾ ਤੇ ਸੰਘ ਭਾਰਤੀ ਰਾਜ 'ਤੇ ਆਪਣੀ ਪਕੜ ਮਜ਼ਬੂਤ ਕਰਦੇ ਜਾ ਰਹੇ ਹਨ। ਰਾਹੁਲ ਦੇ ਉਕਤ ਭਾਸ਼ਨ ਦੇ ਪੰਦ੍ਰਵਾੜੇ ਤੋਂ ਪਹਿਲਾਂ ਹੀ ਉਕਤ ਕਬਜ਼ਾ ਹੋਰ ਡੂੰਘਾ ਹੋ ਗਿਆ, ਜਦੋਂ ਰਾਜ ਸਭਾ ਲਈ ਉਮੀਦਵਾਰ



ਵਜੋਂ ਮੀਨਾਕਸ਼ੀ ਨਟਰਾਜਨ ਦੀ ਨਾਮਜ਼ਦਗੀ ਨੂੰ ਰੱਦ ਕਰਨ ਅਤੇ ਟੀ.ਐਮ.ਸੀ. ਤੇ ਸ਼ਿਵ ਸੈਨਾ ਨੂੰ ਤੋੜਨ ਲਈ ਸਰਕਾਰੀ ਦਬਦਬੇ ਤੇ ਪੈਸੇ ਦੀ ਖੁੱਲ੍ਹੀ ਵਰਤੋਂ ਨੂੰ ਰੋਕਣ ਲਈ ਸੁਪਰੀਮ ਕੋਰਟ ਨੇ ਕੋਈ ਵੀ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ। ਜਿਸ ਨੇ ਵਿਰੋਧੀ ਧਿਰ ਦੇ ਨੇਤਾ ਦੁਆਰਾ ਕਹੀ ਗਈ ਸੰਸਥਾਗਤ ਕਬਜ਼ੇ ਦੀ ਗੱਲ ਨੂੰ ਸਪੱਸ਼ਟ ਕਰ ਦਿੱਤਾ ਹੈ। ਭਾਰਤ ਬਾਰੇ ਇਹ ਟਿੱਪਣੀਆਂ ਰਾਜਨੀਤਿਕ ਵਿਗਿਆਨੀਆਂ ਦੁਆਰਾ ਦੇਖੇ ਗਏ ਇਕ ਵਿਸ਼ਵਵਿਆਪੀ ਰੁਝਾਨ ਨਾਲ ਮੇਲ ਖਾਂਦੀਆਂ ਹਨ। ਜੁਆਨ ਲਿੰਜ਼ ਦੀ ਕਲਾਸਿਕ ਕਿਤਾਬ 'ਦ ਬ੍ਰੇਕਡਾਊਨ ਆਫ਼ ਡੈਮੋਕ੍ਰੇਟਿਕ ਰੈਜੀਮਜ਼ (1978) ਤੋਂ ਸ਼ੁਰੂ ਕਰਦੇ ਹੋਏ, ਸਾਡੇ ਕੋਲ ਹੁਣ ਲੋਕਤੰਤਰ ਤੋਂ ਸੱਤਾਵਾਦ 'ਚ ਤਬਦੀਲੀ 'ਤੇ ਵਧ ਰਿਹਾ ਅਕਾਦਮਿਕ ਸਾਹਿਤ ਹੈ। ਐਡਮ ਪ੍ਰਜ਼ੇਵੋਰਸਕੀ ਨੇ ਲੋਕਤੰਤਰ ਨੂੰ 'ਸੰਸਥਾਗਤ ਅਨਿਸ਼ਚਿਤਤਾ' ਵਜੋਂ ਪਰਿਭਾਸ਼ਿਤ ਕਰਦਿਆਂ ਇਕ ਅਜਿਹੀ ਪ੍ਰਣਾਲੀ ਦੱਸਿਆ ਹੈ, ਜਿੱਥੇ ਸ਼ਾਸਕ ਸੱਤਾ ਗੁਆਉਣ ਦਾ ਜੋਖ਼ਮ ਉਠਾਉਣ ਲਈ ਤਿਆਰ ਹੁੰਦੇ ਹਨ। ਲੋਕਤੰਤਰ ਦਾ ਪਛੜਨਾ ਪੂਰੀ ਤਰ੍ਹਾਂ ਨਾਲ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਸ਼ਾਸਕਾਂ ਦੁਆਰਾ ਲੋਕਤੰਤਰੀ ਸੰਸਥਾਵਾਂ 'ਚ ਇਸ ਜੋਖ਼ਮ ਨੂੰ ਘੱਟ ਕਰਨ ਅਤੇ ਅੰਤ 'ਚ ਖ਼ਤਮ ਕਰਨ ਲਈ ਬਦਲਾਅ ਕੀਤੇ ਜਾਂਦੇ ਹਨ।

ਲੋਕਤੰਤਰ ਤੋਂ ਇਸ ਉਤਰਾਅ-ਚੜ੍ਹਾਅ ਵਿਚ ਦੋ ਵਿਚਕਾਰਲੇ ਪੜਾਅ ਹੁੰਦੇ ਹਨ। ਮੁਕਾਬਲੇ ਵਾਲਾ ਸੱਤਾਵਾਦ ਇਕ ਅਜਿਹੀ ਪ੍ਰਣਾਲੀ ਹੈ, ਜਿੱਥੇ ਰਾਜਨੀਤਿਕ ਮੁਕਾਬਲਾ ਤਾਂ ਹੁੰਦਾ ਹੈ, ਪਰ ਇਹ ਚੋਣਾਂ ਦੇ ਥੋੜ੍ਹੇ ਸਮੇਂ ਤੱਕ ਸੀਮਤ ਹੁੰਦਾ ਹੈ। ਅਗਲਾ ਕਦਮ 'ਚੋਣਾਂਵੀ ਦਬਦਬਾ' ਹੈ, ਜਿੱਥੇ ਹਾਕਮ ਲੋੜ ਪੈਣ 'ਤੇ ਸਾਰੀਆਂ ਸੰਸਥਾਵਾਂ ਤੇ ਪ੍ਰਕਿਰਿਆਵਾਂ ਸਮੇਤ ਚੋਣ ਧੋਖਾਧੜੀ ਕਰਕੇ ਸੱਤਾ ਗੁਆਉਣ ਦੇ ਜੋਖ਼ਮ ਨੂੰ ਘੱਟ ਕਰਨ ਦਾ ਪ੍ਰਬੰਧ ਕਰਦੇ ਹਨ। ਭਾਰਤ ਇਸ ਸਮੇਂ ਇਨ੍ਹਾਂ ਦੋ ਪੜਾਵਾਂ ਦੇ ਵਿਚਕਾਰ ਹੈ। ਅਸੀਂ 2019 ਤੋਂ ਇੱਕ ਪ੍ਰਤੀਯੋਗੀ ਸੱਤਾਵਾਦੀ ਰਾਜ ਰਹੇ ਹਾਂ, ਜਦਕਿ 2024 ਦੇ ਆਮ ਫੈਸਲੇ ਨੇ ਭਾਰਤ ਨੂੰ ਚੋਣਾਂਵੀ ਤਾਨਾਸ਼ਾਹੀ ਵਿੱਚ ਡਿਗਣ ਤੋਂ ਰੋਕ ਦਿੱਤਾ ਸੀ। ਪਰ ਉਦੋਂ ਤੋਂ ਸੱਤਾਧਾਰੀ ਪ੍ਰਬੰਧ ਨੇ ਕਿਸੇ ਵੀ ਚੋਣ ਹਾਰਨ ਦੇ ਰਾਜਨੀਤਿਕ ਜੋਖ਼ਮ ਨੂੰ ਘਟਾਉਣ ਲਈ ਕੋਈ ਵੀ ਕਸਰ ਨਹੀਂ ਛੱਡੀ। ਇਸ ਵਿਚ 3 ਤਰ੍ਹਾਂ ਦਾ ਏਕਾਧਿਕਾਰ- ਸੂਚਨਾ (ਮੀਡੀਆ ਰਾਹੀਂ ਜਾਣਕਾਰੀ ਨਿਯੰਤਰਣ), ਸੰਸਾਧਨ (ਮੁਦਰਾ ਸਰੋਤ) ਤੇ ਸੰਸਥਾ (ਸੰਸਥਾਗਤ ਕਬਜ਼ਾ) ਸ਼ਾਮਿਲ ਹੈ। ਇਸ ਦੇ ਨਾਲ ਹੀ ਚੋਣਾਂ ਦੇ ਦੇਸ਼-ਕਾਲ-ਪਾਤਰ (ਸਮਾਂ-ਸਥਾਨ-ਅਦਾਕਾਰ) ਨੂੰ ਮੁੜ ਤੋਂ ਡਿਜ਼ਾਈਨ ਕੀਤਾ ਜਾ ਰਿਹਾ ਹੈ। ਪ੍ਰਸਤਾਵਿਤ ਹੱਦਬੰਦੀ ਰਾਹੀਂ ਹਲਕਿਆਂ ਨੂੰ ਵੰਡ ਕੇ ਮੁੜ ਬਣਾਉਣਾ, ਇੱਕ-ਰਾਸ਼ਟਰ ਇੱਕ-ਚੋਣ ਰਾਹੀਂ ਚੋਣਾਂ ਦੇ ਕੈਲੰਡਰ ਨੂੰ ਮੁੜ ਵਿਵਸਥਿਤ ਕਰਨਾ ਅਤੇ ਐਸ.ਆਈ.ਆਰ. ਰਾਹੀਂ ਵੋਟਰ ਸੂਚੀ ਨੂੰ ਸੋਧ ਕੇ ਮੁੜ ਲਿਖਣਾ। ਇੱਕ ਵਾਰ ਜਦੋਂ ਇਹ ਸਾਰੀ ਪ੍ਰਕਿਰਿਆ ਪੂਰੀ ਹੋ ਜਾਵੇਗੀ ਤਾਂ ਅਸੀਂ ਪੂਰੀ ਤਰ੍ਹਾਂ ਨਾਲ ਇੱਕ ਚੋਣ ਤਾਨਾਸ਼ਾਹੀ (ਇਲੈਕਟੋਰਲ ਆਟੋਕ੍ਰੇਸੀ) ਬਣ ਜਾਵਾਂਗੇ, ਜਿਸ ਵਿੱਚ ਚੋਣਾਂ ਰਾਹੀਂ ਸੱਤਾ ਦੇ ਇੱਕ ਆਮ, ਲੋਕਤੰਤਰੀ ਤਬਾਦਲੇ ਦੀ ਸੰਭਾਵਨਾ ਬਹੁਤ ਘੱਟ ਹੋਵੇਗੀ। ਵਿਰੋਧੀ ਧਿਰ ਆਖਰਕਾਰ ਇਸ ਹਨੇਰੇ ਸੱਚ ਦਾ ਸਾਹਮਣਾ ਕਰ ਰਹੀ ਹੈ।

ਰਾਹੁਲ ਗਾਂਧੀ ਦਾ ਭਾਸ਼ਨ ਆਪਣੇ-ਆਪ ਨੂੰ ਸਿਰਫ਼ ਇੱਕ ਵਿਸ਼ਲੇਸ਼ਣ ਤੱਕ ਸੀਮਤ ਨਹੀਂ ਰੱਖਦਾ, ਇਸ ਭਾਸ਼ਨ ਨੂੰ ਖਾਸ ਬਣਾਉਣ ਵਾਲੀ ਗੱਲ ਇਹ ਹੈ ਕਿ ਉਹ ਰਾਜਨੀਤਿਕ ਕਾਰਵਾਈ ਦੇ ਲਈ ਇਸ ਦੇ ਮਤਲਬ ਨੂੰ ਸਪੱਸ਼ਟ ਤੌਰ 'ਤੇ ਪਹਿਚਾਣਦਾ ਹੈ। ਵਿਰੋਧੀ ਧਿਰ ਦੁਆਰਾ ਹੁਣ ਤੱਕ ਵਰਤੇ ਗਏ ਰਾਜਨੀਤਿਕ ਤਰੀਕੇ ਸਿਰਫ਼ ਉਦੋਂ ਹੀ ਕੰਮ ਕਰਦੇ ਹਨ, ਜਦੋਂ ਭਾਰਤੀ ਰਾਜ ਉਨ੍ਹਾਂ ਨੂੰ ਕੰਮ ਕਰਨ ਲਈ ਇੱਕ ਨਿਰਪੱਖ ਖੇਤਰ ਪ੍ਰਦਾਨ ਕਰਦਾ ਸੀ। ਪਰ ਇਹ ਖੇਤਰ ਹੁਣ ਮੌਜੂਦ ਨਹੀਂ ਹੈ... ਜੇਕਰ ਸਿਆਸੀ ਪਾਰਟੀਆਂ ਕੰਮ ਨਹੀਂ ਕਰ ਸਕਦੀਆਂ ਤਾਂ ਫਿਰ ਕੀ ਕੰਮ ਕਰੇਗਾ? ਅਜਿਹੇ 'ਚ ਵਿਰੋਧ ਕੰਮ ਕਰਦਾ ਹੈ, ਉਹ ਚੋਣ ਰਾਜਨੀਤੀ 'ਤੇ ਬਹੁਤ ਜ਼ਿਆਦਾ ਨਿਰਭਰਤਾ ਤੋਂ ਦੂਰ ਜਾਣ ਦੀ ਅਪੀਲ ਕਰਦਾ ਹੈ, ਪਰ ਸਮੱਸਿਆ ਇਹ ਹੈ ਕਿ ਵਿਰੋਧੀ ਧਿਰ ਕੋਲ ਜਿੱਤਣ ਲਈ ਇਕ ਸੁਤੰਤਰ ਤੇ ਨਿਰਪੱਖ ਚੋਣ ਵਿਵਸਥਾ ਨਹੀਂ ਹੋਵੇਗੀ। ਇਸ ਲਈ ਸਾਨੂੰ ਵਿਰੋਧ ਦੇ ਢੰਗ (ਮੋਡ) 'ਚ ਜਾਣਾ ਪਵੇਗਾ। ਉਹ ਜ਼ੋਰ ਦੇ ਕੇ ਕਹਿੰਦੇ ਹਨ ਕਿ ਵਿਰੋਧ ਇੱਕ ਭਾਵਨਾ ਹੈ, ਇੱਕ ਸੋਚ ਹੈ, ਕੋਈ ਸੰਗਠਨ ਨਹੀਂ। ਇਹ ਵਿਰੋਧੀ ਧਿਰ ਦੀ ਰਾਜਨੀਤੀ 'ਚ ਇੱਕ ਵੱਡੇ ਬਦਲਾਅ ਦੇ ਸੰਕੇਤ - ਸੰਸਦ ਤੋਂ ਜੰਤਰ-ਮੰਤਰ ਤੱਕ, ਚੋਣ ਮੁਕਾਬਲੇ ਤੋਂ ਜ਼ਮੀਨੀ ਪੱਧਰ 'ਤੇ ਲਾਮਬੰਦੀ ਤੱਕ, ਮੁੜ ਸੱਤਾ ਪ੍ਰਾਪਤ ਕਰਨ ਦੀ ਰਾਜਨੀਤੀ ਤੋਂ ਗਣਤੰਤਰ ਨੂੰ ਮੁੜ ਪ੍ਰਾਪਤ ਕਰਨ ਦੀ ਰਾਜਨੀਤੀ ਤੱਕ ਨੂੰ ਦਰਸਾਉਂਦਾ ਹੈ। ਇਹ ਵਿਰੋਧ ਲੋਕਤੰਤਰੀ ਤੇ ਅਹਿੰਸਕ ਹੋਣਾ ਚਾਹੀਦਾ ਹੈ। ਇਤਿਹਾਸ ਸਾਨੂੰ ਦੱਸਦਾ ਹੈ ਕਿ ਹਿੰਸਾ ਦੀ ਵਰਤੋਂ ਬੇਅਸਰ ਤੇ ਪ੍ਰਤੀਕੂਲ ਦੋਵੇਂ ਹੈ। ਬੰਗਲਾਦੇਸ਼ ਜਾਂ ਨਿਪਾਲ 'ਚ ਜੋ ਹੋਇਆ ਹੈ, ਉਹ ਇਕ ਅਜਿਹਾ ਮਾਡਲ (ਟੈਂਪਲੇਟ) ਨਹੀਂ ਹੈ, ਜਿਸ ਨੂੰ ਭਾਰਤ 'ਚ ਦੁਹਰਾਇਆ ਜਾ ਸਕੇ ਜਾਂ ਕੀਤਾ ਜਾਣਾ ਚਾਹੀਦਾ ਹੈ।

(ਬਾਕੀ ਸਫ਼ਾ 27 'ਤੇ)

# ਪੰਜਾਬ 'ਚ ਡੂੰਘਾ ਹੁੰਦਾ ਜਾ ਰਿਹਾ ਖੇਤੀ ਸੰਕਟ ਅਤੇ ਸਿੱਖ ਪਰਿਵਾਰਾਂ ਦੀ ਘਟਦੀ ਆਮਦਨ



ਡਾ. ਕੇਸਰ ਸਿੰਘ ਭੰਗੂ
ਸਾਬਕਾ ਪ੍ਰੋਫੈਸਰ ਤੇ ਡੀਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਿੱਖ ਭਾਈਚਾਰਾ ਆਪਣੀ ਮਿਹਨਤ, ਉੱਦਮ ਤੇ ਖੇਤੀਬਾੜੀ ਵਿਚ ਯੋਗਦਾਨ ਪਾਉਣ ਲਈ ਭਾਰਤ 'ਚ ਹੀ ਨਹੀਂ ਸਗੋਂ ਦੁਨੀਆ ਭਰ 'ਚ ਜਾਣਿਆ ਜਾਂਦਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਖ਼ਾਸ ਕਰਕੇ ਹਰੀ ਕ੍ਰਾਂਤੀ ਤੋਂ ਬਾਅਦ ਸਿੱਖਾਂ ਦੀ ਆਰਥਿਕ ਸਥਿਤੀ ਦੇਸ਼ ਤੇ ਖ਼ਾਸ ਕਰਕੇ ਪੰਜਾਬ 'ਚ ਹੋਰ ਭਾਈਚਾਰਿਆਂ ਦੇ ਮੁਕਾਬਲੇ ਕਾਫ਼ੀ ਬਿਹਤਰ ਸੀ। ਪਰ ਹੁਣ ਇਸ ਸੰਬੰਧੀ ਸਾਹਮਣੇ ਆਏ ਸਰਕਾਰੀ ਅੰਕੜੇ, ਨਿੱਜੀ ਸਰਵੇਖਣ ਤੇ ਆਰਥਿਕ ਵਿਸ਼ਲੇਸ਼ਣ ਗੰਭੀਰ ਚੁਣੌਤੀ ਭਰੀ ਤਸਵੀਰ ਪੇਸ਼ ਕਰਦੇ ਹਨ। ਦੇਸ਼ ਦੇ ਇੱਕ ਨਾਮਵਰ ਅੰਗਰੇਜ਼ੀ ਅਖ਼ਬਾਰ ਨੇ ਇਸ ਮੁੱਦੇ ਨੂੰ ਉਭਾਰਿਆ ਹੈ ਕਿ ਪੰਜਾਬ ਦੇ ਸਿੱਖ ਪਰਿਵਾਰ ਗ਼ੈਰ-ਸਿੱਖ ਪਰਿਵਾਰਾਂ ਦੇ ਮੁਕਾਬਲੇ ਪ੍ਰਤੀ ਵਿਅਕਤੀ ਖਪਤ ਖ਼ਰਚ 'ਚ ਪਿੱਛੇ ਰਹਿ ਗਏ ਹਨ। ਅੰਕੜਿਆਂ ਅਨੁਸਾਰ ਪੰਜਾਬ 'ਚ ਸਿੱਖਾਂ ਦੀ ਆਮਦਨ, ਖ਼ਰਚ ਤੇ ਆਰਥਿਕ ਸਥਿਤੀ ਗ਼ੈਰ-ਸਿੱਖਾਂ ਦੇ ਮੁਕਾਬਲੇ ਪਛੜ ਰਹੀ ਹੈ। ਇਸ ਲੇਖ ਜ਼ਰੀਏ ਇਸ ਵਰਤਾਰੇ ਦੇ ਕਾਰਨਾਂ ਤੇ ਹੋਰ ਸੰਬੰਧਿਤ ਮੁੱਦਿਆਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਵਿਸ਼ੇ ਸੰਬੰਧੀ ਅੰਕੜਿਆਂ 'ਤੇ ਨਜ਼ਰ ਮਾਰਨ 'ਤੇ ਪਤਾ ਲੱਗਦਾ ਹੈ ਕਿ ਸਿੱਖਾਂ ਤੇ ਗ਼ੈਰ-ਸਿੱਖਾਂ ਵਿਚਕਾਰ ਆਰਥਿਕ ਪਾੜਾ ਵਧ ਰਿਹਾ ਹੈ। ਭਾਰਤੀ ਆਰਥਿਕਤਾ 'ਚ ਵੱਖ-ਵੱਖ ਧਾਰਮਿਕ ਸਮੂਹਾਂ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਨੈਸ਼ਨਲ ਸੈਂਪਲ ਸਰਵੇ ਸੰਸਥਾ ਤੇ ਨੈਸ਼ਨਲ ਸਟੈਟਿਸਟਿਕਸ ਆਫ਼ਿਸ ਦੇ ਖਪਤ ਤੇ ਆਮਦਨ ਦੇ ਅੰਕੜਿਆਂ ਦੇ ਆਧਾਰ 'ਤੇ ਕੀਤਾ ਗਿਆ ਹੈ। ਹਾਲ ਹੀ 'ਚ ਜਾਰੀ ਹੋਏ ਘਰੇਲੂ ਖਪਤ ਖ਼ਰਚ ਸਰਵੇਖਣ ਦੇ ਅਨੁਸਾਰ ਪੰਜਾਬ 'ਚ ਪਹਿਲੀ ਵਾਰ ਸਿੱਖਾਂ ਦੀ ਪ੍ਰਤੀ ਵਿਅਕਤੀ ਮਹੀਨਾਵਾਰ ਖਪਤ ਗ਼ੈਰ-ਸਿੱਖਾਂ ਦੇ ਮੁਕਾਬਲੇ ਘਟੀ ਹੈ। ਸਾਲ 2023-24 ਦੇ ਅੰਕੜਿਆਂ ਅਨੁਸਾਰ ਪੰਜਾਬ 'ਚ ਇੱਕ ਸਿੱਖ ਦਾ ਔਸਤ ਖਪਤ ਖ਼ਰਚਾ 6,319 ਰੁਪਏ ਪ੍ਰਤੀ ਮਹੀਨਾ ਸੀ, ਜਦੋਂ ਕਿ ਗ਼ੈਰ-ਸਿੱਖਾਂ ਦਾ ਇਹ ਖ਼ਰਚਾ 6,527 ਰੁਪਏ ਸੀ। ਦੱਸਣਯੋਗ ਹੈ ਕਿ 1993-94 ਦੌਰਾਨ ਸਿੱਖਾਂ ਦਾ ਹਰ ਮਹੀਨੇ ਪ੍ਰਤੀ ਵਿਅਕਤੀ ਖਪਤ ਖ਼ਰਚਾ ਗ਼ੈਰ-ਸਿੱਖਾਂ ਨਾਲੋਂ 2.07 ਫ਼ੀਸਦੀ ਜ਼ਿਆਦਾ ਸੀ, ਜੋ 2011-12 ਹੋਰ ਵਧ ਕੇ 4.39 ਪ੍ਰਤੀਸ਼ਤ ਹੋ ਗਿਆ ਸੀ। ਪਰ ਪਹਿਲੀ ਵਾਰ ਇਹ ਖ਼ਰਚ 2023-24 'ਚ ਗ਼ੈਰ-ਸਿੱਖਾਂ ਨਾਲੋਂ 3.18 ਫ਼ੀਸਦੀ ਘਟ ਗਿਆ ਹੈ। ਦਰਅਸਲ 1993-94 ਤੋਂ 2011-12 ਦੇ ਦਹਾਕਿਆਂ ਦੌਰਾਨ ਸਿੱਖਾਂ ਦੀ ਆਰਥਿਕ ਹਾਲਤ ਗ਼ੈਰ-ਸਿੱਖਾਂ ਦੇ ਮੁਕਾਬਲੇ ਕਾਫ਼ੀ ਮਜ਼ਬੂਤ ਸੀ। ਕੌਮੀ ਪੱਧਰ 'ਤੇ ਹੋਏ ਕੁਝ ਨਿੱਜੀ ਸਰਵੇਖਣਾਂ ਅਨੁਸਾਰ ਇਸ ਸਮੇਂ ਦੌਰਾਨ ਮੁਸਲਮਾਨਾਂ ਦੀ ਆਮਦਨ 'ਚ 28 ਫ਼ੀਸਦੀ ਤੇ ਹਿੰਦੂਆਂ ਦੀ ਆਮਦਨ 'ਚ 19 ਫ਼ੀਸਦੀ ਵਾਧੇ ਦੇ ਮੁਕਾਬਲੇ ਸਿੱਖਾਂ ਦੀ ਆਮਦਨ 57 ਫ਼ੀਸਦੀ ਵਧੀ ਸੀ, ਪਰ ਇਹ ਵਾਧਾ ਦੇਸ਼ ਦੇ ਦੂਜੇ ਹਿੱਸਿਆਂ 'ਚ ਰਹਿਣ ਵਾਲੇ ਸਿੱਖਾਂ, ਖ਼ਾਸ ਕਰਕੇ ਦਿੱਲੀ, ਮਹਾਰਾਸ਼ਟਰ ਤੇ ਹੋਰ ਖੇਤਰਾਂ ਵਿੱਚ ਵਪਾਰਕ ਤੇ ਉਦਯੋਗਿਕ ਵਰਗ ਤੱਕ ਸੀਮਿਤ ਸੀ।

ਜੇਕਰ ਪੰਜਾਬ ਦੀ ਗੱਲ ਕਰੀਏ ਜਿੱਥੇ ਦੇਸ਼ ਦੀ ਕੁੱਲ ਸਿੱਖ ਆਬਾਦੀ ਦਾ ਲਗਭਗ 76-77 ਫ਼ੀਸਦੀ ਹਿੱਸਾ ਰਹਿੰਦਾ ਹੈ, ਸੂਬੇ ਦੀ ਆਰਥਿਕ ਮੰਦਹਾਲੀ ਸਿੱਖਾਂ ਦੀ ਆਮਦਨ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੀ ਹੈ। ਪੰਜਾਬ ਕਦੇ ਭਾਰਤ ਦਾ ਸਭ ਤੋਂ ਖ਼ੁਸ਼ਹਾਲ ਸੂਬਾ ਹੁੰਦਾ ਸੀ, ਪਰ ਹੁਣ ਉਸ ਦੀ ਪ੍ਰਤੀ ਵਿਅਕਤੀ ਆਮਦਨ ਹਰਿਆਣਾ ਸਮੇਤ ਦੇਸ਼ ਦੇ ਮੋਹਰੀ ਸੂਬਿਆਂ ਤੋਂ ਪਿੱਛੇ ਰਹਿ ਗਈ ਹੈ। ਸਿੱਖਾਂ ਦੀ ਆਮਦਨ ਤੇ ਖ਼ਰਚ ਵਿੱਚ ਆਈ ਗਿਰਾਵਟ ਦਾ ਵੱਡਾ ਕਾਰਨ ਸਿੱਖਾਂ ਦੀ ਵੱਡੀ ਆਬਾਦੀ ਦਾ ਪੇਂਡੂ ਖੇਤਰਾਂ 'ਚ ਰਹਿਣਾ ਤੇ ਖੇਤੀਬਾੜੀ 'ਤੇ ਜ਼ਿਆਦਾ ਨਿਰਭਰ ਹੋਣਾ ਹੈ। ਸਿੱਖ ਪਰਿਵਾਰ ਆਪਣੀ ਆਮਦਨ ਦਾ ਲਗਭਗ 73 ਫ਼ੀਸਦੀ ਹਿੱਸਾ ਖੇਤੀਬਾੜੀ ਤੋਂ ਪ੍ਰਾਪਤ ਕਰਦੇ ਹਨ, ਜੋ ਕਿ ਭਾਰਤ ਦੇ ਕਿਸੇ ਵੀ ਹੋਰ ਧਾਰਮਿਕ ਭਾਈਚਾਰੇ ਨਾਲੋਂ ਕਿਤੇ ਵੱਧ ਹੈ। ਹਿੰਦੂ ਤੇ ਮੁਸਲਿਮ ਭਾਈਚਾਰਿਆਂ ਦੀ ਖੇਤੀਬਾੜੀ ਤੋਂ ਆਮਦਨ ਨਿਰਭਰਤਾ 66 ਫ਼ੀਸਦੀ ਹੈ, ਇਸ ਦੇ ਨਾਲ ਹੀ ਉਨ੍ਹਾਂ ਨੇ ਸਿੱਖਾਂ ਦੇ ਮੁਕਾਬਲੇ ਆਪਣੇ ਆਮਦਨ ਦੇ ਸਾਧਨਾਂ 'ਚ ਵਿਭਿੰਨਤਾ ਲਿਆਉਂਦਿਆਂ ਆਪਣੇ ਆਮਦਨ ਦੇ ਸਾਧਨ ਖੇਤੀਬਾੜੀ ਤੋਂ ਬਦਲ ਕੇ ਸੇਵਾਵਾਂ ਤੇ ਹੋਰ ਵਪਾਰਕ ਕਾਰੋਬਾਰਾਂ ਨੂੰ ਬਣਾ ਲਿਆ ਹੈ। ਪੰਜਾਬ 'ਚ ਲਗਾਤਾਰ ਵਧਦੀਆਂ ਖੇਤੀ ਲਾਗਤਾਂ ਤੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ 'ਤੇ ਉੱਠਦੇ ਸਵਾਲਾਂ ਕਾਰਨ ਕਿਸਾਨਾਂ ਦੀ ਸ਼ੁੱਧ ਆਮਦਨ 'ਚ ਭਾਰੀ ਗਿਰਾਵਟ ਆਈ ਹੈ। ਜਦਕਿ ਗ਼ੈਰ-ਸਿੱਖ ਭਾਈਚਾਰਿਆਂ ਨੂੰ ਸ਼ਹਿਰੀ ਖੇਤਰਾਂ 'ਚ ਵਪਾਰ, ਨੌਕਰੀਆਂ ਤੇ ਉਦਯੋਗਾਂ 'ਚ ਵਧੇਰੇ ਰੁਜ਼ਗਾਰ ਪ੍ਰਾਪਤ ਹੋਣ ਕਰਕੇ ਉਨ੍ਹਾਂ ਦੀ ਆਮਦਨ ਤੇ ਖ਼ਰਚ 'ਚ ਸਿੱਖਾਂ ਦੇ ਮੁਕਾਬਲੇ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਸਿੱਖਾਂ ਦੀ ਆਮਦਨ ਤੇ ਖਪਤ ਖ਼ਰਚ ਦੇ ਘਟਣ ਦਾ ਦੂਜਾ ਵੱਡਾ ਕਾਰਨ ਪੰਜਾਬ ਦੇ ਉਦਯੋਗਿਕ ਖੇਤਰ ਦਾ ਲੋੜੀਂਦਾ ਵਿਕਾਸ ਨਾ ਹੋਣਾ ਹੈ। ਲੁਧਿਆਣਾ, ਬਟਾਲਾ, ਗੋਬਿੰਦਗੜ੍ਹ, ਰਾਜਪੁਰਾ, ਜਲੰਧਰ ਤੇ ਅੰਮ੍ਰਿਤਸਰ ਵਰਗੇ ਸ਼ਹਿਰ ਕਦੇ ਪੰਜਾਬ ਦੀ ਆਰਥਿਕਤਾ ਤੇ ਉਦਯੋਗਿਕ ਖੇਤਰ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਸਨ, ਜੋ ਹੁਣ ਸਰਕਾਰੀ ਨੀਤੀਆਂ ਕਾਰਨ ਕੌਮੀ ਪੱਧਰ 'ਤੇ ਮੁਕਾਬਲਾ ਕਰਨ 'ਚ ਪਿੱਛੇ ਰਹਿ ਗਏ ਹਨ। ਪੁਰਾਣੇ ਉਦਯੋਗਾਂ ਨੂੰ ਸਮੇਂ ਸਿਰ ਆਧੁਨਿਕ ਤਕਨੀਕ ਨਾ ਮਿਲਣ ਕਾਰਨ ਤੇ ਕੇਂਦਰ ਸਰਕਾਰ ਦੀਆਂ ਉਦਯੋਗਿਕ ਨੀਤੀਆਂ 'ਚ ਪੰਜਾਬ ਨੂੰ ਭੂਗੋਲਿਕ ਸਥਿਤੀ ਦੇ ਚਲਦਿਆਂ ਅਣਦੇਖਿਆ ਕਰਨ ਕਾਰਨ ਉਦਯੋਗਿਕ ਵਿਕਾਸ 'ਚ ਖੜੋਤ ਆ ਗਈ ਹੈ। ਪੇਂਡੂ ਸਿੱਖ ਨੌਜਵਾਨਾਂ ਲਈ ਸ਼ਹਿਰੀ ਨੌਕਰੀਆਂ ਦੇ ਮੌਕੇ ਸੀਮਤ ਹੋਣ ਦੇ ਚਲਦਿਆਂ ਉਨ੍ਹਾਂ ਵਿੱਚ ਰੁਜ਼ਗਾਰ ਦੀ ਭਾਲ ਲਈ ਵਿਦੇਸ਼ਾਂ- ਕੈਨੇਡਾ, ਆਸਟ੍ਰੇਲੀਆ, ਯੂ.ਕੇ. ਤੇ ਹੋਰ ਮੁਲਕਾਂ ਵੱਲ ਜਾਣ ਦਾ ਰੁਝਾਨ ਬਹੁਤ ਵਧ ਗਿਆ ਹੈ। ਪਹਿਲਾਂ ਵਿਦੇਸ਼ਾਂ ਤੋਂ ਆਉਣ ਵਾਲਾ ਪੈਸਾ ਪੰਜਾਬ ਦੀ ਆਰਥਿਕਤਾ ਨੂੰ ਸਹਾਰਾ ਦਿੰਦਾ ਸੀ, ਪਰ ਹੁਣ ਪਰਿਵਾਰਾਂ ਸਮੇਤ ਬਾਹਰਲੇ ਮੁਲਕਾਂ 'ਚ ਜਾ ਕੇ ਵਸਣ ਦੇ ਰੁਝਾਨ ਨਾਲ ਪੈਸਾ ਬਾਹਰੋਂ ਆਉਣ ਦੀ ਬਜਾਏ ਇਥੋਂ ਦਾ ਸਰਮਾਇਆ ਵੀ ਬਾਹਰ ਜਾਣ ਕਾਰਨ ਸਥਾਨਕ ਉਤਪਾਦਨ, ਖੇਤ ਮਜ਼ਦੂਰੀ ਤੇ ਸਿੱਖਾਂ ਦੀ ਸਥਾਨਕ ਆਰਥਿਕਤਾ ਵਿੱਚ ਹਿੱਸੇਦਾਰੀ ਘੱਟ ਹੋ ਰਹੀ ਹੈ।

ਸਰਕਾਰੀ ਅੰਕੜੇ ਤੇ ਸਰਵੇਖਣਾਂ ਅਨੁਸਾਰ ਸਿੱਖਾਂ ਸਿਰ ਪ੍ਰਤੀ ਵਿਅਕਤੀ/ਪ੍ਰਤੀ ਪਰਿਵਾਰ ਕਰਜ਼ੇ ਦਾ ਭਾਰ ਵੀ ਹੋਰ ਭਾਈਚਾਰਿਆਂ ਦੇ ਮੁਕਾਬਲੇ ਜ਼ਿਆਦਾ ਹੈ। ਖੇਤੀਬਾੜੀ ਲਾਗਤਾਂ-ਬੀਜ, ਖਾਦਾਂ ਤੇ ਕੀਟਨਾਸ਼ਕਾਂ ਦੇ ਭਾਅ ਵਧਣ ਤੇ ਫ਼ਸਲਾਂ ਦੀ ਕੀਮਤ ਘੱਟ ਮਿਲਣ ਕਾਰਨ ਪੰਜਾਬੀ ਕਿਸਾਨ ਕਰਜ਼ੇ ਦੇ ਜਾਲ 'ਚ ਫਸਦੇ ਜਾ ਰਹੇ ਹਨ। ਪੰਜਾਬ ਦੇ ਪੇਂਡੂ ਖੇਤਰ ਵਿੱਚ 90 ਫ਼ੀਸਦੀ ਤੋਂ ਵੱਧ ਜੱਟ ਸਿੱਖ ਪਰਿਵਾਰਾਂ ਦੇ ਕਰਜ਼ਾਈ ਹੋਣ ਕਰਕੇ ਉਨ੍ਹਾਂ ਦੀਆਂ ਪਰਿਵਾਰਕ ਬੱਚਤਾਂ ਘਟੀਆਂ ਹਨ। ਆਰਥਿਕ ਦਬਾਅ ਦੇ ਚਲਦਿਆਂ ਉਨ੍ਹਾਂ 'ਚ ਨਸ਼ਿਆਂ ਦੀ ਲਤ ਤੇ ਮਾਨਸਿਕ ਤਣਾਅ ਕਾਰਨ ਵਧ ਰਹੀਆਂ ਸਮੱਸਿਆਵਾਂ ਆਰਥਿਕ ਉਤਪਾਦਕਤਾ ਨੂੰ ਘਟਾ ਕੇ ਇੱਕ ਵਿਨਾਸ਼ਕਾਰੀ ਚੱਕਰ ਪੈਦਾ ਕਰ ਰਹੀਆਂ ਹਨ। ਸਿੱਖਾਂ ਦੀ ਆਮਦਨ ਤੇ ਖ਼ਰਚ 'ਚ ਆ ਰਹੀ ਗਿਰਾਵਟ ਲਈ ਸਿਰਫ਼ ਸਿੱਖ ਭਾਈਚਾਰਾ ਜ਼ਿੰਮੇਵਾਰ ਨਹੀਂ, ਸਗੋਂ ਇਹ ਸਰਕਾਰੀ ਨੀਤੀਆਂ ਦੀ ਨਾਕਾਮੀ ਨੂੰ ਵੀ ਦਰਸਾਉਂਦਾ ਹੈ। ਪੰਜਾਬ ਦੀ ਪੇਂਡੂ ਸਿੱਖ ਆਬਾਦੀ ਨੂੰ ਆਰਥਿਕ ਸੰਕਟ 'ਚੋਂ ਕੱਢਣ ਲਈ ਸਾਰਥਕ ਕਦਮ ਚੁੱਕਦਿਆਂ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਨੌਜਵਾਨਾਂ ਨੂੰ ਸਿਰਫ਼ ਖੇਤੀ 'ਤੇ ਨਿਰਭਰ ਰਹਿਣ ਦੀ ਬਜਾਏ ਫੂਡ ਪ੍ਰੋਸੈਸਿੰਗ, ਸੂਚਨਾ ਤਕਨਾਲੋਜੀ ਤੇ ਉੱਚ-ਮੁੱਲ ਵਾਲੇ ਵਪਾਰ ਵੱਲ ਪ੍ਰੇਰਿਤ ਕਰਨਾ ਹੋਵੇਗਾ। ਕੇਂਦਰ ਨੂੰ ਪੰਜਾਬ ਲਈ ਵਿਸ਼ੇਸ਼ ਉਦਯੋਗਿਕ ਪੈਕੇਜ ਦੇ ਕੇ ਸੂਬੇ 'ਚ ਬੰਦ ਹੋ ਰਹੇ ਉਦਯੋਗਾਂ ਨੂੰ ਦੁਬਾਰਾ ਸ਼ੁਰੂ ਕਰਵਾਉਣ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਪੇਂਡੂ ਨੌਜਵਾਨਾਂ ਨੂੰ ਆਧੁਨਿਕ ਹੁਨਰ ਦੇਣ ਲਈ ਵਿਸ਼ੇਸ਼ ਸੰਸਥਾਵਾਂ ਸਥਾਪਿਤ ਕਰਨੀਆਂ ਚਾਹੀਦੀਆਂ ਹਨ। ਪੇਂਡੂ ਕਿਸਾਨਾਂ ਤੇ ਮਜ਼ਦੂਰਾਂ ਨੂੰ ਕਰਜ਼ੇ ਦੇ ਜਾਲ 'ਚੋਂ ਕੱਢਣ ਲਈ ਬਿਨਾਂ ਵਿਆਜ ਕਰਜ਼ੇ, ਕਰਜ਼ਾ ਮੁਆਫ਼ੀ ਤੇ ਹੋਰ ਆਰਥਿਕ ਮਦਦ ਕਰਨੀ ਚਾਹੀਦੀ ਹੈ।

ਉਪਰੋਕਤ ਤੱਥ ਤੇ ਅਧਿਐਨ ਸਪੱਸ਼ਟ ਕਰਦੇ ਹਨ ਕਿ ਜਿਹੜਾ ਸਿੱਖ ਭਾਈਚਾਰਾ ਕਦੇ ਦੇਸ਼ ਦੇ ਸਭ ਤੋਂ ਖ਼ੁਸ਼ਹਾਲ ਭਾਈਚਾਰਿਆਂ 'ਚੋਂ ਇੱਕ ਸੀ, ਹੁਣ ਆਮਦਨ ਤੇ ਖਪਤ ਦੇ ਮਾਮਲੇ ਵਿਚ ਗ਼ੈਰ-ਸਿੱਖਾਂ ਦੇ ਮੁਕਾਬਲੇ, ਖ਼ਾਸ ਕਰਕੇ ਪੰਜਾਬ ਵਿਚ ਪਛੜ ਰਿਹਾ ਹੈ। ਇਸ ਦਾ ਮੁੱਖ ਕਾਰਨ ਖੇਤੀ ਸੰਕਟ, ਉਦਯੋਗਿਕ ਪਛੜਾਪਣ ਤੇ ਆਮਦਨ ਦੇ ਸਾਧਨਾਂ ਦੀ ਘਾਟ ਹੈ। ਜੇਕਰ ਸਰਕਾਰਾਂ ਨੇ ਸਮੇਂ ਸਿਰ ਪੰਜਾਬ ਦੀ ਡਿੱਗਦੀ ਆਰਥਿਕਤਾ ਤੇ ਖੇਤੀਬਾੜੀ ਦੇ ਹਾਲਾਤ 'ਤੇ ਧਿਆਨ ਨਾ ਦਿੱਤਾ ਤਾਂ ਪੇਂਡੂ ਖੇਤਰਾਂ ਦੇ ਸਿੱਖਾਂ ਦੀ ਆਰਥਿਕ ਹਾਲਤ ਹੋਰ ਮਾੜੀ ਹੋ ਜਾਵੇਗੀ। ਇਸ ਸੰਕਟ ਨੂੰ ਰੋਕਣ ਲਈ ਨੀਤੀਗਤ ਪੱਧਰ 'ਤੇ ਬਦਲਾਅ ਲਿਆਉਣ ਦੀ ਲੋੜ ਹੈ।

# ਵਰਤਮਾਨ ਦੇ ਨਾਲ ਭਵਿੱਖ ਲਈ ਵੀ ਸੋਚੇ ਨੌਜਵਾਨ ਪੀੜ੍ਹੀ




## 'ਕਮਾਈ' ਦੇ ਨਾਲ 'ਬਚਤ' ਕਰਨ ਦੀ ਆਦਤ ਪਾਉਣ ਦੀ ਲੋੜ




ਜਗਮੋਹਨ ਸਿੰਘ 'ਲੱਕੀ'
9463819174

**ਕੁਦਰਤ ਦਾ ਅਟੱਲ ਨਿਯਮ ਹੈ ਕਿ ਹਰ ਬੱਚਾ 'ਜਵਾਨ' ਹੁੰਦਾ ਹੈ ਅਤੇ ਜਵਾਨੀ ਤੋਂ ਬਾਅਦ 'ਬੁਢਾਪਾ' ਵੀ ਆਉਂਦਾ ਹੈ। ਅਕਸਰ ਵੱਡੀ ਗਿਣਤੀ ਲੋਕਾਂ ਦਾ ਬੁਢਾਪਾ ਆਰਥਿਕ ਤੰਗੀ ਕਾਰਨ ਕਸ਼ਟਮਈ ਹੋ ਜਾਂਦਾ ਹੈ। ਇਸ ਦਾ ਵੱਡਾ ਕਾਰਨ ਇਹ ਹੁੰਦਾ ਹੈ ਕਿ ਇਹਨਾਂ ਬਜ਼ੁਰਗਾਂ ਨੇ ਆਪਣੀ ਜਵਾਨੀ ਸਮੇਂ ਬੁਢਾਪੇ ਬਾਰੇ ਨਹੀਂ ਸੋਚਿਆ ਅਤੇ ਨਾ ਹੀ ਬੁਢਾਪੇ ਲਈ ਪੈਸਾ ਜੋੜਿਆ। ਜਿਹੜੇ ਨੌਜਵਾਨ ਸਰਕਾਰੀ ਨੌਕਰੀਆਂ ਕਰਦੇ ਹਨ, ਉਹਨਾਂ ਨੂੰ ਤਾਂ ਬੁਢਾਪੇ ਵਿੱਚ ਸਰਕਾਰੀ ਪੈਨਸ਼ਨ ਮਿਲਣ ਕਾਰਨ ਉਹਨਾਂ ਦੀ ਜ਼ਿੰਦਗੀ ਸੌਖਾਲੀ ਬਤੀਤ ਹੋ ਜਾਣੀ ਹੈ ਪਰ ਜਿਹੜੇ ਨੌਜਵਾਨ ਪ੍ਰਾਈਵੇਟ ਨੌਕਰੀਆਂ ਜਾਂ ਹੋਰ ਕੰਮ ਧੰਦੇ ਕਰਦੇ ਹਨ, ਉਹਨਾਂ ਨੂੰ ਜਵਾਨੀ ਵਿੱਚ ਹੀ ਆਪਣੇ ਬੁਢਾਪੇ ਲਈ 'ਵਿੱਤੀ ਨਿਵੇਸ਼' ਜ਼ਰੂਰ ਕਰਨਾ ਚਾਹੀਦਾ ਹੈ ਅਤੇ ਅਜਿਹੀ 'ਵਿੱਤੀ ਬਚਤ' ਜ਼ਰੂਰ ਕਰਨੀ ਚਾਹੀਦੀ ਹੈ, ਜੋ ਕਿ ਉਹਨਾਂ ਦੇ ਬੁਢਾਪੇ ਦੀ ਡੰਗੋਰੀ ਬਣ ਸਕੇ।**




ਨੌਜਵਾਨ ਹਰ ਦੇਸ਼ ਦੀ ਆਨ ਅਤੇ ਸ਼ਾਨ ਹੁੰਦੇ ਹਨ। ਦਰਿਆਵਾਂ ਦੇ ਵਹਿਣ ਅਤੇ ਨੌਜਵਾਨਾਂ ਦੇ ਜੋਸ਼ ਨੂੰ ਕੋਈ ਠੱਲ੍ਹ ਨਹੀਂ ਪਾ ਸਕਦਾ। ਲੰਘੇ ਦਿਨੀਂ ਨਵੀਂ ਦਿੱਲੀ ਦੇ ਜੰਤਰ ਮੰਤਰ ਵਿਖੇ ਚੱਲੇ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਅੰਦੋਲਨ ਦੀ ਸਫਲਤਾ ਨੇ ਦਰਸ਼ਾਅ ਦਿੱਤਾ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਸਿਰਫ਼ ਵਟਸਐਪ, ਫੇਸਬੁੱਕ ਅਤੇ ਇੰਸਟਾਗ੍ਰਾਮ ਵਿੱਚ ਹੀ ਉਲਝੀ ਨਹੀਂ ਰਹੀ ਸਗੋਂ ਇਹ ਪੀੜ੍ਹੀ ਆਪਣੇ ਭਵਿੱਖ ਦਾ ਫੈਸਲਾ ਕਰਨ ਵਾਲੇ ਸਿਸਟਮ ਵਿੱਚ ਸੁਧਾਰ ਲਈ ਵੀ ਜਾਗਰੂਕ ਹੋ ਗਈ ਹੈ। ਵਿਦਿਆਰਥੀ ਅੰਦੋਲਨ ਦੌਰਾਨ ਇਹ ਵੀ ਆਵਾਜ਼ ਉਭਰ ਕੇ ਸਾਹਮਣੇ ਆਈ ਹੈ ਕਿ ਜੇ ਮੁਲਕ ਦੀ ਵਾਗਡੋਰ ਨੌਜਵਾਨ ਪੀੜ੍ਹੀ ਦੇ ਹੱਥ ਵਿੱਚ ਹੋਵੇ ਤਾਂ ਇਹ ਮੁਲਕ 'ਵਿਸ਼ਵ ਦੀ ਵੱਡੀ ਆਰਥਿਕ' ਸ਼ਕਤੀ ਬਣ ਸਕਦਾ ਹੈ।

ਅਕਸਰ ਵੇਖਿਆ ਜਾਂਦਾ ਹੈ ਕਿ ਨੌਜਵਾਨ ਪੀੜ੍ਹੀ 'ਵਰਤਮਾਨ' ਵਿੱਚ ਜ਼ਿੰਦਗੀ ਜਿਉਣ ਨੂੰ ਵਧੇਰੇ ਤਰਜੀਹ ਦਿੰਦੀ ਹੈ ਅਤੇ ਆਪਣੇ 'ਭਵਿੱਖ' ਲਈ ਫੈਸਲੇ ਲੈਣ ਵਿੱਚ ਉਦਾਸੀਨ ਰਹਿੰਦੀ ਹੈ। ਇਹ ਜ਼ਰੂਰ ਹੈ ਕਿ ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਆਪਣੇ ਚੰਗੇਰੇ ਭਵਿੱਖ ਲਈ ਵਿਦੇਸ਼ ਉਡਾਰੀ ਮਾਰ ਚੁੱਕੇ ਹਨ ਪਰ ਲੱਖਾਂ ਰੁਪਏ ਖਰਚ ਕੇ ਬੇਗਾਨੇ ਮੁਲਕਾਂ ਵਿੱਚ ਜਾਣ ਦੀ ਥਾਂ ਆਪਣੇ ਪੰਜਾਬ ਵਿੱਚ ਹੀ ਕੰਮ ਧੰਦੇ ਅਤੇ ਨੌਕਰੀਆਂ ਕਰਨ ਵਾਲੇ ਪੰਜਾਬੀ ਨੌਜਵਾਨਾਂ ਦੀ ਗਿਣਤੀ ਵਿੱਚ ਵੀ ਦਿਨੋਂ ਦਿਨ ਵਾਧਾ ਹੋ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਨੇ ਸਖ਼ਤ ਮਿਹਨਤ ਕਰਕੇ ਆਪਣੇ 'ਵਰਤਮਾਨ' ਨੂੰ ਚਾਰ ਚੰਦ ਲਗਾ ਲਏ ਹਨ, ਪਰ ਇਸ ਦੇ ਬਾਵਜੂਦ ਇਹ ਨੌਜਵਾਨ ਆਪਣੇ 'ਭਵਿੱਖ' ਪ੍ਰਤੀ ਪੂਰੇ ਸੁਚੇਤ ਨਹੀਂ ਹੋਏ ਅਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਣ ਵਿੱਚ ਅਵੇਸਲੇ ਹੋ ਰਹੇ ਹਨ।



ਇਹ ਇੱਕ ਹਕੀਕਤ ਹੈ ਕਿ ਅੱਜ ਕੱਲ੍ਹ ਦੇ ਵੱਡੀ ਗਿਣਤੀ ਨੌਜਵਾਨ ਪੜ੍ਹੇ ਲਿਖੇ ਹਨ ਅਤੇ ਚੰਗੇ ਰੁਜ਼ਗਾਰਾਂ 'ਤੇ ਲੱਗੇ ਹੋਏ ਹਨ। ਉਹ ਚੰਗਾ ਕਮਾਉਂਦੇ ਹਨ ਪਰ ਉਹਨਾਂ ਦੇ ਖਰਚੇ ਵੀ ਸ਼ਾਹੀ ਹਨ। ਹਰ ਦਿਨ ਵੱਡੀ ਗਿਣਤੀ ਨੌਜਵਾਨ ਟਿੱਕੀਆਂ, ਸਮੋਸੇ,ਬਰਗਰ, ਫਾਸਟ ਫੂਡ ਖਾਣ ਤੇ ਹੋਟਲਾਂ, ਢਾਬਿਆਂ, ਰੈਸਟੋਰੈਂਟਾਂ 'ਚ ਚਾਹ ਕੌਫੀ ਪੀਣ ਅਤੇ ਖਾਣਾ ਖਾਣ 'ਤੇ ਹਜ਼ਾਰਾਂ ਰੁਪਏ ਖਰਚ ਦਿੰਦੇ ਹਨ। ਇਸ ਤੋਂ ਇਲਾਵਾ ਹਰ ਨੌਜਵਾਨ ਆਪਣੇ ਕੋਲ 'ਬਾਈਕ' ਅਤੇ 'ਕਾਰ' ਰੱਖਣੇ ਵੀ ਆਪਣੀ ਸ਼ਾਨ ਸਮਝਦੇ ਹਨ। ਇੱਥੋਂ ਤੱਕ ਕਿ ਕੁੜੀਆਂ ਵੀ ਆਪਣੇ ਕੋਲ 'ਐਕਟਿਵਾ' ਜਾਂ 'ਜੂਪੀਟਰ' ਰੱਖਣ ਨੂੰ ਆਪਣਾ 'ਸਟੇਸਸ ਸਿੰਬਲ' ਸਮਝਦੀਆਂ ਹਨ। ਅੱਜ ਕੱਲ੍ਹ ਦੇ ਮੁੰਡੇ-ਕੁੜੀਆਂ ਆਪਣੇ ਦੋਸਤਾਂ ਨਾਲ ਮੌਜ ਮਸਤੀ ਕਰਨ ਲਈ ਵੀ ਸਮਾਂ ਕੱਢਦੇ ਹਨ ਅਤੇ ਖੁੱਲ੍ਹ ਕੇ ਖਰਚਾ ਕਰਦੇ ਹਨ, ਜਿਸ ਕਾਰਨ ਕਈ ਵਾਰ ਉਹਨਾਂ ਨੂੰ ਆਰਥਿਕ ਤੰਗੀ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ ਹੈ।



ਅੱਜ- ਕੱਲ੍ਹ ਨੌਜਵਾਨਾਂ ਵਿੱਚ ਟਰੈਂਡ ਬਣ ਗਿਆ ਹੈ ਕਿ ਉਹ ਹਰ ਛੇ ਮਹੀਨੇ ਬਾਅਦ ਪਹਾੜਾਂ ਅਤੇ ਹਿੱਲ ਸਟੇਸ਼ਨਾਂ ਦੀ ਸੈਰ ਕਰਨ ਜਾਂਦੇ ਹਨ। ਇਸ ਸੈਰ 'ਤੇ ਨੌਜਵਾਨਾਂ ਦਾ ਹਜ਼ਾਰਾਂ ਰੁਪਏ ਖਰਚਾ ਆ ਜਾਂਦਾ ਹੈ। ਇਹ ਨੌਜਵਾਨ ਕਹਿੰਦੇ ਹਨ ਕਿ ਉਹ 'ਚੰਗੀ ਕਮਾਈ' ਕਰਦੇ ਹਨ ਅਤੇ ਉਹਨਾਂ ਦਾ ਦਿਲ ਵੀ ਆਪਣੇ ਸ਼ੌਕ ਪੂਰੇ ਕਰਨ ਅਤੇ ਘੁੰਮਣ ਨੂੰ ਕਰਦਾ ਹੈ। ਇਹ ਠੀਕ ਹੈ ਕਿ ਦੁਨੀਆਂ ਘੁੰਮਣ ਨਾਲ ਗਿਆਨ ਮਿਲਦਾ ਹੈ ਅਤੇ ਜਾਣਕਾਰੀ ਵਿੱਚ ਵੀ ਵਾਧਾ ਹੁੰਦਾ ਹੈ ਪਰ ਇਸ ਸੈਰ ਸਪਾਟੇ ਦੌਰਾਨ ਵੀ ਜੇ ਪੈਸੇ ਖਰਚ ਕਰਨ ਸਮੇਂ 'ਸੰਜਮ' ਤੋਂ ਕੰਮ ਲਿਆ ਜਾਵੇ ਤਾਂ ਬਚਾਏ ਗਏ ਪੈਸੇ ਅਗਲੇ ਟੂਰ ਦੌਰਾਨ ਜਾਂ ਘਰ ਦੇ ਜ਼ਰੂਰੀ ਕੰਮਾਂ ਵਿੱਚ ਕੰਮ ਆ ਸਕਦੇ ਹਨ।

ਵੱਡੀ ਗਿਣਤੀ ਨੌਜਵਾਨ ਕਿਸ਼ਤਾਂ 'ਤੇ ਹਰ ਸਮਾਨ ਲੈ ਲੈਂਦੇ ਹਨ ਫਿਰ ਉਹਨਾਂ ਦੀ ਸਾਰੀ ਜ਼ਿੰਦਗੀ ਕਿਸ਼ਤਾਂ ਭਰਦੇ ਨਿਕਲਦੀ ਹੈ। ਕਈ ਵਾਰ ਜ਼ਿੰਦਗੀ ਮੁੱਕ ਜਾਂਦੀ ਹੈ ਪਰ ਕਿਸ਼ਤਾਂ ਨਹੀਂ ਮੁੱਕਦੀਆਂ। ਇਸ ਲਈ ਓਨਾ ਕੁ ਸਮਾਨ ਲਓ ਜੋ ਕਿ ਜ਼ਰੂਰੀ ਹੋਵੇ। ਪੰਜਾਬ ਦੀਆਂ ਮਹਿਲਾਵਾਂ ਨੂੰ ਘਰੇਲੂ ਬਚਤ ਕਰਨ ਦੀ ਆਦਤ ਹੁੰਦੀ ਹੈ। ਅਕਸਰ ਉਹ ਰਸੋਈ ਘਰ ਦੇ ਵਿੱਚ ਪਏ ਦਾਲਾਂ ਅਤੇ ਹੋਰ ਸਮਾਨ ਦੇ ਡੱਬਿਆਂ ਅਤੇ ਆਪਣੇ ਕੱਪੜਿਆਂ ਦੀ ਅਲਮਾਰੀ ਵਿੱਚ ਕੁਝ ਪੈਸੇ ਜੋੜ ਕੇ ਰੱਖਦੀਆਂ ਹਨ। ਇਹ ਪੈਸੇ ਉਹਨਾਂ ਨੇ ਘਰ ਦੇ ਖਰਚ ਲਈ ਆਪਣੇ ਪਿਤਾ ਜਾਂ ਪਤੀ ਤੋਂ ਮਿਲੇ ਪੈਸਿਆਂ ਵਿਚੋਂ ਬਚਾ ਕੇ ਰੱਖੇ ਹੁੰਦੇ ਹਨ। ਇਹ ਪੈਸੇ ਲੋੜ ਵੇਲੇ ਬਹੁਤ ਕੰਮ ਆਉਂਦੇ ਹਨ। ਨੌਜਵਾਨਾਂ ਨੂੰ ਆਪਣੀਆਂ ਮਾਵਾਂ- ਭੈਣਾਂ ਤੋਂ ਇਹ ਬਚਤ ਕਰਨ ਦੀ ਆਦਤ ਸਿੱਖਣੀ ਚਾਹੀਦੀ ਹੈ।

ਕਈ ਨੌਜਵਾਨ ਬਿਨਾਂ ਸੋਚੇ ਸਮਝੇ ਵੱਖ-ਵੱਖ ਪ੍ਰਾਈਵੇਟ ਸਕੀਮਾਂ ਵਿੱਚ 'ਵੱਡਾ ਵਿੱਤੀ ਨਿਵੇਸ਼' ਕਰ ਦਿੰਦੇ ਹਨ। ਕਈ ਵਾਰ ਪੈਸੇ ਦੁੱਗਣੇ ਕਰਨ ਵਾਲੀਆਂ ਕੰਪਨੀਆਂ ਪੈਸੇ ਇਕੱਠੇ ਕਰਕੇ ਗਾਇਬ ਹੋ ਜਾਂਦੀਆਂ ਹਨ ਅਤੇ ਠੱਗੀ ਮਾਰ ਜਾਂਦੀਆਂ ਹਨ, ਇਸ ਲਈ ਨਿਵੇਸ਼ ਕਰਨ ਤੋਂ ਪਹਿਲਾਂ ਕੰਪਨੀਆਂ ਅਤੇ ਸਕੀਮਾਂ ਬਾਰੇ ਪੂਰੀ ਅਤੇ ਸਹੀ ਜਾਣਕਾਰੀ ਲੈਣੀ ਜ਼ਰੂਰੀ ਹੈ।

ਪੰਜਾਬੀਆਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਆਪਣੇ ਬਜ਼ੁਰਗਾਂ ਦੀ ਪੂਰੀ ਸੇਵਾ ਸੰਭਾਲ ਕਰ ਰਹੇ ਹਨ ਪਰ ਪੰਜਾਬ ਦੇ ਵੱਡੀ ਗਿਣਤੀ ਸ਼ਹਿਰਾਂ ਵਿੱਚ ਮੌਜੂਦ ਵੱਡੀ ਗਿਣਤੀ ਬਿਰਧ ਆਸ਼ਰਮ ਅਤੇ ਹਰ ਦਿਨ ਇਹਨਾਂ ਬਿਰਧ ਆਸ਼ਰਮਾਂ ਵਿੱਚ ਵੱਧ ਰਹੀ ਬਜ਼ੁਰਗਾਂ ਦੀ ਗਿਣਤੀ ਆਪਣੀ ਕਹਾਣੀ ਖੁਦ ਕਹਿ ਰਹੀ ਹੈ।



ਵੱਡੀ ਗਿਣਤੀ ਮਾਪੇ ਆਪਣੇ ਬੱਚਿਆਂ ਨੂੰ ਛੋਟੀਆਂ ਗੋਲਕਾਂ ਲੈ ਕੇ ਦਿੰਦੇ ਹਨ, ਜਿਹਨਾਂ ਵਿੱਚ ਬੱਚੇ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਵੱਲੋਂ ਮਿਲੇ ਪੈਸੇ ਜੋੜਦੇ ਰਹਿੰਦੇ ਹਨ ਅਤੇ ਜਦੋਂ ਇਹ ਪੈਸੇ ਕਾਫੀ ਜੁੜ ਜਾਂਦੇ ਹਨ ਅਤੇ ਗੋਲਕ ਭਰ ਜਾਂਦੀ ਹੈ ਤਾਂ ਮਾਪੇ ਇਨਾਂ ਪੈਸਿਆਂ ਨਾਲ ਬੱਚਿਆਂ ਨੂੰ ਕੋਈ ਸਮਾਨ ਲੈ ਦਿੰਦੇ ਹਨ। ਇਸ ਤਰ੍ਹਾਂ ਮਾਪੇ ਗੋਲਕ ਰਾਹੀਂ ਬੱਚਿਆਂ ਨੂੰ ਬਚਪਣ ਵਿੱਚ ਹੀ ਬਚਤ ਕਰਨ ਦੀ ਆਦਤ ਪਾਉਣ ਦਾ ਯਤਨ ਕਰਦੇ ਹਨ।

ਨੌਜਵਾਨਾਂ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਉਹ ਆਪਣੇ ਵਰਤਮਾਨ ਪ੍ਰਤੀ ਪੂਰੇ ਸੁਚੇਤ ਹਨ ਅਤੇ ਜ਼ਿੰਦਗੀ ਦੀ ਹਰ ਚੰਗੀ ਸਹੂਲਤ ਮਾਣ ਰਹੇ ਹਨ, ਉਸੇ ਤਰ੍ਹਾਂ ਉਹ ਆਪਣੇ ਭਵਿੱਖ ਲਈ ਵੀ ਪੂਰੇ ਸੁਚੇਤ ਹੋਣ ਅਤੇ ਆਪਣੇ ਬੁਢਾਪੇ ਨੂੰ ਆਨੰਦਮਈ ਬਣਾਉਣ ਲਈ ਹੁਣੇ ਤੋਂ ਬਚਤ ਕਰਨ ਦੀ ਆਦਤ ਪਾਉਣ ਅਤੇ ਅਜਿਹੀਆਂ ਭਵਿੱਖਮੁੱਖੀ ਯੋਜਨਾਵਾਂ ਬਣਾਉਣ ਜੋ ਕਿ ਉਹਨਾਂ ਦੇ ਬੁਢਾਪੇ ਵਿੱਚ ਕੰਮ ਆਉਣ।

# ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਵਿੱਚ ਕਿਵੇਂ ਸਹਿਯੋਗੀ ਬਣੀਏ !



ਇਕਬਾਲ ਸਿੰਘ ਲਾਲਪੁਰਾ

ਸਿੱਖ ਧਰਮ ਦੁਨੀਆ ਦਾ ਨਵੀਨਤਮ ਤੇ ਪੰਜਵਾਂ ਸਭ ਤੋਂ ਵੱਡਾ ਧਰਮ ਹੈ। ਧਰਮ ਦੀ ਬੁਨਿਆਦ ਫ਼ਲਸਫ਼ੇ ਤੇ ਇਤਿਹਾਸ ਉੱਪਰ ਆਧਾਰਿਤ ਹੁੰਦੀ ਹੈ। ਸਭ ਧਰਮ ਚੰਗੇ ਹਨ! ਰੱਬ, ਅਕਾਲ ਪੁਰਖ, ਵਾਹਿਗੁਰੂ ਤੇ ਜਿਸ ਨਾਮ ਨਾਲ ਵੀ ਉਸ ਨੂੰ ਯਾਦ ਕਰੀਏ, ਉਹ ਇੱਕ ਹੀ ਹੈ। ਇਸ ਲਈ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਦੇ ਅੱਗੇ '੧' ਦਰਜ ਕਰਕੇ ਮੋਹਰ ਲਗਾ ਦਿੱਤੀ ਕਿ ਰੱਬ ਇੱਕ ਤੇ ਕੇਵਲ ਇੱਕ ਹੀ ਹੈ।

ਜਦੋਂ ਵੀ ਦੁਨੀਆ ਵਿੱਚ ਜ਼ੁਲਮ ਤੇ ਨਫ਼ਰਤ ਵਧਦੀ ਹੈ, ਜਿਸ ਨੂੰ ਅਧਰਮ ਆਖਿਆ ਜਾਂਦਾ ਹੈ, ਤਾਂ ਪ੍ਰਭੂ ਆਪਣੇ ਖ਼ਾਸ ਨੁਮਾਇੰਦੇ ਜਬਰ ਤੋਂ ਮੁਕਤੀ ਤੇ ਧਰਮ ਸਥਾਪਿਤ ਕਰਨ ਲਈ ਭੇਜਦਾ ਹੈ, ਜਿਨ੍ਹਾਂ ਦੇ ਅਨੁਯਾਈ ਵੱਖਰੇ ਧਰਮ ਸਥਾਪਤ ਕਰ ਲੈਂਦੇ ਹਨ। ਦੁਨੀਆ ਵਿੱਚ ਕੇਵਲ ਇੱਕ ਹੀ ਧਰਮ ਹੈ—ਪ੍ਰਭੂ ਨੂੰ ਯਾਦ ਰੱਖਣਾ ਤੇ ਚੰਗਾ ਕੰਮ ਕਰਨਾ।

ਸ਼੍ਰੀ ਗੁਰੂ ਨਾਨਕ ਦੇਵ ਜੀ ਵੀ ਜ਼ੁਲਮ ਤੇ ਜਬਰ ਦੇ ਹਾਲਾਤ ਵਿੱਚ ਪ੍ਰਗਟ ਹੋਏ। ਗੁਰੂ ਪਾਤਸ਼ਾਹ ਨੇ ਦਰਜ ਕੀਤਾ ਹੈ:

ਸਲੋਕੁ ਮ: ੧ ॥
ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਦੀਵੀ ਰਾਹਤ ਦੇਣ ਲਈ ਧਰਤੀ 'ਤੇ ਵੱਸਦੇ ਮਨੁੱਖ ਨੂੰ ਹੀ ਦੇਵਤਾ ਬਣਾਉਣ ਦਾ ਸੰਕਲਪ ਪ੍ਰਗਟ ਕੀਤਾ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦੇਵਤਿਆਂ ਨੂੰ ਅਕਾਲ ਪੁਰਖ ਦੀ ਮੂਰਤ ਹੀ ਬਣਾ ਦਿੱਤਾ, ਭਾਵ ਰੱਬ ਦੇ ਗੁਣ ਪ੍ਰਗਟ ਕਰਕੇ ਮਨੁੱਖਤਾ ਦੀ ਸੇਵਾ ਤੇ ਰਾਖੀ ਲਈ ਖਾਲਸਾ ਪੰਥ ਦੀ ਸਿਰਜਣਾ ਕਰ ਦਿੱਤੀ।



ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਤੇ ਗੁਰੂ ਨਾਨਕ ਦੇਵ ਜੀ ਵੱਲੋਂ ਇਕੱਤਰ ਕੀਤੀ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਰੂਪ ਵਿੱਚ ਇਕੱਤਰ ਕਰ ਦਿੱਤਾ, ਜਿਸ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਵੀ ਰੂਪ ਵਿੱਚ ਗੁਰੂ ਥਾਪ ਦਿੱਤਾ! ਸ਼੍ਰੀ ਗੁਰੂ ਗ੍ਰੰਥ ਸਾਹਿਬ ਇੱਕ ਅਕਾਲ ਪੁਰਖ ਦੀ ਪਰਿਭਾਸ਼ਾ ਤੋਂ ਉਸ ਨਾਲ ਇੱਕਮਿਕ ਹੋਣ ਦਾ ਰਾਹ ਤੇ ਵਿਧੀ ਪ੍ਰਗਟ ਕਰਦੇ ਹਨ, ਕੋਈ ਇਤਿਹਾਸ ਤੇ ਕਹਾਣੀਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਨਹੀਂ ਹਨ।

ਸਿੱਖ ਗੁਰੂ ਸਾਹਿਬਾਨ ਦਾ ਜੀਵਨ-ਇਤਿਹਾਸ ਹਰ ਸਿੱਖ ਲਈ ਪ੍ਰੇਰਨਾਦਾਇਕ ਚਾਨਣ ਮੁਨਾਰਾ ਹੈ, ਜਿਸ ਤੋਂ ਪ੍ਰੇਰਿਤ ਹੋ ਕੇ ਸਿੰਘਾਂ ਨੇ ਬੰਦ-ਬੰਦ ਵੀ ਕਟਵਾਏ ਤੇ ਚਰਖੜੀਆਂ 'ਤੇ ਵੀ ਚੜ੍ਹਦੇ ਰਹੇ ਹਨ।

ਗ਼ਰੀਬ ਦੀ ਰੱਖਿਆ ਤੇ ਜਰਵਾਣੇ ਦੀ ਭੱਖਿਆ ਲਈ ਰਾਜ ਸ਼ਕਤੀ ਵੀ ਜ਼ਰੂਰੀ ਹੈ— ਰਾਜ ਬਿਨਾ ਨਹਿ ਧਰਮ ਚਲੇ ਹੈਂ, ਧਰਮ ਬਿਨਾ ਸਭ ਦਲੇ ਮਲੇ ਹੈਂ। ਇਸ ਦੀ ਪੂਰਤੀ ਲਈ ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸਥਾਪਤ ਕਰਕੇ 1839 ਈ. ਤੱਕ ਖ਼ਾਲਸਾ ਤੇ ਹਲੇਮੀ ਰਾਜ ਦੇ ਸਰਬ-ਸਾਂਝੇ ਰਾਜ ਦਾ ਸੰਕਲਪ ਪੇਸ਼ ਕੀਤਾ।

ਮੁਗ਼ਲਾਂ ਦੇ ਰਾਜ ਵਿੱਚ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਤੇ ਸਿੱਖਾਂ ਨੂੰ ਸ਼ਹੀਦ ਕਰਕੇ ਸਿੱਖ ਧਰਮ ਦਾ ਖੁਰਾ-ਖੋਜ ਮਿਟਾਉਣ ਦਾ ਯਤਨ ਕੀਤਾ ਗਿਆ ਸੀ, ਪਰ ਅੰਗਰੇਜ਼ਾਂ ਨੇ ਇਸ ਮੰਤਵ ਲਈ ਸਿੱਖ ਪੰਥ ਦੇ ਸੁਨਹਿਰੀ ਨਿਯਮਾਂ ਨੂੰ ਸੱਟ ਮਾਰਨ ਦੀ ਨੀਤੀ ਅਪਣਾਈ। ਮਹਾਰਾਜਾ ਦਲੀਪ ਸਿੰਘ ਤੇ ਰਾਜਾ ਹਰਨਾਮ ਸਿੰਘ ਆਹਲੂਵਾਲੀਆ ਨੂੰ ਇਸਾਈ ਬਣਾ ਕੇ ਸਿੱਖਾਂ ਨੂੰ ਇਸ ਧਰਮ ਨੂੰ ਅਪਣਾਉਣ ਲਈ ਸਾਮ, ਦਾਮ, ਦੰਡ, ਭੇਦ ਦਾ ਰਾਹ ਚੁਣਿਆ।

ਕਰੀਬ ਵੀਹ ਸਾਲਾਂ ਵਿੱਚ ਹੀ ਸਿੱਖ ਆਜ਼ਾਦ ਸਿੱਖ ਰਾਜ ਦਾ ਰਾਹ ਹੀ ਭੁੱਲ ਗਏ। ਸਿੱਖ ਰਾਜੇ, ਮਹਾਰਾਜਾ ਬਣਨ ਦਾ ਰਾਹ ਛੱਡ ਕੇ ਅੰਗਰੇਜ਼ ਦੇ ਰਾਜਕੁਮਾਰ ਬਣ ਗਏ।

ਸਿੱਖ ਦਾ ਘਰ ਧਰਮਸ਼ਾਲਾ ਬਣੇ—ਇਹ ਗੁਰਮਤਿ ਹੈ। ਭਾਈ ਚੌਪਾ ਸਿੰਘ ਅੰਕਿਤ ਕਰਦੇ ਹਨ, 'ਪਿੰਡ ਵਿੱਚ ਇੱਕ ਅਸਥਾਨ ਸਾਧੂ ਸੰਗਤ ਕਾ ਬਣਾਵਣਾ, ਜਹਾਂ ਸਾਧੂ ਸੰਗਤ ਇਕੱਤਰ ਹੋਵੇ ਤੇ ਆਇਆ ਗਿਆ ਵਿਸ਼ਰਾਮ ਕਰੇ!' ਇਹ ਸੰਗਤੀ ਰੂਪ ਹੈ। ਪਰ ਸਿੱਖ ਇਤਿਹਾਸਕ ਅਸਥਾਨਾਂ ਨੂੰ ਗੁਰੂ ਘਰ ਦਾ ਰੂਪ ਦੇ ਕੇ ਪੂਜਾ ਅਸਥਾਨ ਤਾਂ ਬਣਾ ਦਿੱਤਾ ਗਿਆ, ਪਰ ਸੰਗਤ ਪਿੰਡ ਪੱਧਰ 'ਤੇ ਇਕੱਤਰ ਹੋਵੇ—ਇਹ ਗੱਲ ਪਿੱਛੇ ਪੈ ਗਈ। ਗੁਰੂ ਘਰਾਂ ਨੂੰ ਇੱਕ ਨਵੀਂ ਪ੍ਰਬੰਧਕੀ ਜਮਾਤ ਦੇ ਹਵਾਲੇ ਕਰ ਦਿੱਤਾ ਗਿਆ ਹੈ, ਜਿਸ ਨਾਲ ਸੰਗਤ ਦੀ ਪੰਥਕ ਫ਼ੈਸਲਿਆਂ ਵਿੱਚ ਭਾਈਵਾਲੀ ਲੋੜ ਤੋਂ ਕਿਧਰੇ ਜ਼ਿਆਦਾ ਘੱਟ ਗਈ ਹੈ।

ਪੰਜ ਪਿਆਰੇ ਸੀਸ ਭੇਟ ਕਰਕੇ ਹੋਂਦ ਵਿੱਚ ਆਏ ਸਨ ਤੇ ਗੁਰੂ ਦੇ ਰਾਹ 'ਤੇ ਚੱਲ ਕੇ ਸ਼ਹੀਦ ਵੀ ਹੋਏ ਸਨ। ਉਹ ਤਨਖ਼ਾਹਦਾਰ ਨਹੀਂ ਸਨ। ਮਿਸਲ ਕਾਲ ਵਿੱਚ ਸਰਬੱਤ ਖਾਲਸਾ ਦੀ ਅਗਵਾਈ ਵੀ ਅਜਿਹੇ ਸਿੰਘ ਹੀ ਕਰਦੇ ਸਨ, ਪਰ ਅੰਗਰੇਜ਼ ਕਾਲ ਦੇ ਸਰਕਾਰੀ ਗੁਰਦੁਆਰਾ ਪ੍ਰਬੰਧਕਾਂ ਨੇ ਪੁਜਾਰੀਆਂ ਤੋਂ ਆਪਣੇ ਪੱਖੀ ਫ਼ੈਸਲੇ ਕਰਵਾ ਕੇ ਇਸ ਨੂੰ ਪੰਜ ਪਿਆਰਿਆਂ ਦੇ ਹੁਕਮ ਵਜੋਂ ਪ੍ਰਚਾਰ ਦਿੱਤਾ। ਇਸ ਕਰਕੇ ਕੌਮੀ ਫ਼ੈਸਲਿਆਂ ਦਾ ਦਾਇਰਾ ਸੀਮਤ, ਵਿਵਾਦਿਤ ਤੇ ਗ਼ੈਰ-ਪਾਰਦਰਸ਼ੀ ਹੋਣ ਲੱਗ ਪਿਆ।

ਚਾਲਬਾਜ਼ ਤੇ ਸਿੱਖ ਸਿਧਾਂਤ-ਵਿਰੋਧੀ ਅੰਗਰੇਜ਼ਾਂ ਨੇ ਸਿੰਘ ਸਭਾ ਲਹਿਰ, ਜੋ ਇਸਾਈਆਂ ਵੱਲੋਂ ਧਰਮ ਪਰਿਵਰਤਨ ਵਿਰੁੱਧ 19ਵੀਂ ਸਦੀ ਦੇ ਅੰਤ ਵਿੱਚ ਸ਼ੁਰੂ ਹੋਈ ਸੀ, ਨੂੰ ਵੀ ਕਮਜ਼ੋਰ ਤੇ ਅਸਰਹੀਣ ਕਰ ਦਿੱਤਾ। ਚੀਫ਼ ਖਾਲਸਾ ਦੀਵਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਵੀ ਮੁੱਢ ਤੋਂ ਹੀ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੀ ਜ਼ਿੰਮੇਵਾਰੀ ਛੱਡ ਕੇ ਗੁਰਦੁਆਰਾ ਸਾਹਿਬਾਨ ਨੂੰ ਰਾਜਨੀਤੀ ਦੀ ਪੌੜੀ ਬਣਾ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਰਹੇ ਹਨ ਪਰ ਅੱਜ ਇਨ੍ਹਾਂ ਦੀ ਸਥਿਤੀ 'ਨਾ ਖ਼ੁਦਾ ਹੀ ਮਿਲਾ ਨਾ ਵਿਸਾਲ-ਏ-ਸਨਮ' ਵਾਲੀ ਹੈ; ਗੁਰਦੁਆਰਾ ਪ੍ਰਬੰਧ ਕਮਜ਼ੋਰ ਹੋ ਗਿਆ ਤੇ ਸਿੱਖ ਰਾਜਨੀਤੀ ਵੀ ਹਾਸ਼ੀਏ 'ਤੇ ਚਲੀ ਗਈ ਹੈ।ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਅੰਗਰੇਜ਼-ਪੱਖੀ ਸਿੱਖ ਆਗੂਆਂ ਨੇ ਲੱਖਾਂ ਸਿੱਖਾਂ ਨੂੰ ਪਹਿਲੀ ਤੇ ਦੂਜੀ ਵਿਸ਼ਵ ਜੰਗ ਵਿੱਚ ਅੰਗਰੇਜ਼ ਰਾਜ ਦੀ ਮਜ਼ਬੂਤੀ ਲਈ ਸ਼ਹੀਦ ਕਰਵਾ ਦਿੱਤਾ ਸੀ। ਅੰਗਰੇਜ਼-ਵਿਰੋਧੀ ਤੇ ਕਾਂਗਰਸ-ਪੱਖੀਆਂ ਨੇ ਕਈ ਹਜ਼ਾਰ ਸਿੱਖਾਂ ਨੂੰ ਅੰਗਰੇਜ਼ ਹਕੂਮਤ ਦੀਆਂ ਗੋਲੀਆਂ ਤੇ ਫਾਂਸੀਆਂ 'ਤੇ ਚੜ੍ਹਾ ਕੇ ਸ਼ਹੀਦ ਕਰਵਾ ਦਿੱਤਾ ਸੀ। ਪਰ ਆਜ਼ਾਦੀ ਸਮੇਂ ਖਾਲਸਾ ਰਾਜ ਦੀ ਰਾਜਧਾਨੀ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਗੁਰੂ ਘਰਾਂ ਦੀ ਗੱਲ ਹੀ ਨਹੀਂ ਕੀਤੀ, ਨਾ ਹੀ ਰਾਜਕੁਮਾਰੀ ਬੰਬਾ ਤੇ ਸੋਫ਼ੀਆ ਨੂੰ ਮਹਾਰਾਜਾ ਦਲੀਪ ਸਿੰਘ ਦੇ ਵਾਰਸ ਵਜੋਂ ਧਿਰ ਹੀ ਬਣਾਇਆ ਗਿਆ।

ਅੰਗਰੇਜ਼ਾਂ ਨੇ 1935 ਈ. ਵਿੱਚ ਹੀ ਵੱਖਰੀਆਂ ਵੋਟਾਂ ਦਾ ਅਧਿਕਾਰ ਦੇ ਕੇ ਵੱਖਰੀ ਕੌਮ ਵਜੋਂ ਮਾਨਤਾ ਦਿੱਤੀ ਸੀ, ਭਾਰਤ ਦਾ ਸੰਵਿਧਾਨ ਵੀ ਸਿੱਖ ਕੌਮ ਨੂੰ ਵੱਖਰੀ ਕੌਮ ਵਜੋਂ ਮਾਨਤਾ ਦਿੰਦਾ ਹੈ। ਫਿਰ ਇਹ ਮੁੱਦਾ ਕਿਵੇਂ ਹੈ? ਸਿੱਖ ਪਾਰਲੀਮੈਂਟ ਮੈਂਬਰਾਂ ਨੇ ਵੱਖਰੇ ਸਿੱਖ ਸਿਵਲ ਕਾਨੂੰਨ ਦਾ ਬਿੱਲ ਤੇ ਖਰੜਾ ਅਜੇ ਤੱਕ ਪੇਸ਼ ਕਿਉਂ ਨਹੀਂ ਕੀਤਾ?

ਕੂਟਨੀਤੀ ਵਿੱਚ ਦੂਰ-ਅੰਦੇਸ਼ੀ ਦੀ ਘਾਟ ਕਾਰਨ ਆਜ਼ਾਦੀ ਸਮੇਂ ਕਾਂਗਰਸ ਪਾਰਟੀ ਕੋਲੋਂ ਪੰਜਾਬ ਤੇ ਪੰਜਾਬੀ ਲਈ ਕੁਝ ਵੀ ਪ੍ਰਾਪਤ ਨਹੀਂ ਕਰ ਸਕੇ, ਕੀ ਹੁਣ ਕੇਵਲ ਵੋਟਾਂ ਲਈ ਤਾਂ ਗੁਮਰਾਹ ਨਹੀਂ ਕਰ ਰਹੇ?

ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪੰਥ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਚੰਗੇ ਪ੍ਰਚਾਰਕਾਂ ਤੇ 'ਮੈਂ ਮਰਾਂ ਪੰਥ ਜੀਵੇ' ਦੀ ਸੋਚ ਵਾਲੇ ਆਗੂਆਂ ਦੀ ਘਾਟ ਕਾਰਨ ਕਮਜ਼ੋਰ ਨਜ਼ਰ ਆਉਂਦਾ ਹੈ, ਪਰ ਕੌਮ ਜੇਕਰ ਹਿੰਮਤ ਕਰੇ ਤੇ ਜੁੜ ਬੈਠੇ ਤਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 'ਉਦੈ ਅਸਤ ਖ਼ਾਲਸਾ ਜੀਤਾ' ਦਾ ਬਚਨ ਸਹਿਜੇ ਹੀ ਪੂਰਾ ਹੋ ਸਕਦਾ ਹੈ। ਗੱਲ ਕੇਵਲ 'ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈ ਸਾਰਾ' 'ਤੇ ਅਮਲ ਕਰਨ ਦੀ ਹੈ।ਪਰ ਅੱਜ ਸਥਿਤੀ ਇਹ ਹੈ ਕਿ ਸਿੱਖ ਧਰਮ ਨੂੰ ਢਾਹ ਲੱਗ ਰਹੀ ਹੈ, ਵਿਦੇਸ਼ੀ ਧਰਮ ਦੇ ਮਿਸ਼ਨਰੀ ਗੁਰੂ ਸਾਹਿਬਾਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਬਾਰੇ ਹੀ ਸ਼ੰਕੇ ਖੜ੍ਹੇ ਕਰ ਰਹੇ ਹਨ।ਸਿੱਖੀ ਦੇ ਭੇਸ ਵਿੱਚ ਕਾਮਰੇਡਾਂ ਦੀ ਘੁਸਪੈਠ ਨੇ ਗੁਰੂ ਨਾਨਕ ਦੇਵ ਜੀ ਦੇ 'ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥' ਦੀ ਜੀਵਨ-ਜਾਚ ਵਾਲਿਆਂ ਦੇ ਹੱਥ ਵਿੱਚ 'ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ' ਲਈ ਹਥਿਆਰ ਫੜਾ ਦਿੱਤੇ ਹਨ। ਇਸੇ ਕਾਰਨ ਦੇਵਤੇ ਖੋਹਾਂ ਕਰਦੇ ਉਗਰਵਾਦੀ ਜਾਂ ਖਾੜਕੂ ਨਜ਼ਰ ਆਉਣ ਲੱਗ ਪਏ ਹਨ।ਰਾਜਨੀਤੀ ਵਿੱਚ ਪਾਰਲੀਮੈਂਟ, ਰਾਜ ਅਸੈਂਬਲੀਆਂ, ਕਾਰਜਪਾਲਿਕਾ ਤੇ ਜੁਡੀਸ਼ਰੀ ਸੰਸਥਾਵਾਂ ਦੇ ਉੱਚ ਅਹੁਦਿਆਂ 'ਤੇ ਗੁਰਮਤਿ ਵਿੱਚ ਪਰਪੱਕ ਦਸਤਾਰਧਾਰੀ ਅਲੋਪ ਹੋ ਚੁੱਕੇ ਲੱਗਦੇ ਹਨ।

(ਬਾਕੀ ਸਫ਼ਾ 27 'ਤੇ)

# ਸਿੱਖ ਪੰਥ ਦਾ ਜਰਨੈਲ ਸ਼ਹੀਦ ਭਾਈ ਉਦੈ ਸਿੰਘ



ਬਹਾਦਰ ਸਿੰਘ ਗੋਸਲ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸਿਰਲੱਥ, ਧਰਮ ਅਤੇ ਕੌਮ ਲਈ ਮਰ-ਮਿਟਣ ਵਾਲੇ ਯੋਧਿਆਂ ਦੀ ਫ਼ੌਜ ਸੀ। ਬਹੁਤ ਸਾਰੇ ਸਿੰਘ ਆਪਣੇ ਵਿਲੱਖਣ ਗੁਣਾਂ ਕਰਕੇ ਜਾਣੇ ਜਾਂਦੇ ਸਨ। ਅਜਿਹੇ ਹੀ ਯੋਧਿਆਂ ਵਿੱਚ ਭਾਈ ਉਦੈ ਸਿੰਘ ਦਾ ਨਾਂਅ ਆਉਂਦਾ ਹੈ, ਜਿਨ੍ਹਾਂ ਦਾ ਜਨਮ 27 ਅਕਤੂਬਰ, 1665 ਨੂੰ ਪਿਤਾ ਭਾਈ ਮਨੀ ਸਿੰਘ ਅਤੇ ਮਾਤਾ ਬੀਬੀ ਸੀਤੋ ਬਾਈ ਦੇ ਘਰ ਹੋਇਆ। ਭਾਈ ਮਨੀ ਸਿੰਘ ਜੀ ਦੇ ਦਸ ਸਪੁੱਤਰ ਸਨ ਬਚਿੱਤਰ ਸਿੰਘ, ਚਿੱਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖ਼ਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ ਤੇ ਦੇਸਾ ਸਿੰਘ ਸਨ। ਭਾਈ ਉਦੈ ਸਿੰਘ ਉਨ੍ਹਾਂ ਪੰਜ ਪੁੱਤਰਾਂ 'ਚ ਸ਼ਾਮਿਲ ਸਨ, ਜਿਨ੍ਹਾਂ ਨੂੰ ਦਸਮ ਪਿਤਾ ਦੀ ਸੇਵਾ ਲਈ ਭੇਟ ਕੀਤਾ ਗਿਆ ਸੀ। ਭਾਈ ਬਚਿੱਤਰ ਸਿੰਘ ਤੇ ਭਾਈ ਉਦੈ ਸਿੰਘ ਬਹੁਤ ਸਮਾਂ ਅਨੰਦਪੁਰ ਸਾਹਿਬ ਹੀ ਰਹੇ ਤੇ ਉਨ੍ਹਾਂ ਦਾ ਵਿਆਹ 2 ਮਾਰਚ, 1693 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਹੋਇਆ। ਭਾਈ ਉਦੈ ਸਿੰਘ ਬਹੁਤ ਦਲੇਰ, ਜੰਗਜੂ ਤੇ ਜੰਗੀ ਕਰਤੱਵਾਂ 'ਚ ਨਿਪੁੰਨ ਸਨ। ਉਹ ਤੀਰਅੰਦਾਜ਼ੀ ਤੇ ਤਲਵਾਰਬਾਜ਼ੀ ਦੇ ਮਾਹਰ ਸਨ।ਉਨ੍ਹਾਂ ਦੀ ਬਹਾਦਰੀ ਦੇ ਜੀਵਨ ਬਿਰਤਾਂਤ 'ਚ ਦੱਸਿਆ ਜਾਂਦਾ ਹੈ ਕਿ 9 ਮਾਰਚ, 1696 ਨੂੰ ਉਨ੍ਹਾਂ ਨੇ ਇੱਕ ਸ਼ੇਰ ਨੂੰ ਮਾਰ ਦਿੱਤਾ ਸੀ ਤੇ ਇਸ ਬਾਰੇ ਦਸਮ ਪਿਤਾ ਨੂੰ ਉਨ੍ਹਾਂ ਨੇ ਆਪ ਜਾ ਕੇ ਦੱਸਿਆ। ਇਸੇ ਤਰ੍ਹਾਂ ਜਦੋਂ ਦੋ ਪਹਾੜੀ ਰਾਜਿਆਂ ਬਲੀਆ ਚੰਦ ਤੇ ਆਲਮ ਚੰਦ ਨੇ ਸੈਨਿਕਾਂ ਨਾਲ ਗੁਰੂ ਜੀ 'ਤੇ ਹਮਲਾ ਕੀਤਾ ਤਾਂ ਉਸ ਸਮੇਂ ਭਾਈ ਉਦੈ ਸਿੰਘ ਤੇ ਆਲਮ ਸਿੰਘ ਨੇ ਬਾਕੀ ਸਿੱਖਾਂ ਨਾਲ ਮਿਲ ਕੇ ਇੱਕ ਲੜਾਈ 'ਚ ਦੋਵਾਂ ਨੂੰ ਜ਼ਖ਼ਮੀ ਕਰਕੇ ਭੱਜਣ ਲਈ ਮਜਬੂਰ ਕੀਤਾ।ਲੇਖਕ ਡਾ. ਗੁਰਚਰਨ ਸਿੰਘ ਔਲਖ ਲਿਖਦੇ ਹਨ ਕਿ 30 ਮਾਰਚ, 1699 ਨੂੰ ਭਾਈ ਉਦੈ ਨੇ ਵਿਸਾਖੀ ਵਾਲੇ ਦਿਨ ਆਪਣੇ ਪਿਤਾ ਤੇ ਭਰਾਵਾਂ ਨਾਲ ਤੀਜੇ ਜਥੇ ਵਿੱਚ ਅੰਮ੍ਰਿਤ ਛਕਿਆ।ਉਸ ਤੋਂ ਬਾਅਦ ਭਾਈ ਉਦੈ ਸਿੰਘ ਨੇ ਹਰ ਜੰਗੀ ਝੜਪਾਂ ਤੇ ਯੁੱਧਾਂ 'ਚ ਹਿੱਸਾ ਲਿਆ। ਭਾਈ ਉਦੈ ਸਿੰਘ ਨੇ ਕਈ ਲੜੀਆਂ ਲੜਾਈਆਂ। ਉਨ੍ਹਾਂ ਦੇ ਯੁੱਧ-ਕਾਰਨਾਮਿਆਂ ਦੀਆਂ ਕਈ ਸਾਖੀਆਂ ਪ੍ਰਸਿੱਧ ਹਨ। ਸਿੱਖ ਇਤਿਹਾਸ ਅਨੁਸਾਰ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਬਾਅਦ ਜਦੋਂ ਪੋਠੋਹਾਰ ਵਲੋਂ ਆ ਰਹੀ ਸੰਗਤ ਨੂੰ ਰਸਤੇ ਵਿੱਚ ਪਿੰਡ ਨੂਹ ਦੇ ਰੰਘੜਾਂ ਨੇ ਲੁੱਟ ਲਿਆ ਤਾਂ ਰੰਘੜਾਂ 'ਤੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਨੇ ਹਮਲਾ ਕਰ ਉਨ੍ਹਾਂ ਦੇ ਆਗੂ ਨੂੰ ਫੜ ਕੇ ਅਨੰਦਪੁਰ ਸਾਹਿਬ ਲਿਆਂਦਾ ਸੀ।ਭਾਈ ਉਦੈ ਸਿੰਘ ਨੇ 1700 ਈ. 'ਚ ਵੀ ਅਨੰਦਪੁਰ ਸਾਹਿਬ 'ਤੇ ਹੋਏ ਹਮਲੇ ਸਮੇਂ ਬਹਾਦਰੀ ਦੇ ਜੌਹਰ ਦਿਖਾਏ। ਜਦੋਂ ਦੁਸ਼ਮਣਾਂ ਨੇ 30 ਅਗਸਤ ਨੂੰ ਕਿਲ੍ਹਾ ਫ਼ਤਹਿਗੜ੍ਹ 'ਤੇ ਹਮਲਾ ਕੀਤਾ, ਫਿਰ ਹਾਰ ਖਾਣ ਦੇ ਬਾਵਜੂਦ 31 ਅਗਸਤ ਨੂੰ ਅੰਗਮਗੜ੍ਹ 'ਤੇ ਹਮਲਾ ਕੀਤਾ। ਫਿਰ ਇਸੇ ਕੜੀ ਵਿੱਚ ਕਿਲ੍ਹਾ ਅਨੰਦਗੜ੍ਹ 'ਤੇ ਹਮਲਾ ਕੀਤਾ, ਜਿਸ ਦੀ ਅਗਵਾਈ ਪਹਿਲੀ ਸਤੰਬਰ ਨੂੰ ਕੇਸਰੀ ਚੰਦ ਜਸਵਾਲੀਆ ਕਰ ਰਿਹਾ ਸੀ, ਇੱਥੇ ਵੀ ਭਾਈ ਉਦੈ ਸਿੰਘ ਨੇ ਆਪਣੀ ਵੀਰਤਾ ਦਿਖਾਈ। ਇਸੇ ਤਰ੍ਹਾਂ ਜਦੋਂ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਨੇ ਗੁਰੂ ਜੀ ਤੋਂ ਅਨੰਦਪੁਰ ਸਾਹਿਬ ਖਾਲੀ ਕਰਵਾਉਣ ਲਈ ਜ਼ੋਰ ਪਾਇਆ, ਪਰ ਤਿੰਨ ਹਮਲਿਆਂ ਵਿੱਚ ਬੁਰੀ ਤਰ੍ਹਾਂ ਹਾਰ ਖਾ ਕੇ ਵੀ ਉਨ੍ਹਾਂ ਅਨੰਦਪੁਰ ਸਾਹਿਬ ਨੂੰ ਘੇਰਾ ਪਾਈ ਰੱਖਿਆ। ਫਿਰ ਕੇਸਰੀ ਚੰਦ ਨੇ ਸਲਾਹ ਦੇ ਕੇ ਕਿਲ੍ਹਾ ਲੋਹਗੜ੍ਹ 'ਤੇ ਹਮਲਾ ਕਰਨ ਲਈ ਮਸਤ ਹਾਥੀ ਨੂੰ ਭੇਜਿਆ, ਜਿਸ ਦਾ ਮੁਕਾਬਲਾ ਭਾਈ ਬਚਿੱਤਰ ਸਿੰਘ ਨੇ ਅਦਭੁੱਤ ਬਹਾਦਰੀ ਨਾਲ ਕੀਤਾ। ਉਸ ਸਮੇਂ ਭਾਈ ਉਦੈ ਸਿੰਘ ਨੇ ਕੇਸਰੀ ਚੰਦ ਨੂੰ ਵੰਗਾਰਿਆ। ਕੇਸਰੀ ਚੰਦ ਨੇ ਉਦੈ ਸਿੰਘ ਵੱਲ ਤੀਰ ਚਲਾਇਆ, ਜੋ ਘੋੜੇ ਦੀ ਕਾਠੀ ਨੂੰ ਛੂਹ ਕੇ ਲੰਘ ਗਿਆ। ਉਦੈ ਸਿੰਘ ਨੇ ਮੌਕਾ ਸੰਭਾਲ ਕੇ ਕੇਸਰੀ ਚੰਦ ਦਾ ਸਿਰ ਲਾਹ ਦਿੱਤਾ ਤੇ ਉਸ ਸਿਰ ਨੂੰ ਬਰਛੇ 'ਤੇ ਟੰਗ ਕੇ ਫ਼ਤਹਿ ਦਾ ਜੈਕਾਰਾ ਲਾਉਂਦੇ ਹੋਏ ਕਿਲ੍ਹੇ ਅੰਦਰ ਚਲੇ ਗਏ। ਜਦੋਂ ਪਹਾੜੀ ਹਿੰਦੂ ਰਾਜਿਆਂ ਦੇ ਧੋਖੇ ਕਾਰਨ ਗੁਰੂ ਜੀ ਕੀਰਤਪੁਰ ਤੋਂ ਇੱਕ ਮੀਲ ਦੂਰ ਨਿਰਮੋਹਗੜ੍ਹ ਜਾ ਬਿਰਾਜੇ ਤਾਂ ਰਾਜਾ ਅਜਮੇਰ ਚੰਦ ਤੇ ਕਾਂਗੜੇ ਦੇ ਰਾਜੇ ਨੇ ਨਿਰਮੋਹਗੜ੍ਹ 'ਤੇ ਹਮਲਾ ਕਰ ਦਿੱਤਾ, ਜਿਸ ਦੌਰਾਨ ਗੁਰੂ ਜੀ, ਉਦੈ ਸਿੰਘ, ਬਚਿੱਤਰ ਸਿੰਘ, ਆਲਮ ਸਿੰਘ ਤੇ ਹੋਰ ਸਿੰਘਾਂ ਨੇ ਮੁਕਾਬਲਾ ਕੀਤਾ ਤੇ ਸਿੰਘਾਂ ਦੀ ਜਿੱਤ ਹੋਈ। ਸਿੱਖ ਇਤਿਹਾਸ ਅਨੁਸਾਰ ਇਹ ਲੜਾਈ 8 ਅਕਤੂਬਰ, 1700 ਨੂੰ ਲੜੀ ਗਈ। ਅਗਲੇ ਦਿਨ ਪਹਾੜੀ ਰਾਜਿਆਂ ਨੇ ਮੁਗ਼ਲ ਸੈਨਾ ਨਾਲ ਫਿਰ ਵੱਡਾ ਹਮਲਾ ਕੀਤਾ ਪਰ ਗੁਰੂ ਜੀ ਨੇ ਬਾਸ਼ਾਲੀ ਵੱਲ ਜਾਣ ਦਾ ਫ਼ੈਸਲਾ ਕੀਤਾ। ਗੁਰੂ ਜੀ ਨੇ ਨਾਲ ਭਾਈ ਉਦੈ ਸਿੰਘ, ਆਲਮ ਸਿੰਘ, ਦਇਆ ਸਿੰਘ ਤੇ ਮੋਹਕਮ ਸਿੰਘ 2000 ਸਿੱਖ ਸੈਨਿਕਾਂ ਦੀ ਅਗਵਾਈ ਕਰਦੇ ਜਾ ਰਹੇ ਸਨ। ਬਾਸ਼ਾਲੀ ਕੀਰਤਪੁਰ ਸਾਹਿਬ ਤੇ ਨਿਰਮੋਹਗੜ੍ਹ ਤੋਂ 13-14 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਇੱਥੇ ਵੀ ਰਾਜਾ ਅਜਮੇਰ ਚੰਦ ਨੇ ਭਾਈ ਉਦੈ ਸਿੰਘ ਦਾ ਪਿੱਛਾ ਕਰਨ ਦਾ ਯਤਨ ਕੀਤਾ ਪਰ ਉਸ ਸੂਰਬੀਰ ਨੇ ਤੀਰਾਂ ਤੇ ਗੋਲੀਆਂ ਨਾਲ ਅਜਮੇਰ ਚੰਦ ਦਾ ਮੂੰਹ ਮੋੜ ਦਿੱਤਾ।15 ਮਾਰਚ, 1703 ਨੂੰ ਬੱਸੀ ਕਲਾਂ ਦੇ ਚੌਧਰੀ ਜਬਰ ਬੇਗ ਨੇ ਇੱਕ ਬ੍ਰਾਹਮਣ ਦੀ ਬ੍ਰਾਹਮਣੀ ਆਪਣੇ ਕਬਜ਼ੇ ਵਿੱਚ ਲੈ ਲਈ ਤਾਂ ਉਸ ਬ੍ਰਾਹਮਣ ਵੱਲੋਂ ਗੁਰੂ ਜੀ ਕੋਲ ਫਰਿਆਦ ਕਰਨ 'ਤੇ ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਦੀ ਅਗਵਾਈ ਵਿੱਚ 100 ਸਿੰਘਾਂ ਦਾ ਜਥਾ ਬ੍ਰਾਹਮਣੀ ਨੂੰ ਛੁਡਾਉਣ ਲਈ ਭੇਜਿਆ। ਲੜਾਈ ਵਿੱਚ ਜਬਰ ਜੰਗ ਖ਼ਾਂ ਮਾਰਿਆ ਗਿਆ ਤੇ ਬ੍ਰਾਹਮਣੀ ਨੂੰ ਉਸ ਦੇ ਪਤੀ ਕੋਲ ਪਹੁੰਚਾ ਦਿੱਤਾ ਗਿਆ। ਇਸ ਤੋਂ ਬਾਅਦ ਜਦੋਂ ਦਸਮੇਸ਼ ਪਿਤਾ ਨੇ ਅਨੰਦਪੁਰ ਸਾਹਿਬ ਨੂੰ ਖਾਲੀ ਕਰਕੇ ਰੋਪੜ ਵੱਲ ਨੂੰ ਚਾਲੇ ਪਾਏ ਤਾਂ ਭਾਈ ਦਇਆ ਸਿੰਘ ਤੇ ਭਾਈ ਉਦੈ ਸਿੰਘ ਗੁਰੂ ਜੀ ਦੇ ਅਗਲੇ ਪਾਸੇ ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਸੱਜੇ ਪਾਸੇ ਅਤੇ ਗੁਰੂ ਜੀ ਦੇ ਸਾਹਿਬਜ਼ਾਦੇ ਮਗਰ-ਮਗਰ ਸਨ ਅਤੇ ਭਾਈ ਹਿੰਮਤ ਸਿੰਘ ਬੰਦੂਕਾਂ ਤੇ ਅਸਲ੍ਹੇ ਨਾਲ ਪਿੱਛੇ ਸਨ। ਗੁਰੂ ਜੀ ਦੇ ਹੋਰ ਸੇਵਕਾਂ ਦੀ ਗਿਣਤੀ 500 ਦੱਸੀ ਗਈ ਹੈ। ਜਦੋਂ ਗੁਰੂ ਜੀ ਨਿਰਮੋਹ ਕੋਲ ਪੁੱਜੇ ਤਾਂ ਦੁਸ਼ਮਣਾਂ ਨੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਨੇ ਭਾਈ ਉਦੈ ਸਿੰਘ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਦੀ ਮਦਦ ਲਈ ਭੇਜਿਆ, ਕਿਉਂਕਿ ਉਹ ਨਿਰਭੈ ਯੋਧਾ ਤੇ ਅਨੇਕਾਂ ਖ਼ਤਰਨਾਕ ਲੜਾਈਆਂ ਦਾ ਨਾਇਕ ਸੀ। ਇਤਿਹਾਸਕਾਰ ਭਾਈ ਪਿਆਰ ਸਿੰਘ ਲਿਖਦੇ ਹਨ, 'ਉਦੈ ਸਿੰਘ ਨੇ ਆਪਣੇ ਦਲ ਦੇ ਉਸ ਪਿਛਲੇ ਭਾਗ ਦੀ ਕਮਾਨ ਸਾਹਿਬਜ਼ਾਦਾ ਅਜੀਤ ਸਿੰਘ ਤੋਂ ਸੰਭਾਲ ਲਈ ਅਤੇ ਭਾਰੀ ਫ਼ੌਜ ਦੇ ਨਾਲ ਜੀਅ-ਜਾਨ ਨਾਲ ਲੜੇ। ਕੀਰਤਪੁਰ ਤੋਂ 6 ਕਿਲੋਮੀਟਰ ਦੱਖਣ ਵੱਲ ਇੱਕ ਛੋਟੀ ਟਿੱਬੀ, ਜਿਸ ਨੂੰ ਸ਼ਾਹੀ ਜਾਂ ਸਿਆਹੀ ਟਿੱਬੀ ਕਿਹਾ ਜਾਂਦਾ ਹੈ, ਵਿਖੇ ਆਖਰੀ ਦਮ ਤੱਕ ਲੜਦੇ ਹੋਏ ਭਾਈ ਉਦੈ ਸਿੰਘ ਤੇ ਉਨ੍ਹਾਂ ਦੇ 50 ਸਾਥੀ ਸ਼ਹੀਦ ਹੋ ਗਏ।' ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਈ ਉਦੈ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਤੇ ਨਿਰਭੈਅ ਜਰਨੈਲਾਂ 'ਚੋਂ ਇੱਕ ਸਨ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE





FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377


# ਭਗਤ ਪੂਰਨ ਸਿੰਘ

ਜਿਸ ਮਨੁੱਖ ਦੇ ਮੱਥੇ ਉੱਤੇ ਪ੍ਰਭੂ ਦੀ ਬਖਸ਼ਿਸ਼ ਦੇ ਲੇਖ ਹੋਵੇ, ਉਹ ਪ੍ਰਭੂ ਦੀ ਸੇਵਾ ਭਗਤੀ ਵਿੱਚ ਲੱਗਦਾ ਹੈ। ਜਾਂ ਹੇ ਭਾਈ! ਪ੍ਰਭੂ ਦਾ ਜਿਹੜਾ ਸੇਵਕ ਪ੍ਰਭੂ ਦੀ ਸੇਵਾ ਵਿੱਚ ਲੱਗਦਾ ਹੈ, ਉਹ ਹਰ ਥਾਂ ਪ੍ਰਭੂ ਦਾ ਹੀ ਪਸਾਰਾ ਵੇਖਦਾ ਹੈ।

ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਵਾਲੇ ਵੀ ਉਹਨਾਂ ਗੁਰਮੁਖ ਵਿਚੋਂ ਹੀ ਹੋਏ ਹਨ। ਉਹਨਾਂ ਨੇ ਆਪਣਾ ਸਾਰਾ ਜੀਵਨ ਪਿੰਗਲੇ, ਅਨਾਥਾਂ , ਬੇਸਹਾਰਾ ਦੀ ਨਿਰ ਸੁਆਰਥ ਸੇਵਾ ਵਿੱਚ ਲਗਾਇਆ। ਉਹਨਾਂ ਦੀਆਂ ਸੇਵਾਵਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਹੋਈ ਹੈ। ਦੇਸ਼ ਵਿਦੇਸ਼ ਤੋਂ ਵੀ ਪਿੰਗਲਵਾੜਾ ਅੰਮ੍ਰਿਤਸਰ ਦੀ ਸੇਵਾ ਵਿੱਚ ਯੋਗਦਾਨ ਪਾਇਆ ਜਾਂਦਾ ਹੈ।

ਭਗਤ ਜੀ ਦਾ ਜਨਮ 4 ਜੂਨ 1904 ਵਿੱਚ ਰਾਜੇਵਾਲ (ਰਾਹੋਂ) ਜ਼ਿਲ੍ਹਾ ਲੁਧਿਆਣਾ ਵਿੱਚ ਮਾਤਾ ਮਹਿਤਾਬ ਕੌਰ ਅਤੇ ਪਿਤਾ ਛਿੱਬੂ ਮਲ ਦੇ ਘਰ ਹੋਇਆ। ਉਹਨਾਂ ਨੂੰ ਰਾਮ ਜੀ ਦਾਸ ਨਾਮ ਦਿੱਤਾ ਗਿਆ ਸੀ। ਪਿਤਾ ਜੀ ਸ਼ਾਹੂਕਾਰ ਸਨ। ਭਗਤ ਜੀ ਦੇ ਮਨ ਵਿੱਚ ਆਪਣੀ ਮਾਤਾ ਜੀ ਦੀ ਸ਼ਖਸੀਅਤ ਦਾ ਬੜਾ ਪ੍ਰਭਾਵ ਸੀ। ਜਿਸ ਨਾਹਲ ਆਪ ਜੀ ਦੇ ਮਨ ਵਿੱਚ ਦਯਾ ਸੇਵਾ ਭਾਵਨਾ ਉਤਪੰਨ ਹੋਈ। ਪਿਤਾ ਜੀ ਦਾ ਕਾਰੋਬਾਰ ਖਤਮ ਹੋ ਗਿਆ। ਫਿਰ ਪਿਤਾ ਜੀ ਦੀ ਮੌਤ ਤੋਂ ਬਾਅਦ ਘਰ ਵਿੱਚ ਘੋਰ ਗਰੀਬੀ ਛਾ ਗਈ। ਆਪ ਜੀ ਦੀ ਮਾਤਾ ਜੀ ਨੇ ਘਰੇਲੂ ਨੌਕਰ ਵਜੋਂ ਕੰਮ ਕਰਕੇ ਭਗਤ ਜੀ ਦੀ ਪੜ੍ਹਾਈ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ। ਭਗਤ ਜੀ ਨੂੰ ਹੋਸਟਲ ਭੇਜਿਆ ਤੇ ਖਰਚਾ ਵੀ ਭੇਜਿਆ ਜਾਂਦਾ। ਭਗਤ ਜੀ ਦਸਵੀਂ ਜਮਾਤ ਵਿਚੋਂ ਫੇਲ੍ਹ ਹੋ ਗਏ। ਉਹਨਾਂ ਨੂੰ ਲਾਹੌਰ ਵਾਪਿਸ ਲਿਆਂਦਾ ਗਿਆ, ਇਕ ਸਥਾਨਕ ਸਕੂਲ ਵਿੱਚ ਵੀ ਦਾਖਲ ਕਰਵਾਇਆ ਗਿਆ। ਭਗਤ ਜੀ ਦੀ ਦੁਨਿਆਵੀਂ ਵਿਦਿਆ ਵਿੱਚ ਰੁਚੀ ਨਹੀਂ ਸੀ। ਪਰ ਉਹ ਸਾਹਿਤ ਰਸੀਏ ਸਨ। ਉਹ ਦਿਆਲ ਸਿੰਘ ਲਾਇਬ੍ਰੇਰੀ ਵਿੱਚ ਗਿਆਨ ਪ੍ਰਾਪਤੀ ਲਈ ਘੰਟਿਆਂ ਬੱਧੀ ਕਿਤਾਬਾਂ ਪੜ੍ਹਦੇ ਰਹਿੰਦੇ ਸਨ। ਭਗਤ ਜੀ ਜਵਾਨ ਹੋਏ ਤਾਂ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਗਏ ਤਾਂ ਸਿੱਖ ਬਣ ਗਏ ਅਤੇ ਨਾਉਂ ਹੋ ਗਿਆ ਭਗਤ ਪੂਰਨ ਸਿੰਘ, ਉਹ ਲਾਹੌਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਜਾਂਦੇ ਸਨ। ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਦੇ ਸਨ, ਜਿਵੇਂ ਯਾਤਰੂਆਂ ਲਈ ਸਾਫ਼ ਪਾਣੀ ਦਾ ਪ੍ਰਬੰਧ ਕਰਨਾ, ਦੁੱਧ ਦੇਣ ਵਾਲੇ ਪਸ਼ੂਆਂ ਦੀ ਸੰਭਾਲ ਕਰਦੇ, ਲੰਗਰਾਂ ਵਿੱਚ ਭਾਂਡੇ ਮਾਂਜਦੇ, ਪ੍ਰਸਾਦਾ ਬਣਾਉਂਦੇ, ਲੰਗਰ ਵਰਤਾਉਂਦੇ, ਗੁਰਦੁਆਰਾ ਸਾਹਿਬ ਦਾ ਫਰਸ਼ ਸਾਫ ਕਰਦੇ। ਉਹ ਲਾਹੌਰ ਦੀਆਂ ਗਲੀਆਂ ਦੀ ਵੀ ਸਫਾਈ ਕਰ ਜਾਂਦੇ। ਉਹ ਲਾਵਾਰਸ ਮੁਰਦਿਆਂ ਦਾ ਸਸਕਾਰ ਕਰਦੇ। ਉਹ ਬੇਸਹਾਰਾ ਦੀ ਦੇਖ ਭਾਲ ਕਰਦੇ, ਬਿਮਾਰਾਂ ਨੂੰ ਹਸਪਤਾਲ ਪਹੁੰਚਾਉਣ ਦੀ ਸੇਵਾ ਕਰਦੇ।

ਮਨੁੱਖਤਾ ਦੀ ਸੇਵਾ ਕਰਨਾ ਉਹਨਾਂ ਦੇ ਜੀਵਨ ਦਾ ਮਨੋਰਥ ਬਣ ਗਿਆ ਸੀ। ਉਹਨਾਂ ਦੀ ਸਿੱਖ ਗੁਰੂਆਂ ਦੇ ਉਪਦੇਸ਼ ਵਿੱਚ ਬੜੀ ਸ਼ਰਧਾ ਸੀ। ਉਹ ਇੱਧਰ ਉਧਰ ਘੁੰਮ ਕੇ ਵੇਖਦੇ ਕਿ ਜ਼ਖਮੀਆਂ, ਸਰੀਰਕ ਤੌਰ ਤੇ ਅਪਾਹਜ ਲੋਕਾਂ ਨੂੰ ਲੱਭਦੇ ਅਤੇ ਹਸਪਤਾਲ ਛੱਡ ਆਉਂਦੇ । ਸੰਨ 1924 ਦੀ ਇੱਕ ਰਾਤ ਕੋਈ ਚਾਰ ਕੁ ਸਾਲ ਦਾ ਬੱਚਾ (ਕੌੜ ਨਾਲ ਗ੍ਰਸਤ ਲੜਕੇ ) ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਵਾਜੇ 'ਤੇ ਛੱਡ ਗਿਆ। ਗੁਰਦੁਆਰਾ ਦੇ ਤਤਕਾਲੀ ਮੁੱਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਜੀ ਨੇ ਬੱਚੇ ਨੂੰ ਭਗਤ ਜੀ ਦ ਹਵਾਲੇ ਕਰ ਦਿੱਤਾ। ਭਗਤ ਜੀ ਨੇ ਉਸਦਾ ਨਾਮ ਪਿਆਰਾ ਸਿੰਘ ਰਖਿਆ। ਖੁਦ ਉਸਦਾ ਪਾਲਣ ਪੋਸਣ ਕਰਨ ਦਾ ਫੈਸਲਾ ਕੀਤਾ। ਇਥੋਂ ਹੀ ਪਿੰਗਲਵਾੜਾ ਸਥਾਪਤ ਕਰਨ ਦਾ ਸੰਕਲਪ ਬਣਿਆ।



Bhagat Puran Singh 1902 - 1992

1947 ਵਿੱਚ ਦੇਸ਼ ਦੀ ਵੰਡ ਦਾ ਕਹਿਰ ਟੁੱਟਿਆ ਤਾਂ ਭਗਤ ਜੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਪਹੁੰਚੇ। ਜਿਸ ਵਿੱਚ 25 ਹਜ਼ਾਰ ਤੋਂ ਵੱਧ ਸ਼ਰਨਾਰਥੀ ਸਨ। ਜੋ ਗੰਭੀਰ ਰੂਪ ਵਿੱਚ ਜ਼ਖਮੀ ਸਨ ਤੇ ਆਪਾ ਸੰਭਾਲਣ ਦੇ ਯੋਗ ਨਹੀਂ ਸਨ। ਸਰਕਾਰ ਦੀ ਮਦਦ ਸਮਰੱਥਾ ਤੋਂ ਵੀ ਵਾਂਝੇ ਸਨ। ਭਗਤ ਜੀ ਨੇ ਆਪ ਅੱਗੇ ਹੋ ਕੇ ਜ਼ਖ਼ਮੀਆਂ ਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ।

1958 ਤਕ ਭਗਤ ਜੀ ਕੋਲ ਸੇਵਾ ਕਰਨ ਦਾ ਪੱਕਾ ਟਿਕਾਣਾ ਨਹੀਂ ਸੀ। ਉਹ ਚੀਫ਼ ਖਾਲਸਾ ਦੀਵਾਨ ਦੇ ਬਾਹਰ, ਡਾਕਘਰਾਂ,ਰੇਲਵੇ ਸਟੇਸ਼ਨਾਂ ਅਤੇ ਸਿਵਲ ਸਰਜਨ ਦੇ ਦਫ਼ਤਰਾਂ ਦੇ ਬਾਹਰ ਦਰਖ਼ਤ ਹੇਠ ਸੇਵਾਵਾਂ ਜਾਰੀ ਰੱਖਦੇ ਸਨ। ਅੰਤ 1958 ਵਿੱਚ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੀ ਸਥਾਪਨਾ ਕੀਤੀ। ਜਿਸ ਦਾ ਸਾਲਾਨਾ ਬਜਟ ਉਸ ਸਮੇਂ ਕਰੀਬ 12.5 ਮਿਲੀ ਅਨ ਸੀ। ਇਹ ਸੰਸਥਾ ਤਹਿਸੀਲ ਪੁਰ ਜੀ. ਟੀ. ਰੋਡ ਅੰਮ੍ਰਿਤਸਰ ਹੈ। ਸੰਸਥਾ ਦੇ ਹੋਰ ਕੇਂਦਰ ਜਿਵੇਂ ਅੰਮ੍ਰਿਤਸਰ, ਜਲੰਧਰ, ਸੰਗਰੂਰ, ਮਾਨਾਵਾਲਾ, ਪਲਸੋਰਾ ਅਤੇ ਗੋਇੰਦਵਾਲ ਜਿਨ੍ਹਾਂ ਵਿੱਚ 1200 ਦੇ ਕਰੀਬ ਲਾਵਾਰਸ ਮਰੀਜ਼ ਦਾਖਲ ਹਨ। ਉਹਨਾਂ ਦੀ ਸੇਵਾ ਸੰਭਾਲ ਲਈ ਲੋੜੀਂਦੇ ਕਰਮਚਾਰੀ ਹਮੇਸ਼ਾ ਤਾਇਨਾਤ ਰਹਿੰਦੇ ਹਨ। ਪਿੰਗਲਵਾੜਾ ਦੀਆਂ ਮੁੱਢਲੀ ਡਾਕਟਰੀ ਸਹਾਇਤਾ ਦੇ ਵਾਹਨ ਜੀ ਟੀ ਰੋਡ ਤੇ ਹੁੰਦੇ ਹਾਦਸਿਆਂ ਦੇ ਪੀੜਤਾਂ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਪਿੰਗਲਵਾੜਾ ਦਾ ਇਕ ਬਨਾਵਟੀ ਅੰਗ ਕੇਂਦਰ ਹੈ ਜਿਥੇ ਅੰਗਹੀਣਾਂ ਨੂੰ ਮੁਫ਼ਤ ਬਨਾਵਟੀ ਅੰਗ ਲਗਾਏ ਜਾਂਦੇ ਹਨ। ਬੱਚਿਆਂ ਦੀ ਵਿਦਿਆ ਲਈ ਵਿਦਿਅਕ ਅਦਾਰੇ ਹਨ। ਪਿੰਗਲਵਾੜਾ ਵਿੱਚ ਮਰਨ ਵਾਲਿਆਂ ਦੀ ਲਾਵਾਰਸ ਲਾਸ਼ਾਂ ਨੂੰ ਸਰੀਰ ਵਿਗਿਆਨ ਪੜ੍ਹਾਉਣ ਲਈ ਸਥਾਨਕ ਮੈਡੀਕਲ ਕਾਲਜ ਭੇਜਿਆ ਜਾਂਦਾ ਹੈ।

ਭਗਤ ਪੂਰਨ ਸਿੰਘ ਜੀ ਦੇ ਸੰਪੂਰਨ ਜੀਵਨ ਦੇ ਹੋਰ ਮਹੱਤਵਪੂਰਨ ਪਹਿਲੂਆਂ ਵਿੱਚ ਹੈ ਕਿ ਬਚਪਨ ਵਿੱਚ ਉਹਨਾਂ ਦਾ ਪਰਿਵਾਰ ਗੁਜ਼ਾਰੇ ਲਈ ਪਿੰਡ ਪਿੰਡ ਘੁੰਮਦਾ ਸੀ। ਉਹ ਪਰਵਾਰ ਇਸ ਸਮੇਂ ਵਿੱਚ ਹਿੰਦੂ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਵੀ ਠਹਿਰਦਾ ਰਿਹਾ। ਸਿੱਖ ਗੁਰੂਆਂ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣਨ ਦੀ ਚੋਣ ਕੀਤੀ ਅਤੇ ਨਾਮ ਹੋ ਗਿਆ ਪੂਰਨ ਸਿੰਘ। ਭਗਤ ਜੀ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੇ ਗਿਆਤਾ ਸਨ। ਉਹ ਇਕ ਸ ਸਾਹਿਤਕ ਚਿੰਤਕ ਸਨ। ਆਪਜੀ ਨੇ ਵਾਤਾਵਰਣ , ਪ੍ਰਦੂਸ਼ਨ, ਗਰੀਬੀ , ਬੇਰੁਜ਼ਗਾਰੀ, ਭੁੱਖ ਮਰੀ , ਅਨਪੜ੍ਹਤਾ ਜਿਹੇ ਮੁੱਦਿਆਂ ਨੂੰ ਛੋਹਿਆ ਹੈ। ਉਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ ਮਨੁੱਖ ਦੀ ਸਿਖਿਆ, ਸਿਰਫ਼ ਧਾਰਮਿਕਤਾ ਹੀ ਕੌਮ ਨੂੰ ਉੱਚਾ ਕਰਦੀ ਹੈ, ਪੌਦਾ ਜਾਂ ਨਾਸ਼, ਰਾਹ, ਵੱਧਦੀ ਆਬਾਦੀ ਅਤੇ ਹੋਰ ਬਹੁਤ ਸਾਰੇ ਲੇਖ ਹਨ। ਆਪ ਰੱਦੀ ਕਾਗ਼ਜ਼ਾਂ ਦੇ ਇੱਕ ਪਾਸੇ ਲਿਖਦੇ ਅਤੇ ਪ੍ਰਚਾਰਦੇ ਸਨ ਕਿ ਕਾਗ਼ਜ਼ ਦੀ ਘੱਟ ਵਰਤੋ ਕਰੋ ਨਹੀਂ ਤਾਂ ਜਿਆਦਾ ਰੁੱਖ ਕੱਟੇ ਜਾਣਗੇ। ਆਪ ਇੱਕ ਲੇਖਕ, ਪ੍ਰਕਾਸ਼ਕ, ਵਾਤਾਵਰਣ ਪ੍ਰੇਮੀ ਅਤੇ ਪਰਉਪਕਾਰ ਹੋ ਨਿਬੜੇ ਸਨ।

ਆਪ ਇਕ ਪ੍ਰਮੁੱਖ ਵਾਤਾਵਰਣ ਪ੍ਰੇਮੀ ਅਤੇ ਦਾਰਸ਼ਨਿਕ ਸਨ। ਉਹਨਾਂ ਨੇ ਰੁੱਖ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਵਾਤਾਵਰਣ ਦੇ ਵਿਸ਼ਿਆਂ ਤੇ ਭਾਸ਼ਣ ਕੀਤੇ ਅਤੇ ਸੈਮੀਨਾਰਾਂ ਦਾ ਆਯੋਜਨ ਕੀਤਾ। ਵਾਤਾਵਰਣ ਤੇ ਲਿਖਿਆ ਵੀ ।ਉਹਨਾਂ ਕਈ ਤ੍ਰਿਵੇਣੀ ਦੇ ਰੁੱਖ ਲਗਾਏ ਸਨ।

ਭਗਤ ਪੂਰਨ ਸਿੰਘ ਜੀ ਨੂੰ 1991 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਮਿਲਿਆ, ਜੋ ਉਹਨਾਂ ਸਾਕਾ ਨੀਲਾ ਤਾਰਾ 1984 ਦੀ ਦੁਖਦਾਈ ਘਟਨਾ ਦੇ ਰੋਸ ਵਿੱਚ ਵਾਪਿਸ ਕਰ ਦਿੱਤਾ। ਭਗਤ ਜੀ ਇਕ ਸੰਸਥਾ ਸਨ, ਉਹ ਇਕ ਸੇਵਾ ਸਮਰਪਿਤ ਸਿੱਖ ਸਨ। ਉਹ ਪੁਰਾਤਨ ਪਰੰਪਰਾ ਦੇ ਮਿਸਾਲੀ ਸਿੱਖ ਸਨ। ਉਹਨਾਂ ਨੇ ਵਿਸ਼ਵ ਪੱਧਰ ਤੇ ਆਪਣੇ ਮਾਨਵਵਾਦੀ ਸੇਵਾਵਾਂ ਲਈ ਸਨਮਾਨ ਪ੍ਰਾਪਤ ਕੀਤਾ ਹੈ।

ਆਪ 5 ਅਗਸਤ 1992 ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਹ ਗੁਰਮਤਿ ਆਸ਼ੇ ਅਨੁਸਾਰ ਨਿਰਸੁਆਰਥ ਸੇਵਾ ਲਈ ਹਮੇਸ਼ਾ ਯਾਦ ਰਹਿਣਗੇ। ਉਹਨਾਂ ਦੀ ਵਿਰਾਸਤ ਦੀ ਸੰਭਾਲ ਵਿੱਚ ਡਾਕਟਰ ਬੀਬੀ ਇੰਦਰਜੀਤ ਕੌਰ ਹਨ।



# ਧਰਤੀ ਜੇਡ .ਗਰੀਬ ਨਾ ਕੋਈ...



**ਸੁਖਮੰਦਰ ਸਿੰਘ ਤੂਰ**

ਲੋਕ ਗੀਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਘਰ, ਖੇਤ, ਮੌਸਮ ਦੀ ਗਰਮੀ-ਸਰਦੀ, ਪਸ਼ੂ-ਪੰਛੀ, ਦਰੱਖਤ, ਮੇਲੇ-ਤਿਓਹਾਰ ਅਤੇ ਜਨਮ ਤੋਂ ਲੈ ਕੇ ਮਰਨ ਤੱਕ ਦੀਆਂ ਸੁਖ-ਦੁੱਖ ਦੀਆਂ ਸਭ ਘਟਨਾਵਾਂ ਇਨ੍ਹਾਂ ਲੋਕ ਗੀਤਾਂ ਵਿੱਚ ਮੌਜੂਦ ਹੁੰਦੀਆਂ ਹਨ। ਲੋਕ ਗੀਤ ਕਿਤੇ ਸਾਰੰਗੀ 'ਤੇ ਗਾਇਆ ਜਾਂਦਾ ਹੈ, ਕਿਤੇ ਇੱਕਤਾਰੇ, ਕਿਤੇ ਢੋਲਕ ਅਤੇ ਕਿਤੇ ਘੜੇ ਆਦਿ 'ਤੇ ਗਾਇਆ ਜਾਂਦਾ ਹੈ। ਕਿਤੇ ਚਰਖੇ ਦੀ ਘੂੰ-ਘੂੰ ਉਸ ਵਿੱਚ ਸੁਰਾਂ ਭਰਦੀ ਹੈ ਅਤੇ ਕਿਤੇ ਝਾਂਜਰ ਦੀ ਛਣਕਾਰ ਉਸ ਨੂੰ ਉਭਾਰਦੀ ਹੈ।

ਇਨ੍ਹਾਂ ਲੋਕ ਗੀਤਾਂ ਵਿੱਚ ਆਮ ਤੌਰ 'ਤੇ ਕਿਸੇ ਇੱਕ ਮਨੁੱਖ ਦੀ ਕਹਾਣੀ ਨਹੀਂ ਹੁੰਦੀ। ਇਨ੍ਹਾਂ ਦਾ ਅਸਲੀ ਰੂਪ ਉੱਥੇ ਹੀ ਉੱਭਰਦਾ ਹੈ ਜਿੱਥੇ ਉਹ ਕਿਸੇ ਕੌਮ ਜਾਂ ਸਮੂਹ ਦੀ ਆਵਾਜ਼ ਹੁੰਦੇ ਹਨ। ਕਦੇ-ਕਦੇ ਪਿੰਡਾਂ ਦੇ ਪਿੰਡ ਅਤੇ ਸ਼ਹਿਰਾਂ ਦੇ ਸ਼ਹਿਰ ਕਿਸੇ ਲੋਕ ਗੀਤਾਂ ਦੇ ਇੱਕ ਟੱਪੇ ਵਿੱਚ ਸਾਡੇ ਸਾਹਮਣੇ ਹੂਬਹੂ ਤਸਵੀਰ ਵਾਂਗ ਖਿੱਚੇ ਜਾਂਦੇ ਹਨ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਮਨੁੱਖ ਜਿਸ ਮਿੱਟੀ ਵਿੱਚ ਖੇਡਿਆ, ਕੁੱਦਿਆ ਅਤੇ ਪਲਿਆ ਹੁੰਦਾ ਹੈ ਅਤੇ ਜਿਸ ਮਿੱਟੀ ਨਾਲ ਉਸ ਦਾ ਜੀਵਨ ਮਰਨ ਦਾ ਰਿਸ਼ਤਾ ਹੈ, ਉਸ ਨਾਲ ਉਸ ਦੀ ਇੱਕ ਖਾਸ ਮਮਤਾ ਹੁੰਦੀ ਹੈ। ਇਸੇ ਲਈ ਭਾਰਤ ਦੇ ਲੋਕ ਗੀਤਾਂ ਵਿੱਚ ਅਕਸਰ ਧਰਤੀ ਮਾਤਾ ਦਾ ਪਿਆਰ ਠਾਠਾਂ ਮਾਰਦਾ ਹੈ। ਲੋਕਾਂ ਦੀਆਂ ਰਗਾਂ ਵਿਚਲੇ ਖ਼ੂਨ ਵਾਂਗ ਧਰਤੀ ਦਾ ਪਿਆਰ ਅਣਗਿਣਤ ਪੀੜ੍ਹੀਆਂ ਤੋਂ ਲੋਕਾਂ ਦੇ ਦਿਲਾਂ ਵਿੱਚ ਹੁਲਾਰੇ ਮਾਰਦਾ ਆਇਆ ਹੈ। ਧਰਤੀ ਨਾਲ ਮਨੁੱਖ ਦੀ ਸਭ ਤੋਂ ਵੱਡੀ ਸਾਂਝ ਇਹ ਹੈ ਕਿ ਧਰਤੀ ਤੋਂ ਉਹ ਅੰਨ ਪੈਦਾ ਕਰਦਾ ਆਇਆ ਹੈ। ਇਸ ਲਈ ਸੁਭਾਵਿਕ ਚੰਗੀ ਪੈਦਾਵਾਰ ਦੀ ਸੂਚਨਾ ਦੇਣ ਵਾਲੀ ਹਰਿਆਲੀ ਨਾਲ ਲੱਦੀ ਧਰਤੀ ਨੂੰ ਵੇਖ ਕੇ ਮਨੁੱਖ ਦਾ ਮਨ ਖੁਸ਼ੀ ਨਾਲ ਝੂਮ ਉਠਦਾ ਹੈ।

ਪੰਜਾਬੀ ਗੀਤਾਂ ਵਿੱਚੋਂ ਵੀ ਇਹੀ ਆਵਾਜ਼ ਸੁਣਨ ਨੂੰ ਮਿਲਦੀ ਹੈ;

ਧਰਤੀ ਜੇਡ ਗਰੀਬ ਨਾ ਕੋਈ
ਇੰਦਰ ਜੇਡ ਨਾ ਦਾਤਾ
ਲਛਮਣ ਜੇਡ ਨਾ ਜਾਤੀ ਕੋਈ
ਸੀਤਾ ਜੇਡ ਨਾ ਮਾਤਾ
ਦੁਨੀਆ ਮੀਂਹ ਮੰਗਦੀ
ਰੱਬ ਸਭਨਾਂ ਦਾ ਦਾਤਾ।

(ਅਰਥਾਤ : ਧਰਤੀ ਵਰਗਾ ਗਰੀਬ ਨਹੀਂ, ਇੰਦਰ ਵਰਗਾ ਕੋਈ ਦਾਤਾ ਨਹੀਂ, ਸੀਤਾ ਵਰਗੀ ਕੋਈ ਮਾਤਾ ਨਹੀਂ। ਦੁਨੀਆ ਮੀਂਹ ਮੰਗਦੀ, ਭਗਵਾਨ ਸਭ ਦਾ ਦਾਤਾ ਹੈ।)

ਪੁਰਾਣਾਂ ਦੇ ਅਨੁਸਾਰ ਇੰਦਰ ਹੀ ਮੀਂਹ ਵਰ੍ਹਾਉਂਦਾ ਹੈ।

ਜਦੋਂ ਮੀਂਹ ਨਹੀਂ ਵਸਦਾ ਤਾਂ ਲੋਕ ਗੀਤਾਂ ਵਿੱਚ ਕਾਲ ਦੀ ਤਸਵੀਰ ਸਾਹਮਣੇ ਆਉਂਦੀਹੈ। ਮੁੜ-ਮੁੜ ਇੰਦਰ ਦੇਵਤਾ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ।

ਸਾਡੇ ਦੇਸ਼ ਵਿੱਚ ਜਨਤਾ ਦਾ ਜੀਵਨ ਖੇਤੀ 'ਤੇ ਨਿਰਭਰ ਹੈ। ਇਸੇ ਲਈ ਬਾਰਸ਼ ਸਬੰਧੀ ਗੀਤਾਂ ਵਿੱਚ ਜਨਤਾ ਦੇ ਦਿਲਾਂ ਦੀ ਧੜਕਣ ਸੁਣਾਈ ਦਿੰਦੀ ਹੈ। ਜੀਵਨ ਦੀਆਂ ਖੁਸ਼ੀਆਂ ਤੇ ਉਮੰਗਾਂ ਉਛਲਦੀਆਂ ਹਨ। ਆਸਾਂ ਖਿੜਦੀਆਂ ਹਨ ਤੇ ਮਨੁੱਖ ਦੀ ਸੋਚ ਨਵੇਂ ਰੂਪ ਢਾਲਦੀ ਹੈ।

ਲੋਕ ਗੀਤ ਦੀ ਸ਼ਕਤੀ ਉਸ ਦੀ ਸਾਦਗੀ ਵਿੱਚ ਹੈ। ਇਸੇ ਸਾਦਗੀ ਕਾਰਨ ਲੋਕ ਗੀਤ ਕਦੇ ਪੁਰਾਣਾ ਨਹੀਂ ਹੁੰਦਾ। ਜਿੱਥੇ ਇਸ ਵਿੱਚ ਪਿਛਲੀਆਂ ਪੀੜ੍ਹੀਆਂ ਦੀ ਆਵਾਜ਼ ਸਾਡੇ ਤੱਕ ਪਹੁੰਚਦੀ ਹੈ, ਉੱਥੇ ਇਸ ਵਿੱਚ ਏਨੀ ਲੋਚ ਰਹਿੰਦੀ ਹੈ ਕਿ ਇਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਵੀ ਝੱਟ ਅਪਨਾ ਲੈਂਦੀਆਂ ਹਨ।

ਭਾਰਤੀ ਲੋਕ ਗੀਤਾਂ ਵਿੱਚ ਜਿੱਥੇ ਕੁਦਰਤ ਅੱਗੇ ਸੌ- ਸੌ ਅਰਦਾਸਾਂ ਕੀਤੀਆਂ ਗਈਆਂ ਹਨ, ਉੱਥੇ ਮਨੁੱਖ ਦਾ ਇਹ ਵਿਸ਼ਵਾਸ ਵੀ ਉੱਭਰਦਾ ਹੈ ਕਿ ਉਹ ਔਕੜਾਂ ਤੋਂ ਘਬਰਾ ਕੇ ਹਾਰ ਨਹੀਂ ਮੰਨਦਾ। ਲੋਕ ਗੀਤਾਂ ਵਿੱਚ ਜੀਵਨ ਦੀਆਂ ਖੁਸ਼ੀਆਂ ਤੇ ਉਮੰਗਾਂ ਉਛਲਦੀਆਂ ਹਨ। ਆਸਾਂ ਖਿੜਦੀਆਂ ਹਨ ਅਤੇ ਮਨੁੱਖ ਦੀਆਂ ਸੋਚ/ਉਡਾਰੀਆਂ ਨਵੇਂ ਰੂਪ ਢਾਲਦੀਆਂ ਹਨ। ਜਦੋਂ ਫ਼ਸਲਾਂ ਪੱਕਦੀਆਂ ਹਨ ਤੇ ਨਵੇਂ ਅਨਾਜ ਦੇ ਸੁਨਹਿਰੀ ਸਿੱਟੇ ਲੋਕਾਂ ਨੂੰ ਗੁਦਗਦਾਉਂਦੇਹਨ ਤਦ ਪਿੰਡ ਦੀ ਸੁੱਤੀ ਹੋਈ ਆਤਮਾ ਜਾਗ ਉੱਠਦੀ ਹੈ। ਇਸ ਖ਼ੁਸ਼ੀ ਵਿੱਚ ਵੰਨ-ਸੁਵੰਨੇ ਨਾਚ ਹੁੰਦੇ ਹਨ। ਹਰ ਨਾਚ ਵਿੱਚ ਨਵੇਂ ਪੁਰਾਣੇ ਗੀਤਾਂ ਦੀ ਪਰਖ ਹੁੰਦੀ ਹੈ। ਬਹੁਤ ਸਾਰੇ ਨਵੇਂ ਗੀਤ, ਜਿਨ੍ਹਾਂ ਵਿੱਚ ਇੰਨਾ ਦਮ ਨਹੀਂ ਹੁੰਦਾ ਕਿ ਸਮੇਂ ਦੇ ਪਰਵਾਹ ਅੱਗੇ ਟਿਕ ਸਕਣ, ਪਿੱਛੇ ਰਹਿ ਜਾਂਦੇ ਹਨ, ਪਰ ਕੁਝ ਨਵੇਂ ਗੀਤ ਇੰਨੇ ਜ਼ੋਰਦਾਰ ਹੁੰਦੇ ਹਨ ਕਿ ਉਨ੍ਹਾਂ ਨੂੰ ਕੋਈ ਤਾਕਤ ਦਬਾਅ ਨਹੀਂ ਸਕਦੀ। ਸਾਡੀ ਕੌਮੀ ਆਜ਼ਾਦੀ ਦੀ ਲੜਾਈ ਅਤੇ ਜਨਤਾ ਦੇ ਅੰਦੋਲਨਾਂ ਨਾਲ ਸਬੰਧ ਰੱਖਣ ਵਾਲੇ ਬਹੁਤ ਸਾਰੇ ਲੋਕ ਗੀਤ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਲੋਕਾਂ ਦੇ ਜੀਵਨ ਵਿੱਚ ਰਚ ਗਏ ਹਨ। ਇਸੇ ਵਿਸ਼ੇਸ਼ਤਾ ਕਾਰਨ ਲੋਕ ਗੀਤਾਂ ਵਿੱਚ ਕਦੇ ਪਰੰਪਰਾ ਦੀ ਝਾਕੀ ਮਿਲਦੀ ਹੈ ਤੇ ਉਹ ਧਰਤੀ ਮਾਤਾ ਨਾਲ ਪਿਆਰ ਦਰਸਾਉਂਦੇ ਹਨ ਤੇ ਕਦੇ ਜੀਵਨ ਦੇ ਉਤਰਾਅ-ਚੜ੍ਹਾਅ ਦਾ ਨਕਸ਼ਾ ਸਾਹਮਣੇ ਆਉਂਦਾ ਹੈ।

# ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ...

**ਡਾ. ਇਕਬਾਲ ਸਿੰਘ ਸਕਰੌਦੀ**

ਮਨੁੱਖਾ ਜੀਵਨ ਦੇ ਇਤਿਹਾਸ ਵਿੱਚ ਇੱਕ ਅਜਿਹਾ ਸਮਾਂ ਸੀ, ਜਦੋਂ ਮਨੁੱਖ ਜੰਗਲਾਂ, ਬੇਲਿਆਂ, ਪਹਾੜਾਂ ਦੀਆਂ ਕੁੰਦਰਾਂ ਗੁਫ਼ਾਵਾਂ ਅਤੇ ਰੁੱਖਾਂ ਦੇ ਆਸਰੇ ਆਪਣਾ ਜੀਵਨ ਬਸਰ ਕਰਦਾ ਸੀ। ਉਸ ਸਮੇਂ ਜੰਗਲਾਂ ਬੇਲਿਆਂ ਵਿੱਚ ਪਸ਼ੂਆਂ, ਜਾਨਵਰਾਂ ਸੰਗ ਰਹਿਣ ਕਾਰਨ ਉਸ ਦਾ ਆਪਣਾ ਜੀਵਨ ਵੀ ਪਸ਼ੂਆਂ ਸਮਾਨ ਹੀ ਸੀ। ਉਹ ਆਪਣਾ ਪੇਟ ਫ਼ਲ, ਫੁੱਲ, ਹੋਰ ਜੰਗਲੀ ਜੜੀ ਬੂਟੀਆਂ ਖਾ ਕੇ ਭਰਦਾ ਸੀ। ਭਾਵੇਂ ਕਾਫ਼ੀ ਲੰਮੇ ਸਮੇਂ ਬਾਅਦ ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਪਹਿਲਾਂ ਕੱਚਾ ਮਾਸ ਅਤੇ ਫਿਰ ਹੌਲੀ ਹੌਲੀ ਮਾਸ ਭੁੰਨ ਕੇ ਖਾਂਦਾ ਰਿਹਾ ਹੈ ਪ੍ਰੰਤੂ ਫਿਰ ਵੀ ਉਸ ਦੀ ਬਹੁਤੀ ਗੁਜ਼ਰ ਬਸਰ ਫ਼ਲਾਂ ਅਤੇ ਫੁੱਲਾਂ 'ਤੇ ਹੀ ਨਿਰਭਰ ਸੀ।

ਰੁੱਖ, ਮਨੁੱਖ ਦੀਆਂ ਖਾਣ ਪੀਣ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਇਲਾਵਾ ਉਸ ਨੂੰ ਅਤਿ ਦੀ ਸਰਦੀ, ਗਰਮੀ, ਮੀਂਹ, ਔੜਾਂ ਤੋਂ ਵੀ ਬਚਾਉਂਦੇ ਰਹੇ ਹਨ। ਇਸ ਪ੍ਰਕਾਰ ਰੁੱਖਾਂ ਦੀ ਮਨੁੱਖਾਂ ਨਾਲ ਸਾਂਝ ਬਹੁਤ ਪੁਰਾਣੇ ਸਮੇਂ ਤੋਂ ਚੱਲੀ ਆਉਂਦੀ ਹੈ। ਸ਼ਾਇਦ ਇਸੇ ਕਰਕੇ ਪੰਜਾਬ ਦੇ ਲੋਕ ਸਾਹਿਤ ਵਿੱਚ ਰੁੱਖ ਅਤੇ ਮਨੁੱਖ ਦੀ ਸਾਂਝ ਨੂੰ ਬਹੁਤ ਹੀ ਮੋਹ ਮੁਹੱਬਤ, ਪਿਆਰ ਅਤੇ ਖ਼ੂਬਸੂਰਤੀ ਸਹਿਤ ਚਿੱਤਰਿਆ ਗਿਆ ਹੈ;

* ਰੁੱਖ ਬੋਲ ਨਾ ਸਕਦੇ ਭਾਵੇਂ
ਬੰਦਿਆਂ ਦਾ ਦੁੱਖ ਜਾਣਦੇ।
* ਬਿਰਖਾਂ ਦਾ ਗੀਤ ਸੁਣ ਕੇ
ਮੇਰੀ ਰੂਹ ਵਿੱਚ ਚਾਨਣ ਹੋਇਆ।

ਪੰਜਾਬੀ ਭਾਸ਼ਾ ਦੇ ਪਹਿਲੇ ਮਹਾਨ ਕਵੀ ਬਾਬਾ ਸ਼ੇਖ਼ ਫ਼ਰੀਦ ਜੀ ਨੇ ਦਰਵੇਸ਼ਾਂ ਨੂੰ ਰੁੱਖਾਂ ਵਰਗੇ ਜੇਰੇ ਦੇ ਧਾਰਨੀ ਹੋਣ ਦਾ ਸੰਦੇਸ਼ ਦਿੱਤਾ ਹੈ;

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥

ਪੰਜਾਬੀ ਦੇ ਮਹਾਨ ਸ਼ਾਇਰ ਡਾ. ਸੁਰਜੀਤ ਪਾਤਰ ਦੀਆਂ ਬਹੁਤੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਵਿੱਚ ਰੁੱਖਾਂ, ਫ਼ੁੱਲਾਂ, ਬੂਟਿਆਂ, ਪੱਤਿਆਂ, ਟਾਹਣੀਆਂ, ਕੋਂਪਲਾਂ, ਤਣਿਆਂ, ਜੰਗਲਾਂ ਦੀ ਗੱਲ ਕੀਤੀ ਗਈ ਹੈ;

ਮੈਂ ਕਿਹਾ ਰੁੱਖ ਨੂੰ ਕੋਈ ਨਜ਼ਮ ਸੁਣਾ
ਡਾਲੀ ਡਾਲੀ 'ਚੋਂ ਪੁੰਗਰੇ ਹਰਫ਼ ਹਰੇ।

ਪਾਤਰ ਦੀ ਇਹ ਗ਼ਜ਼ਲ ਰੁੱਖਾਂ ਨਾਲ ਬੜੀ ਡੂੰਘੀ ਅਤੇ ਸ਼ਿੱਦਤ ਭਰੀ ਸਾਂਝ ਨੂੰ ਬਿਆਨ ਕਰਦੀ ਹੈ;

ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ
ਅਸੀਂ ਰਹਿ ਗਏ ਬਿਰਖ਼ ਵਾਲੀ ਹਾਅ ਬਣ ਕੇ।
ਪੈੜਾਂ ਤੇਰੀਆਂ 'ਤੇ ਦੂਰ ਦੂਰ ਤੀਕ ਮੇਰੇ ਪੱਤੇ
ਡਿੱਗੇ ਮੇਰੀਆਂ ਬਹਾਰਾਂ ਦਾ ਗੁਨਾਹ ਬਣ ਕੇ।
ਪਿਆ ਅੰਬੀਆਂ ਨੂੰ ਬੂਰ ਸੀ ਕਿ ਕੋਇਲ ਕੂਕ ਪਈ
ਕਿਸੇ ਜਿੰਦ ਬੀਆਬਾਨ ਦੀ ਗਵਾਹ ਬਣ ਕੇ।
ਕਦੇ ਬੰਦਿਆਂ ਦੇ ਵਾਂਗ ਗੱਲ ਕਰਿਆ ਵੀ ਕਰ
ਐਵੇਂ ਲੰਘ ਜਾਨੈਂ ਪਾਣੀ ਕਦੇ ਵਾਅ ਬਣ ਕੇ।
ਜਦੋਂ ਮਿਲਿਆ ਸੀ ਹਾਣ ਦਾ ਸੀ ਸਾਂਵਰਾ ਜਿਹਾ
ਜਦੋਂ ਜੁਦਾ ਹੋਇਆ ਤੁਰ ਗਿਆ ਖ਼ੁਦਾ ਬਣ ਕੇ।

ਰੁੱਖ ਮੁੱਢ ਤੋਂ ਹੀ ਸਾਡੇ ਪੇਂਡੂ ਜਨ ਜੀਵਨ ਦਾ ਧੁਰਾ ਬਣੇ ਰਹੇ ਹਨ। ਚਾਰ-ਪੰਜ ਦਹਾਕੇ ਪਹਿਲਾਂ ਜਦੋਂ ਵੀ ਕਿਤੇ ਪਿੰਡ ਵਿੱਚ ਕੋਈ ਨਵਾਂ ਰਿਸ਼ਤੇਦਾਰ ਆਉਂਦਾ ਤਾਂ ਉਹ ਘਰ ਦਾ ਪਤਾ ਨਿੰਮ ਬੋਹੜ ਅਤੇ ਪਿੱਪਲ ਦੀ ਤ੍ਰਿਵੇਣੀ ਥੱਲੇ ਬੈਠੇ ਵੱਡੇ ਬਜ਼ੁਰਗਾਂ ਤੋਂ ਹੀ ਪੁੱਛਦਾ ਹੁੰਦਾ ਸੀ। ਬਜ਼ੁਰਗ ਵੀ ਉਸ ਨੂੰ ਸਬੰਧਿਤ ਘਰ ਵਿੱਚ ਲੱਗੇ ਰੁੱਖ ਦੀ ਨਿਸ਼ਾਨੀ ਦੱਸ ਕੇ ਘਰ ਦਾ ਪਤਾ ਸਮਝਾ ਦਿੰਦੇ ਸਨ। ਜਦੋਂ ਵੀ ਪਿੰਡ ਵਿੱਚ ਕੋਈ ਫੇਰੀ ਵਾਲਾ ਆਉਂਦਾ ਸੀ ਤਾਂ ਉਹ ਵੀ ਬੋਹੜ ਪਿੱਪਲ ਦੀ ਗੂੜ੍ਹੀ ਛਾਂ ਹੇਠ ਬੈਠ ਕੇ ਆਰਾਮ ਕਰਦਾ ਸੀ, ਕਿਉਂ ਜੋ ਉਨ੍ਹਾਂ ਰੁੱਖਾਂ ਦੀ ਠੰਢੀ ਛਾਂ ਕਿਸੇ ਵੀ ਕੂਲਰ ਤੇ ਏਸੀ ਦੀ ਹਵਾ ਨੂੰ ਮਾਤ ਪਾਉਂਦੀ ਸੀ।



ਘਰਾਂ ਵਿੱਚ ਲੱਗੇ ਨਿੰਮ ਦੇ ਰੁੱਖ ਕਿਸੇ ਦਵਾਈ ਤੋਂ ਘੱਟ ਨਹੀਂ ਸਨ। ਸਿਆਣੇ ਕਹਿੰਦੇ ਸਨ, 'ਜਿਸ ਘਰ ਨਿੰਮ ਦਾ ਰੁੱਖ ਹੋਵੇ, ਉਹ ਘਰ ਰੋਗਾਂ ਤੋਂ ਰਹਿਤ ਹੁੰਦਾ ਹੈ।' ਪਿੰਡ ਵਿੱਚ ਜੇਕਰ ਕਿਸੇ ਨੂੰ ਕੋਈ ਚਮੜੀ ਦਾ ਕੋਈ ਰੋਗ ਹੋ ਜਾਂਦਾ ਤਾਂ ਉਦੋਂ ਸਭ ਤੋਂ ਪਹਿਲਾਂ ਇਹ ਦੇਖਿਆ ਜਾਂਦਾ ਕਿ ਨਿੰਮ ਦਾ ਰੁੱਖ ਕਿਸ ਦੇ ਵਿਹੜੇ ਲੱਗਾ ਹੈ। ਉਸ ਘਰ ਵਿੱਚੋਂ ਲੋਕ ਸਵੇਰ ਵੇਲੇ ਨਿੰਮ ਦੀ ਦਾਤਣ ਵੀ ਤੋੜ ਲਿਆਉਂਦੇ ਸਨ। ਧਰੇਕ ਦੀ ਗੂੜ੍ਹੀ ਸੰਘਣੀ ਛਾਂ ਹੋਣ ਕਾਰਨ ਇਹ ਬਹੁਤੇ ਪੇਂਡੂ ਘਰਾਂ ਦਾ ਸ਼ਿੰਗਾਰ ਬਣਦੀ ਰਹੀ ਹੈ। ਦੁਪਹਿਰ ਵੇਲੇ ਲੋਕ ਅਕਸਰ ਇਨ੍ਹਾਂ ਦੀ ਛਾਂ ਹੇਠ ਬੈਠ ਕੇ ਇੱਕ ਤਾਂ ਤਿੱਖੀ ਧੁੱਪ ਤੋਂ ਬਚਾਅ ਕਰਦੇ ਸਨ, ਦੂਜਾ ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰ ਲੈਂਦੇ ਸਨ। ਜਿਨ੍ਹਾਂ ਘਰਾਂ ਵਿੱਚ ਬੱਕਰੀਆਂ ਰੱਖੀਆਂ ਹੁੰਦੀਆਂ ਸਨ, ਉਨ੍ਹਾਂ ਘਰਾਂ ਵਿੱਚ ਧਰੇਕ ਦਾ ਰੁੱਖ ਵੀ ਜ਼ਰੂਰ ਹੁੰਦਾ ਸੀ। ਇਸੇ ਕਰਕੇ ਧੀਆਂ ਅਤੇ ਧਰੇਕਾਂ ਨੂੰ ਘਰ ਦੇ ਵਿਹੜੇ ਦਾ ਸ਼ਿੰਗਾਰ ਕਿਹਾ ਗਿਆ ਹੈ;

ਧੀਆਂ ਅਤੇ ਧਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ।



ਜੇਕਰ ਕਿਸੇ ਘਰ ਵਿੱਚ ਰੋਟੀ ਖਾਣ ਲਈ ਕੋਈ ਦਾਲ ਸਬਜ਼ੀ ਨਾ ਬਣਾਈ ਗਈ ਹੁੰਦੀ, ਉਹ ਕਿਸੇ ਦੂਜੇ ਘਰੋਂ ਅੰਬੀਆਂ, ਕਿਸੇ ਹੋਰ ਘਰੋਂ ਪੁਦੀਨਾ ਤੋੜ ਕੇ ਚਟਣੀ ਕੁੱਟ ਲੈਂਦੇ ਸਨ। ਇਸ ਪ੍ਰਕਾਰ ਸਾਡੇ ਪੇਂਡੂ ਜਨ ਜੀਵਨ ਵਿੱਚ ਰੁੱਖਾਂ ਨਾਲ ਭਾਈਚਾਰਕ ਸਾਂਝ ਬੜੀ ਪੀਡੀ ਹੁੰਦੀ ਰਹਿੰਦੀ ਸੀ। ਪਰ ਅੱਜ ਦੇ ਸਮੇਂ ਇਹ ਰੁੱਖ ਕੇਵਲ ਸਾਡੇ ਘਰਾਂ ਵਿੱਚੋਂ ਹੀ ਲੋਪ ਨਹੀਂ ਹੋਏ, ਸਗੋਂ ਪਿੰਡਾਂ ਦੀਆਂ ਸਾਂਝੀਆਂ ਥਾਂਵਾਂ ਤੋਂ, ਸ਼ਾਮਲਾਟਾਂ ਵਿੱਚੋਂ, ਖੇਤਾਂ ਵਿੱਚ ਪਾਣੀ ਦੀਆਂ ਮੋਟਰਾਂ ਤੋਂ, ਖਾਲ਼ਾਂ, ਵੱਟਾਂ ਉੱਤੋਂ, ਸਕੂਲਾਂ ਕਾਲਜਾਂ ਵਿੱਚੋਂ, ਸੜਕਾਂ ਕੰਢਿਓਂ, ਕੱਸੀਆਂ, ਸੂਇਆਂ, ਨਹਿਰਾਂ ਦੇ ਕੰਢਿਆਂ ਉੱਤੋਂ ਵੀ ਲੋਪ ਹੁੰਦੇ ਜਾ ਰਹੇ ਹਨ। ਇੱਥੇ ਡਾ. ਸੁਰਜੀਤ ਪਾਤਰ ਦੀ ਇੱਕ ਨਜ਼ਮ ਦੀਆਂ ਹੇਠ ਲਿਖੀਆਂ ਸਤਰਾਂ ਬੜੀਆਂ ਸਾਰਥਕ ਜਾਪਦੀਆਂ ਹਨ;

ਪੰਛੀ ਤਾਂ ਉੱਡ ਗਏ ਨੇ, ਰੁੱਖ ਵੀ ਸਲਾਹਾਂ ਕਰਦੇ
ਚਲੋ ਏਥੋਂ ਚੱਲੀਏ।

ਸੱਚ ਤਾਂ ਇਹ ਹੈ ਕਿ ਅੱਜ ਦਾ ਮਨੁੱਖ ਹੀ ਪ੍ਰਕਿਰਤੀ ਦਾ ਸਭ ਤੋਂ ਖ਼ਤਰਨਾਕ ਦੁਸ਼ਮਣ ਬਣ ਬੈਠਾ ਹੈ। ਸਮੁੱਚੇ ਸਮਾਜ ਵਿੱਚ ਪ੍ਰਦੂਸ਼ਣ ਫੈਲਾਉਣ ਲਈ ਉਹੀ ਸਭ ਤੋਂ ਵੱਧ ਜ਼ਿੰਮੇਵਾਰ ਹੈ। ਮਨੁੱਖ ਨੇ ਆਪਣੀ ਲਾਲਚੀ ਸਵਾਰਥੀ ਪ੍ਰਵਿਰਤੀ ਕਾਰਨ ਅੰਨ੍ਹੇਵਾਹ ਰੁੱਖਾਂ ਦੀ ਕਟਾਈ ਕੀਤੀ ਹੈ, ਹੁਣ ਵੀ ਕੀਤੀ ਜਾ ਰਹੀ ਹੈ। ਸੜਕਾਂ ਚੌੜੀਆਂ ਕਰਨ ਦੇ ਨਾਂ 'ਤੇ ਲੱਖਾਂ ਕਰੋੜਾਂ ਰੁੱਖਾਂ ਉੱਤੇ ਆਰਾ ਫੇਰਿਆ ਜਾ ਰਿਹਾ ਹੈ। ਇਸੇ ਪ੍ਰਕਾਰ ਆਪਣੇ ਸਵਾਰਥਾਂ ਦੀ ਸਿੱਧੀ ਹਿੱਤ ਮਨੁੱਖ ਨੇ ਬੜੀ ਬੇਰਹਿਮੀ ਨਾਲ ਧਰਤੀ ਅੰਦਰਲੇ ਪਾਣੀ ਨੂੰ ਬਾਹਰ ਖਿੱਚ ਲਿਆ ਹੈ ਅਤੇ ਬੜੀ ਬੇਦਰਦੀ ਨਾਲ ਉਸ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਇਸੇ ਕਰਕੇ ਹੁਣ ਪਾਣੀ ਦਾ ਪੱਧਰ ਇੰਨਾ ਹੇਠਾਂ ਚਲਾ ਗਿਆ ਹੈ ਕਿ ਸਥਿਤੀ ਭਿਆਨਕਤਾ ਤੋਂ ਅੱਗੇ ਲੰਘ ਕੇ ਖ਼ਤਰਨਾਕ ਰੂਪ ਅਖ਼ਤਿਆਰ ਕਰਦੀ ਜਾ ਰਹੀ ਹੈ।

ਮਨੁੱਖ ਨੇ ਆਪਣੀ ਸਵਾਰਥੀ ਰੁਚੀ ਕਾਰਨ ਫ਼ਸਲਾਂ ਦਾ ਵਧੇਰੇ ਝਾੜ ਲੈਣ ਲਈ ਵੱਖ-ਵੱਖ ਪ੍ਰਕਾਰ ਦੀਆਂ ਬੇਤਹਾਸ਼ਾ ਜ਼ਹਿਰਾਂ ਛਿੜਕ ਕੇ ਧਰਤੀ ਨੂੰ ਪੂਰੀ ਤਰ੍ਹਾਂ ਪਲੀਤ ਕਰ ਦਿੱਤਾ ਹੈ। ਆਪਣੀ ਇਸੇ ਲਾਲਚੀ ਪ੍ਰਵਿਰਤੀ ਕਾਰਨ ਉਹ ਹਾੜ੍ਹੀ ਸਾਉਣੀ ਦੀ ਫ਼ਸਲ ਵੱਢਣ ਉਪਰੰਤ ਨਾੜ ਨੂੰ ਅੱਗ ਲਾ ਕੇ ਸਾੜਨ ਲੱਗ ਪਿਆ ਹੈ। ਇਸ ਪ੍ਰਕਾਰ ਅੱਗ ਲਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਤਾਂ ਘਟਦੀ ਹੀ ਹੈ, ਇਸ ਦੇ ਨਾਲ ਹੀ ਮਨੁੱਖ ਦੇ ਬਹੁਤ ਸਾਰੇ ਮਿੱਤਰ ਜੀਵ, ਕੀੜੇ ਮਕੌੜੇ ਵੀ ਅੱਗ ਵਿੱਚ ਸੜ ਮਰਦੇ ਹਨ। ਅੱਗ ਲਗਾਏ ਖੇਤਾਂ ਦੇ ਨੇੜੇ ਖੜ੍ਹੇ ਰੁੱਖ ਵੀ ਅੱਗ ਦੇ ਸੇਕ ਨਾਲ ਝੁਲਸ ਜਾਂਦੇ ਹਨ ਅਤੇ ਬਹੁਤ ਜਲਦੀ ਸੜ ਸੁੱਕ ਜਾਂਦੇ ਹਨ। ਹਜ਼ਾਰਾਂ ਲੱਖਾਂ ਪੰਛੀ ਆਲ੍ਹਣਿਆਂ ਸਮੇਤ ਇਸ ਬਲਦੀ ਅੱਗ ਵਿੱਚ ਸੜ ਕੇ ਸੁਆਹ ਹੋ ਜਾਂਦੇ ਹਨ।

ਹੁਣ ਸਵਾਲ ਤਾਂ ਇਹ ਹੈ ਕਿ ਅੱਜ ਦਾ ਮਨੁੱਖ ਇੰਨਾ ਜ਼ਾਲਮ, ਬੇਕਿਰਕ, ਨਿਰਦਈ, ਸੰਵੇਦਨਹੀਣ ਕਿਉਂ ਹੋ ਗਿਆ ਹੈ ? ਉਹ ਆਪ ਹੀ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਬਰਬਾਦੀ ਦੇ ਮੂੰਹ ਕਿਉਂ ਧੱਕ ਰਿਹਾ ਹੈ ? ਜੇਕਰ ਰੁੱਖ ਹੀ ਨਹੀਂ ਰਹਿਣਗੇ ਤਾਂ ਇਸ ਧਰਤੀ ਉੱਤੇ ਕੇਵਲ ਮਨੁੱਖੀ ਜਨ ਜੀਵਨ ਨੂੰ ਹੀ ਨਹੀਂ, ਸਗੋਂ ਹਰੇਕ ਪ੍ਰਾਣੀ ਦੇ ਜਿਊਂਦੇ ਰਹਿਣ ਦੀ ਸੰਭਾਵਨਾ ਹੀ ਖ਼ਤਮ ਹੋ ਜਾਣੀ ਹੈ।

ਇਸ ਲਈ ਆਓ ਆਪਾਂ ਸਾਰੇ ਰਲ ਬੈਠ ਇਸ ਧਰਤੀ ਨੂੰ ਸੋਹਣੀ ਅਤੇ ਹਰਿਆਵਲ ਭਰਪੂਰ ਬਣਾਉਣ ਲਈ ਪ੍ਰਣ ਕਰੀਏ। ਆਪਣੀ ਲਾਲਚੀ ਪ੍ਰਵਿਰਤੀ ਦਾ ਤਿਆਗ ਕਰੀਏ। ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਫ਼ਿਕਰਮੰਦ ਹੋਈਏ। ਘਰ-ਘਰ, ਗਲ਼ੀ-ਗਲ਼ੀ, ਪਿੰਡ-ਪਿੰਡ, ਖੇਤ-ਖੇਤ ਨਵੇਂ ਪੌਦੇ ਲਾ ਕੇ ਭਰ ਦੇਈਏ। ਉਨ੍ਹਾਂ ਨੂੰ ਉਸੇ ਤਰ੍ਹਾਂ ਪਾਲੀਏ, ਜਿਵੇਂ ਅਸੀਂ ਆਪਣੇ ਘਰਾਂ ਅੰਦਰ ਛੋਟੇ ਬੱਚਿਆਂ ਨੂੰ ਪਾਲਦੇ ਹਾਂ। ਆਵਾਰਾ ਪਸ਼ੂਆਂ ਤੋਂ ਉਨ੍ਹਾਂ ਨੂੰ ਬਚਾਈਏ ਅਤੇ ਇਸ ਧਰਤੀ ਨੂੰ ਰਹਿਣ ਜੋਗੀ ਕਰ ਲਈਏ।




# ਚੁਣੌਤੀਪੂਰਨ ਹੈ ਮਹਿਲਾਵਾਂ ਦਾ ਸਿ਼ਫਰ ਤੋਂ ਸਿ਼ਖਰ ਤੱਕ ਦਾ ਸਫ਼ਰ



ਗੁਰਸ਼ਰਨ ਸਿੰਘ ਕੁਮਾਰ

ਅਜੋਕੀ ਔਰਤ ਨਿੱਤ ਨਵੀਂਆਂ ਬੁਲੰਦੀਆਂ ਛੂਹ ਰਹੀ ਹੈ। ਔਰਤ ਦੀ ਇਸ ਉੱਨਤੀ ਦੇਖਣ ਤੋਂ ਪਹਿਲਾਂ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਉਸ ਨੇ ਆਪਣਾ ਸਫ਼ਰ ਕਿੱਥੋਂ ਸ਼ੁਰੂ ਕੀਤਾ। ਭਾਵ ਉਹ ਕਿੱਥੋਂ ਤੁਰੀ ਅਤੇ ਕਿਹੜੀਆਂ ਬਿਖਮ ਸਥਿਤੀਆਂ ਵਿੱਚੋਂ ਹੁੰਦੀ ਹੋਈ ਅੱਜ ਦੇ ਸਥਾਨ ’ਤੇ ਪਹੁੰਚੀ। ਉਸ ਲਈ ਅੱਗੋਂ ਆਉਣ ਵਾਲੀਆਂ ਕਿਹੜੀਆਂ ਚੁਣੌਤੀਆਂ ਹਨ?



ਔਰਤ ਨੇ ਆਪਣੀ ਜ਼ਿੰਦਗੀ ਦਾ ਸਫ਼ਰ ਸਿਫ਼ਰ ਦੇ ਬਿੰਦੂ ਤੋਂ ਵੀ ਹੇਠਾਂ ਤੋਂ ਸ਼ੁਰੂ ਕੀਤਾ। ਆਦਿ ਕਾਲ ਤੋਂ ਹੀ ਔਰਤ ਮਰਦ ਪ੍ਰਧਾਨ ਸਮਾਜ ਦੇ ਜ਼ੁਲਮ ਦਾ ਸ਼ਿਕਾਰ ਹੁੰਦੀ ਰਹੀ ਹੈ। ਪਹਿਲੇ ਸਮੇਂ ਵਿਚ ਔਰਤ ਨੂੰ ਮਨੁੱਖ ਹੀ ਨਹੀਂ ਸੀ ਸਮਝਿਆ ਜਾਂਦਾ। ਉਸ ਨੂੰ ਜਾਇਦਾਦ ਜਾਂ ਭੋਗ ਦੀ ਵਸਤੂ ਸਮਝਿਆ ਜਾਂਦਾ ਸੀ ਜਿਸ ਨੂੰ ਦੂਸਰੇ ਨੂੰ ਉਪਹਾਰ ਦੇ ਰੂਪ ਵਿੱਚ ਦਿੱਤਾ ਜਾ ਸਕਦਾ ਸੀ, ਵੇਚਿਆ ਵੀ ਜਾ ਸਕਦਾ ਸੀ ਅਤੇ ਜੂਏ ਵਿਚ ਹਾਰਿਆ ਵੀ ਜਾ ਸਕਦਾ ਸੀ। ਔਰਤ ਨੂੰ ਪਸ਼ੂ ਦੀ ਤਰ੍ਹਾਂ ਕਿਸੇ ਵੀ ਕਿੱਲੇ ਨਾਲ ਬੰਨ੍ਹ ਦਿੱਤਾ ਜਾਏ ਤਾਂ ਵੀ ਉਹ ਉਫ਼ ਨਹੀਂ ਸੀ ਕਰ ਸਕਦੀ। ਸਮਾਜ ਵਿੱਚ ਉਸ ਦੀ ਕੋਈ ਇੱਛਾ ਨਹੀਂ ਸੀ।

ਅਜਿਹੇ ਹਾਲਾਤ ਵਿੱਚ ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਔਰਤ ਦਾ ਨਵੇਂ ਸਿਰੇ ਤੋਂ ਸਫ਼ਰ ਸ਼ੁਰੂ ਹੋਇਆ। ਉਸ ਨੇ ਅਨੇਕਾਂ ਜ਼ੁਲਮਾਂ ਅਤੇ ਬੇਇਨਸਾਫ਼ੀਆਂ ਨੂੰ ਸਹਾਰਦੇ ਹੋਏ ਆਪਣੀ ਜ਼ਿੰਦਗੀ ਦਾ ਸਫ਼ਰ ਸ਼ੁਰੂ ਕੀਤਾ। ਉਸ ਦਾ ਸਤਰ ਉੱਚਾ ਚੁਕਣ ਲਈ ਸਰਕਾਰ ਅਤੇ ਕੁਝ ਅਗਾਂਹ ਵਧੂ ਲੋਕਾਂ ਨੇ ਵੀ ਹਿੱਸਾ ਪਾਇਆ। ਸਭ ਤੋਂ ਪਹਿਲਾਂ ਔਰਤਾਂ ਖ਼ਿਲਾਫ ਪੁਰਾਣੀਆਂ ਅਤੇ ਗ਼ਲਤ ਰਸਮਾਂ ਨੂੰ ਖ਼ਤਮ ਕਰਨ ਵੱਲ ਧਿਆਨ ਦਿੱਤਾ ਗਿਆ। ਮਹਿਸੂਸ ਕੀਤਾ ਗਿਆ ਕਿ ਧੀਆਂ ਦਾ ਪਾਲਣ ਪੋਸ਼ਣ ਵੀ ਪੁੱਤਰਾਂ ਦੀ ਤਰ੍ਹਾਂ ਲਾਡ ਪਿਆਰ ਨਾਲ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਉੱਚੀ ਵਿਦਿਆ ਦੇ ਕੇ ਆਪਣੇ ਪੈਰਾਂ ’ਤੇ ਖੜ੍ਹਾ ਕਰਨਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਵੱਖਰੀ ਪਛਾਣ ਬਣਾ ਸਕਣ ਅਤੇ ਆਪਣੇ ਪਰਿਵਾਰ ਅਤੇ ਸਮਾਜ ਦੇ ਵਿਕਾਸ ਵਿਚ ਭਰਪੂਰ ਹਿੱਸਾ ਪਾ ਸਕਣ। ਬਾਲੜੀਆਂ ਦੀ ਪੜ੍ਹਾਈ ਲਈ ਉਚੇਚੇ ਉਪਰਾਲੇ ਕੀਤੇ ਗਏ।

ਕਿਹਾ ਗਿਆ ਕਿ ਜੇ ਇੱਕ ਲੜਕੀ ਨੂੰ ਪੜ੍ਹਾ ਲਿਆ ਤਾਂ ਸਮਝੋ ਕਿ ਪੂਰੇ ਖ਼ਾਨਦਾਨ ਹੀ ਪੜ੍ਹਾ ਲਿਆ। ਇਸ ਤਰ੍ਹਾਂ ਭਾਰਤ ਵਿੱਚ ਔਰਤਾਂ ਲਈ ਇੱਕ ਨਵਾਂ ਸਵੇਰਾ ਹੋਇਆ। ਵਿੱਦਿਆ ਨਾਲ ਔਰਤ ਦਾ ਗਿਆਨ ਵਧਿਆ। ਉਸ ਨੂੰ ਆਪਣੀ ਹਸਤੀ ਦਾ ਪਤਾ ਲੱਗਿਆ। ਉਹ ਕਾਫ਼ੀ ਹੱਦ ਤੱਕ ਮਰਦਾਂ ਅਤੇ ਸੱਸਾਂ ਦੀਆਂ ਜ਼ਿਆਦਤੀਆਂ ’ਚੋਂ ਆਜ਼ਾਦ ਹੋਈ। ਉਸ ਨੇ ਘਰ ਦੀ ਚਾਰਦੀਵਾਰੀ ਵਿੱਚੋਂ ਨਿਕਲ ਕੇ ਸਮਾਜ ਵਿਚ ਖੁੱਲ੍ਹ ਕੇ ਵਿਚਰਨਾ ਸ਼ੁਰੂ ਕੀਤਾ ਅਤੇ ਪਰਿਵਾਰ, ਸਮਾਜ ਅਤੇ ਦੇਸ਼ ਦੁਨੀਆ ਦੇ ਵਿਕਾਸ ਵਿੱਚ ਆਪਣਾ ਅਮੁੱਲਾ ਯੋਗਦਾਨ ਪਾ ਕੇ ਦੁਨੀਆ ਨੂੰ ਚਕਾਚੌਂਧ ਕਰ ਦਿੱਤਾ।

ਹੁਣ ਸਮਾਜ ਅਤੇ ਪਰਿਵਾਰ ਵਿੱਚ ਔਰਤ ਦਾ ਦਰਜਾ ਪਹਿਲੇ ਵਾਲਾ ਨਹੀਂ ਰਿਹਾ। ਹੁਣ ਔਰਤ ਮਰਦ ਦੇ ਪੈਰਾਂ ਦੀ ਜੁੱਤੀ ਨਹੀਂ ਰਹੀ ਸਗੋਂ ਉਹ ਜੀਵਨ ਸੰਗਨੀ ਹੈ। ਉਹ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਸਮਾਜ, ਪਰਿਵਾਰ ਅਤੇ ਦੇਸ਼ ਦੀ ਉਨਤੀ ਵਿਚ ਭਰਪੂਰ ਯੋਗਦਾਨ ਪਾ ਰਹੀ ਹੈ। ਉਹ ਮਰਦ ਦੀ ਗ਼ੁਲਾਮ ਨਹੀਂ ਰਹੀ। ਉਸ ਦੀ ਹੋਂਦ ਕੇਵਲ ਰਸੋਈ ਅਤੇ ਹੋਰ ਘਰੇਲੂ ਕੰਮਾਂ ਤੱਕ ਹੀ ਸੀਮਤ ਨਹੀਂ।

ਇਸ ਸਮੇਂ ਕੇਵਲ ਭਾਰਤ ਦੀ ਨਾਰੀ ਨੇ ਹੀ ਆਜ਼ਾਦੀ ਨਹੀਂ ਲਈ ਸਗੋਂ ਦੁਨੀਆ ਭਰ ਦੀਆਂ ਔਰਤਾਂ ਨੇ ਹੀ ਆਪਣੇ ਪੈਰਾਂ ’ਤੇ ਖੜ੍ਹੇ ਹੋ ਕੇ ਆਪਣੀ ਹੋਂਦ ਦਾ ਪ੍ਰਗਟਾਵਾ ਕੀਤਾ ਅਤੇ ਪੁਰਸ਼ ਸਮਾਜ ਨੂੰ ਹੈਰਾਨ ਕਰ ਦਿੱਤਾ। ਅੱਜ ਜ਼ਿੰਦਗੀ ਦਾ ਕੋਈ ਮੁਕਾਮ ਨਹੀਂ ਜਿਸ ਵਿੱਚ ਹਿੱਸਾ ਪਾ ਕੇ ਔਰਤਾਂ ਨੇ ਆਪਣੀ ਸਰਦਾਰੀ ਨਹੀਂ ਦਿਖਾਈ। ਮੁਸ਼ਕਿਲ ਤੋਂ ਮੁਸ਼ਕਿਲ ਜ਼ੋਖ਼ਮ ਭਰੇ ਕੰਮਾਂ, ਜਿਨ੍ਹਾਂ ਵਿੱਚ ਕੇਵਲ ਪੁਰਸ਼ਾਂ ਦੀ ਹੀ ਸਰਦਾਰੀ ਮੰਨੀ ਜਾਂਦੀ ਸੀ, ਵਿੱਚ ਵੀ ਬਰਾਬਰ ਹਿੱਸਾ ਪਾ ਕੇ ਔਰਤਾਂ ਪੁਰਸ਼ਾਂ ਦੇ ਬਰਾਬਰ ਖੜ੍ਹੀਆਂ ਹਨ। ਕਈ ਖਿੱਤਿਆਂ ਵਿੱਚ ਤਾਂ ਅੱਜ ਇਕੱਲੀ ਔਰਤ ਦੀ ਹੀ ਅਜ਼ਾਰੇਦਾਰੀ ਬਣ ਗਈ ਹੈ। ਜਿਵੇਂ ਰਿਸੈਪਸਨਿਸ਼ਟ ਅਤੇ ਨਰਸਰੀ ਸਕੂਲ ਅਧਿਆਪਕ ਆਦਿ। ਅੱਜ ਔਰਤਾਂ ਆਈ.ਏ.ਐੱਸ., ਆਈ.ਐੱਫ.ਐੱਸ. ਅਤੇ ਪੀ.ਸੀ.ਐੱਸ ਦੀਆਂ ਸਭ ਤੋਂ ਉੱਚੀਆਂ ਨੌਕਰੀਆਂ ’ਤੇ ਬਿਰਾਜਮਾਨ ਹਨ। ਉਹ ਫੌਜ, ਪੁਲਿਸ ਅਤੇ ਇੰਜਨੀਅਰਿੰਗ ਦੀਆਂ ਕੁਰਸੀਆਂ ਸੰਭਾਲੀ ਬੈਠੀਆਂ ਹਨ। ਉਹ ਪੁਲਾੜ ਵਿੱਚ ਵੀ ਉਡਾਰੀਆਂ ਲਾ ਰਹੀਆਂ ਹਨ। ਉਹ ਦਰਜੀ, ਮਿਸਤਰੀ ਅਤੇ ਪਲੰਬਰ ਆਦਿ ਦਾ ਕੰਮ ਵੀ ਆਸਾਨੀ ਨਾ ਕਰ ਰਹੀਆਂ ਹਨ। ਉਹ ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਵੀ ਚੁਣੀਆਂ ਜਾ ਕੇ ਦੇਸ਼ ਦੀ ਵਾਗਡੋਰ ਸੰਭਾਲ ਰਹੀਆਂ ਹਨ। ਉਹ ਮੰਤਰੀ ਅਤੇ ਕਈ ਦੇਸ਼ਾਂ ਦੀਆਂ ਪ੍ਰਧਾਨ ਮੰਤਰੀ ਬਣ ਕੇ ਵੀ ਆਪਣੇ ਦੇਸ਼ਾਂ ਦੇ ਲੋਕਾਂ ਦੀ ਸਮੁੱਚੀ ਕਰ ਰਹੀਆਂ ਹਨ।

ਇਸ ਸਭ ਦੇ ਬਾਵਜੂਦ ਵੀ ਅੱਜ ਔਰਤਾਂ ਨੂੰ ਦੂਹਰੀ ਮੁਸ਼ੱਕਤ ਕਰਨੀ ਪੈ ਰਹੀ ਹੈ। ਦਫ਼ਤਰ ਦੇ ਕੰਮ ਦੇ ਨਾਲ ਨਾਲ ਉਨ੍ਹਾਂ ਨੂੰ ਪਰਿਵਾਰ ਦੀ ਵੀ ਸੰਭਾਲ ਕਰਨੀ ਪੈਂਦੀ ਹੈ। ਉਨ੍ਹਾਂ ਲਈ ਮਿਹਨਤ ਜ਼ਿਆਦਾ ਅਤੇ ਆਰਾਮ ਘੱਟ ਹੈ ਪਰ ਹਾਲੀ ਵੀ ਕਈ ਘਟੀਆ ਸੋਚ ਵਾਲੇ ਬੰਦੇ ਆਪਣੀ ਪਤਨੀ ਨੂੰ ਤਾਅਨਾ ਦਿੰਦੇ ਹਨ ਕਿ ਤੂੰ ਸਾਰੀ ਦਿਹਾੜੀ ਕਰਦੀ ਹੀ ਕੀ ਹੈਂ? ਇੱਥੇ ਪੁਰਸ਼ਾਂ ਨੂੰ ਆਪਣੀ ਸੋਚ ਬਦਲ ਕੇ ਆਪਣੀਆਂ ਔਰਤਾਂ ਨਾਲ ਘਰ ਦੇ ਕੰਮਾਂ ਵਿਚ ਸਹਿਯੋਗ ਕਰਨਾ ਚਾਹੀਦਾ ਹੈ।

ਆਪਣੀ ਤਰੱਕੀ ਕਾਰਨ ਔਰਤਾਂ ਨੂੰ ਆਪਣੇ ’ਤੇ ਮਾਣ ਤਾਂ ਜ਼ਰੂਰ ਹੋਣਾ ਚਾਹੀਦਾ ਹੈ ਪਰ ਘਮੰਡ ਨਹੀਂ ਹੋਣਾ। ਪਰਿਵਾਰਕ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ ਰਿਸ਼ਤਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਔਰਤਾਂ ਨੂੰ ਘਰ ਵਿੱਚ ਬਜ਼ੁਰਗ ਸੱਸ ਸਹੁਰੇ ਨੂੰ ਪੂਰਾ ਮਾਣ ਇੱਜ਼ਤ ਦੇਣਾ ਚਾਹੀਦਾ ਹੈ। ਹੰਕਾਰ ਵਿੱਚ ਆ ਕੇ ਕਈ ਔਰਤਾਂ ਆਪਣੇ ਪਤੀ ਨੂੰ ਨੌਕਰ ਸਮਝਦੀਆਂ ਹਨ। ਫਿਰ ਸਾਰੀ ਉਮਰ ਨੌਕਰਾਣੀ ਬਣ ਕੇ ਹੀ ਬਿਤਾਉਂਦੀਆਂ ਹਨ। ਇਸ ਦੇ ਉੱਲਟ ਕਈ ਔਰਤਾਂ ਆਪਣੇ ਪਤੀ ਨੂੰ ਘਰ ਦਾ ਰਾਜਾ (ਮਾਲਕ) ਬਣਾ ਕਿ ਰੱਖਦੀਆਂ ਹਨ। ਫਿਰ ਸਾਰੀ ਉਮਰ ਪਰਿਵਾਰ ਵਿੱਚ ਰਾਣੀ ਬਣ ਕੇ ਰਾਜ ਕਰਦੀਆਂ ਹਨ ਅਤੇ ਸੁੱਖ ਮਾਣਦੀਆਂ ਹਨ। ਉਨ੍ਹਾਂ ਦੇ ਘਰ ਵਿੱਚ ਸਦਾ ਸ਼ਾਤੀ ਰਹਿੰਦੀ ਹੈ। ਬਾਹਰ ਵਾਲਿਆਂ ਨੂੰ ਉਨ੍ਹਾਂ ਦੇ ਘਰੋਂ ਹਾਸੇ ਛਣਕਦੇ ਸੁਣਦੇ ਹਨ।ਹਰ ਕੰਮ ਵਿੱਚ ਸੁਧਾਰ ਦੀ ਗੁੰਜਾਇਸ਼ ਰਹਿੰਦੀ ਹੈ। ਅੱਗੇ ਵਧਣਾ ਹੀ ਜ਼ਿੰਦਗੀ ਦਾ ਨਿਯਮ ਹੈ। ਇਸ ਲਈ ਇਹ ਕਦੀ ਨਹੀਂ ਕਿਹਾ ਜਾ ਸਕਦਾ ਕਿ ਔਰਤ ਨੇ ਅੰਤਿਮ ਮੰਜ਼ਿਲ ਨੂੰ ਛੂਹ ਲਿਆ ਹੈ ਅਤੇ ਹੁਣ ਉਸ ਨੂੰ ਹੋਰ ਅੱਗੇ ਵਧਣ ਦੀ ਜ਼ਰੂਰਤ ਨਹੀਂ। ਪਰਿਵਰਤਨ ਜ਼ਿੰਦਗੀ ਦਾ ਨਿਯਮ ਹੈ। ਸੁਹਜ ਸੁਆਦ ਮਨੁੱਖ ਦੀ ਫਿਤਰਤ ਹੈ। ਇਨ੍ਹਾਂ ਦੋਹਾਂ ਗੱਲਾਂ ਕਰ ਕੇ ਹੀ ਮਨੁੱਖ ਨੇ ਪੱਥਰ ਯੁੱਗ ਤੋਂ ਅੱਜ ਤੱਕ ਦਾ ਸਫ਼ਰ ਤਹਿ ਕੀਤਾ ਹੈ। ਮੰਜ਼ਿਲਾਂ ਤਾਂ ਹੋਰ ਵੀ ਅੱਗੇ ਤੋਂ ਅੱਗੇ ਹਨ। ਹਾਲੀ ਪੁਲਾੜ ਵਿੱਚ ਅਤੇ ਹੋਰ ਖਿੱਤਿਆਂ ਵਿੱਚ ਬਹੁਤ ਖੋਜ ਹੋਣੀ ਹੈ। ਕਈ ਭਿਆਨਕ ਬਿਮਾਰੀਆਂ ਦੇ ਇਲਾਜ ਲੱਭੇ ਜਾਣੇ ਹਨ ਜਿਸ ਵਿੱਚ ਔਰਤਾਂ ਦੀ ਵੱਡੀ ਭਾਗੀਦਾਰੀ ਦੀ ਲੋੜ ਪਵੇਗੀ।





# ਰਸੋਈ ਦੇ ਕੰਮ ਨੂੰ ਕਿਵੇਂ ਆਸਾਨ ਬਣਾਉਣ ਮਹਿਲਾਵਾਂ?

ਆਕਾਸ਼ਦੀਪ ਕੌਰ

ਰਸੋਈ ਵਿੱਚ ਕੰਮ ਕਰਦੇ ਸਮੇਂ ਕਈ ਸਮੱਸਿਆਵਾਂ ਆਉਂਦੀਆਂ ਹਨ ਅਤੇ ਅਕਸਰ ਕਈ ਵਾਰ ਕੰਮ ਲੇਟ ਵੀ ਹੋ ਜਾਂਦਾ ਹੈ। ਜਿਸ ਦਾ ਅਸੀਂ ਕੋਈ ਹੱਲ ਨਹੀਂ ਜਾਣਦੇ ਪਰ ਜੇ ਅਸੀਂ ਥੋੜ੍ਹੀ ਸਮਝਦਾਰੀ ਨਾਲ ਕੰਮ ਕਰੀਏ ਅਤੇ ਕੁਝ ਸੁਝਾਅ ਅਪਣਾਈਏ ਤਾਂ ਰਸੋਈ ਵਿੱਚ ਇਨ੍ਹਾਂ ਪਰੇਸ਼ਾਨ ਕਰਨ ਵਾਲੀਆਂ ਸਮੱਸਿਆਵਾਂ ਨੂੰ ਬਹੁਤ ਹੱਦ ਤੱਕ ਆਸਾਨੀ ਨਾਲ ਦੂਰ ਕੀਤਾ ਜਾ ਸਕਦਾ ਹੈ।

**ਮਟਰਾਂ ਨੂੰ ਲੰਬੀ ਮਿਆਦ ਲਈ ਸਟੋਰ ਕਿਵੇਂ ਕਰੀਏ**

ਮਟਰ ਨੂੰ ਡੇਢ ਮਹੀਨੇ ਤੱਕ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਇਸ ਦੇ ਲਈ ਪਹਿਲਾਂ ਉਨ੍ਹਾਂ ਦੀਆਂ ਫਲੀਆਂ ਨੂੰ ਵੱਖ ਕਰੋ। ਫਿਰ ਉਨ੍ਹਾਂ ਨੂੰ ਏਯਰ ਟਾਇਟ ਕੰਟੇਨਰ ਵਿੱਚ ਭਰੋ ਅਤੇ ਉਨ੍ਹਾਂ ਨੂੰ ਫ੍ਰੀਜ਼ਰ ਵਿੱਚ ਰੱਖੋ। ਇਸ ਤਰ੍ਹਾਂ, ਉਨ੍ਹਾਂ ਵਿੱਚ ਲੰਬੇ ਸਮੇਂ ਤੱਕ ਤਾਜ਼ਗੀ ਬਰਕਰਾਰ ਰਹਿੰਦੀ ਹੈ।

**ਜੇ ਰਾਜ ਮਾਂਹ ਭਿਉਣਾ ਭੁੱਲ ਗਏ ਹੋ ਤਾਂ**

ਜੇ ਤੁਸੀਂ ਰਾਜ ਮਾਂਹ ਭਿਉਣਾ ਭੁੱਲ ਗਏ ਹੋ ਅਤੇ ਇਸ ਨੂੰ ਬਣਾਉਣਾ ਚਾਹੁੰਦੇ ਹੋ, ਤਾਂ ਇੱਕ ਕੁੱਕਰ ਵਿੱਚ ਪਾਣੀ ਅਤੇ ਇੱਕ ਚਮਚ ਨਮਕ ਨਾਲ ਪਕਾਓ ਜਦ ਤੱਕ ਇੱਕ ਸੀਟੀ ਨਾ ਵੱਜ ਜਾਵੇ। ਫਿਰ ਇਸ ਨੂੰ ਠੰਢਾ ਹੋਣ ਦਿਓ ਅਤੇ ਇਸ ਵਿੱਚ ਆਈਸ ਕਿਊਬ ਪਾ ਦਿਓ, ਜੋ ਰਾਜ ਮਾਂਹ ਨੂੰ ਚੰਗੀ ਤਰ੍ਹਾਂ ਪਿਘਲਾ ਦਿੰਦਾ ਹੈ। ਫਿਰ ਪੰਜ ਤੋਂ ਸੱਤ ਮਿੰਟਾਂ ਲਈ ਘੱਟ ਸੇਕ ’ਤੇ ਕੁੱਕਰ ਵਿੱਚ ਦੁਬਾਰਾ ਪਕਾਓ। ਅਜਿਹਾ ਕਰਨ ਨਾਲ ਰਾਜ ਮਾਂਹ ਬਹੁਤ ਚੰਗੇ ਬਣਦੇ ਹਨ।

**ਚਾਵਲ ਦਾ ਪਾਣੀ**

ਜੇ ਉਬਾਲਦੇ ਸਮੇਂ ਬਹੁਤ ਸਾਰਾ ਚਾਵਲ ਦਾ ਪਾਣੀ ਬਚ ਜਾਂਦਾ ਹੈ, ਤਾਂ ਇੱਕ ਬ੍ਰੈੱਡ ਪਾ ਦਿਓ। ਗੈਸ ਬੰਦ ਹੋਣ ਤੋਂ ਬਾਅਦ ਵੀ ਕੁਝ ਸਮੇਂ ਲਈ ਬ੍ਰੈੱਡ ਨੂੰ ਉਸੇ ਵਿੱਚ ਛੱਡ ਦਿਓ। ਜੇ ਤੁਸੀਂ ਚਾਹੋ ਤਾਂ ਬਾਅਦ ਵਿੱਚ ਇਸ ਬ੍ਰੈੱਡ ਨੂੰ ਖਾ ਵੀ ਸਕਦੇ ਹੋ।

**ਜਦੋਂ ਸੇਬ ਕੱਟਣ ਤੋਂ ਬਾਅਦ ਕਾਲੇ ਹੋ ਜਾਂਦੇ ਹਨ**

ਸੇਬ ਅਕਸਰ ਕੱਟਣ ਤੋਂ ਥੋੜ੍ਹੀ ਦੇਰ ਬਾਅਦ ਕਾਲੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਦੇ ਲਈ ਉਨ੍ਹਾਂ ਨੂੰ ਕੱਟਣ ਤੋਂ ਬਾਅਦ ਠੰਢੇ ਪਾਣੀ ’ਚ ਨਿੰਬੂ ਅਤੇ ਨਮਕ ਮਿਲਾ ਕੇ ਪਾਓ ਅਤੇ ਕੱਢ ਲਓ। ਇਹ ਉਪਾਅ ਕੱਟੇ ਹੋਏ ਸੇਬਾਂ ਨੂੰ ਲੰਬੇ ਸਮੇਂ ਤੱਕ ਤਾਜ਼ਾ ਰੱਖੇਗਾ ਅਤੇ ਅਜਿਹਾ ਕਰਨ ਨਾਲ ਸੇਬ ਕਦੇ ਵੀ ਕਾਲੇ ਨਹੀਂ ਹੋਣਗੇ ।

**ਸਬਜ਼ੀ ਬਣਾਉਣ ਦੀ ਵਿਧੀ**

ਕਿਸੇ ਵੀ ਸਬਜ਼ੀ ਨੂੰ ਪਕਾਉਂਦੇ ਸਮੇਂ ਜੇਕਰ ਤੇਲ ਵਿੱਚ ਪਹਿਲਾਂ ਹਲਦੀ ਪਾਊਡਰ ਨੂੰ ਮਿਲਾ ਦਿੱਤਾ ਜਾਵੇ ਤਾਂ ਤੇਲ ਦੇ ਛਿੱਟੇ ਤੁਹਾਡੇ ’ਤੇ ਨਹੀਂ ਪੈਣਗੇ।

**ਜੇ ਚਟਨੀ ਦਾ ਰੰਗ ਕਾਲਾ ਹੋ ਜਾਂਦਾ ਹੈ**

ਜੇ ਚਟਨੀ ਬਣਾਉਣ ਤੋਂ ਬਾਅਦ ਕਾਲੀ ਦਿਖਾਈ ਦਿੰਦੀ ਹੈ, ਤਾਂ ਚਟਨੀ ਬਣਾਉਂਦੇ ਸਮੇਂ ਇੱਕ ਚਮਚ ਦਹੀਂ ਪਾਓ। ਇਸ ਨਾਲ ਚਟਨੀ ਨੂੰ ਲੰਬੇ ਸਮੇਂ ਤੱਕ ਰੱਖਣ ਤੋਂ ਬਾਅਦ ਵੀ ਇਸ ਦਾ ਰੰਗ ਕਾਲਾ ਨਹੀਂ ਹੋਵੇਗਾ ਤੇ ਇਹ ਸੁਆਦ ਲੱਗੇਗੀ।

**ਲੱਸਣ ਛਿੱਲਣ ਵਿੱਚ ਅਸਾਨੀ**

ਲੱਸਣ ਨੂੰ ਛਿੱਲਣਾ ਸੌਖਾ ਬਣਾਉਣ ਲਈ, ਇਸ ਨੂੰ ਛਿੱਲਣ ਤੋਂ ਪਹਿਲਾਂ ਗਰਮ ਪਾਣੀ ਵਿੱਚ ਰੱਖੋ। ਕੁਝ ਦੇਰ ਗਰਮ ਪਾਣੀ ਵਿੱਚ ਰਹਿਣ ਤੋਂ ਬਾਅਦ ਲੱਸਣ ਨੂੰ ਛਿੱਲਦੇ ਹਾਂ ਤਾਂ ਛਿਲਕੇ ਬਹੁਤ ਆਸਾਨੀ ਨਾਲ ਉਤਰ ਜਾਂਦੇ ਹਨ।

**ਨਮਕ ਵਿੱਚ ਆਉਣ ਵਾਲੀ ਨਮੀ**

ਨਮਕ ਦੇ ਬਰਤਨ ਵਿੱਚ ਨਮੀ ਦੀ ਸਮੱਸਿਆ ਦਾ ਅਕਸਰ ਸਾਹਮਣਾ ਕਰਨਾ ਪੈਂਦਾ ਹੈ। ਇਸ ਨਮੀ ਨੂੰ ਸੋਖਣ ਲਈ, ਇਸ ਵਿੱਚ ਕੁਝ ਚਾਵਲ ਦੇ ਦਾਣੇ ਪਾਓ। ਇਹ ਚਾਵਲ ਦੇ ਦਾਣੇ ਨਮਕ ਦੀ ਨਮੀ ਨੂੰ ਸੋਖ ਲੈਂਦੇ ਹਨ।

**ਸਰਦੀਆਂ ਵਿੱਚ ਦਹੀਂ ਜਮਾਉਣ ਦੀ ਵਿਧੀ**

ਸਰਦੀਆਂ ਵਿੱਚ ਆਸਾਨੀ ਨਾਲ਼ ਦਹੀਂ ਨੂੰ ਜਮਾਉਣ ਲਈ ਇਸ ਨੂੰ ਆਟੇ ਵਾਲ਼ੀ ਡਰੰਮੀ ਵਿੱਚ ਰੱਖ ਦਿਓ। ਅਜਿਹਾ ਕਰਨ ਨਾਲ ਦਹੀਂ ਬੜੀ ਆਸਾਨੀ ਨਾਲ਼ ਤਿਆਰ ਹੋ ਜਾਵੇਗਾ ਅਤੇ ਪਸੰਦ ਆਵੇਗਾ।

**ਮੁਜ਼ਤਬਾ ਹੁਸੈਨ**




ਗੱਲ 90 ਦੇ ਦਹਾਕੇ ਦੀ ਹੈ। ਮੈਂ ਹਾਈ ਸਕੂਲ ਤੋਂ ਪੜ੍ਹਾਈ ਪੂਰੀ ਕਰਕੇ ਅੱਗੇ ਪੜ੍ਹਨਾ ਚਾਹੁੰਦਾ ਸੀ, ਪਰ ਘਰ ਦੀ ਗ਼ਰੀਬੀ ਅਤੇ ਮਜਬੂਰੀਆਂ ਕਰ ਕੇ ਸੰਭਵ ਨਾ ਹੋ ਸਕਿਆ। ਘਰ ਦੀਆਂ ਜ਼ਿੰਮੇਵਾਰੀਆਂ ਅਤੇ ਰੋਜ਼ੀ-ਰੋਟੀ ਦੀ ਚਿੰਤਾ ਨੇ ਮੈਨੂੰ ਛੋਟੀ ਉਮਰ ਵਿੱਚ ਹੀ ਜ਼ਿੰਦਗੀ ਦੀ ਅਸਲੀਅਤ ਸਿਖਾ ਦਿੱਤੀ ਸੀ। ਰੁਜ਼ਗਾਰ ਦੀ ਭਾਲ ਵਿੱਚ ਮੈਨੂੰ ਆਪਣੇ ਪਿੰਡ ਤੋਂ ਲਗਪਗ 15 ਕਿਲੋਮੀਟਰ ਦੂਰ ਜਲੰਧਰ ਵੱਲ ਰੁਖ਼ ਕਰਨਾ ਪਿਆ। ਉਨ੍ਹਾਂ ਦਿਨਾਂ ਵਿੱਚ ਫੁੱਟਬਾਲ ਸਟਿਚਿੰਗ ਦਾ ਕੰਮ ਬਹੁਤ ਚੱਲਦਾ ਸੀ ਅਤੇ ਇਹ ਕੰਮ ਸੌਖਿਆਂ ਮਿਲ ਵੀ ਜਾਂਦਾ ਸੀ। ਮੈਂ ਜਲਦੀ ਪੈਸੇ ਕਮਾਉਣ ਦੀ ਲੋੜ ਕਰਕੇ ਇਹ ਕੰਮ ਅਪਣਾ ਲਿਆ। ਮੈਂ ਜਲੰਧਰ ਦੀ ਇੱਕ ਪ੍ਰਾਈਵੇਟ ਫਰਮ ਤੋਂ ਫੁੱਟਬਾਲਾਂ ਦਾ ਕੱਚਾ ਮਾਲ ਲਿਆਉਂਦਾ, ਘਰ ਬੈਠ ਕੇ ਉਨ੍ਹਾਂ ਦੀ ਸਿਲਾਈ ਕਰਦਾ ਅਤੇ ਹਫ਼ਤੇ ਵਿੱਚ ਦੋ ਵਾਰ ਤਿਆਰ ਮਾਲ ਵਾਪਸ ਜਲੰਧਰ ਦੇ ਆਉਂਦਾ। ਇਸ ਇੰਡਸਟਰੀ ਦਾ ਛੋਟਾ ਜਿਹਾ ਦਫ਼ਤਰ ਸੀ ਤੇ ਪਿੱਛੇ ਗੋਦਾਮ, ਜਿੱਥੇ ਸਪੋਰਟਸ ਦਾ ਸਾਮਾਨ ਪੈਕ ਹੁੰਦਾ ਸੀ। ਦਫ਼ਤਰ ਵਿੱਚ ਦੋ ਮਜ਼ਦੂਰ ਕੰਮ ਕਰਦੇ ਸਨ ਅਤੇ ਮੁੱਖ ਕੁਰਸੀ ’ਤੇ ਮਾਲਕ ਖੁਦ ਬੈਠਦਾ ਸੀ। ਅਸੀਂ ਸਾਰੇ ਉਸ ਨੂੰ ਬਾਬੂ ਜੀ ਕਹਿੰਦੇ ਸਾਂ। ਬਾਬੂ ਜੀ ਦਾ ਸੁਭਾਅ ਬਹੁਤ ਕੌੜਾ ਸੀ। ਛੋਟੀ ਜਿਹੀ ਗ਼ਲਤੀ ’ਤੇ ਵੀ ਡਾਂਟ ਦਿੰਦਾ ਸੀ, ਪਰ ਦਿਲੋਂ ਬਹੁਤ ਚੰਗਾ ਇਨਸਾਨ ਸੀ। ਮੇਰੀ ਕਹਾਣੀ ਦਾ ਅਸਲੀ ਮੋੜ ਇਸੇ ਦਫ਼ਤਰ ’ਚ ਆਇਆ। ਹਫ਼ਤੇ ’ਚ ਦੋ ਵਾਰ ਮੇਰਾ ਦਫ਼ਤਰ ਦਾ ਚੱਕਰ ਲੱਗਦਾ ਸੀ। ਬਾਬੂ ਜੀ ਮਹੀਨੇ ਵਿੱਚ ਇੱਕ ਵਾਰ ਟੂਰ ’ਤੇ ਜਾਂਦਾ ਅਤੇ ਪਿੱਛੋਂ ਸਾਰਾ ਕੰਮ ਇੱਕ ਤਾਮਿਲ ਲੜਕੀ- ਸ਼ਾਇਨੀ ਡਿਸੂਜ਼ਾ ਦੇ ਹਵਾਲੇ ਕਰ ਜਾਂਦਾ।

ਉਹ ਪਤਲੀ ਜਿਹੀ ਸਾਂਵਲੇ ਰੰਗ ਦੀ ਬੜੀ ਫੁਰਤੀਲੀ ਕੁੜੀ ਸੀ। ਮਾਲ ਦੀ ਗਿਣਤੀ ਕਰਨੀ, ਪੈਕਿੰਗ ਕਰਵਾਉਣੀ, ਪਾਰਸਲ ਤਿਆਰ ਕਰਵਾਉਣੇ, ਹਿਸਾਬ ਕਿਤਾਬ ਰੱਖਣਾ- ਹਰ ਕੰਮ ਇਮਾਨਦਾਰੀ ਅਤੇ ਤੇਜ਼ੀ ਨਾਲ ਕਰਦੀ ਸੀ। ਉਹ ਟੁੱਟੀ-ਫੁੱਟੀ ਹਿੰਦੀ ਬੋਲਦੀ ਸੀ, ਕਦੇ-ਕਦੇ ਤਾਮਿਲ ’ਚ ਵੀ ਗੱਲ ਕਰਦੀ ਸੀ, ਜੋ ਸਾਨੂੰ ਸਮਝ ਨਹੀਂ ਆਉਂਦੀ ਸੀ। ਅੰਗਰੇਜ਼ੀ ਅਤੇ ਤਾਮਿਲ ਉਸ ਦੀਆਂ ਮੁੱਖ ਭਾਸ਼ਾਵਾਂ ਸਨ। ਮੈਂ ਆਪਣੇ ਪਿੰਡ ਤੋਂ ਸਾਈਕਲ ’ਤੇ ਬੋਰਾ ਭਰ ਕੇ ਫੁਟਬਾਲਾਂ ਲੈ ਕੇ ਜਾਂਦਾ। ਦਫ਼ਤਰ ਦੇ ਜਾਲੀ ਵਾਲੇ ਦਰਵਾਜ਼ੇ ਨੂੰ ਖੋਲ੍ਹ ਕੇ ਬੋਰਾ ਅੰਦਰ ਸੁੱਟਦਾ ਅਤੇ ਸਾਈਕਲ ਬਾਹਰ ਖੜ੍ਹਾ ਕਰ ਜਾਂਦਾ। ਕਈ ਵਾਰ ਮੈਂ ਦੇਖਦਾ ਕਿ ਮੇਰੇ ਲਈ ਠੰਢੇ ਪਾਣੀ ਦਾ ਗਿਲਾਸ ਪਹਿਲਾਂ ਹੀ ਟੇਬਲ ’ਤੇ ਰੱਖਿਆ ਹੁੰਦਾ ਸੀ। ਉਹ ਸਿਰਫ਼ ਇਸ਼ਾਰਾ ਕਰ ਦਿੰਦੀ- ਯੇਹ ਆਪ ਕੇ ਲੀਏ ਹੈ, ਪੀ ਲੋ ..!

ਅਸੀਂ ਜ਼ਿਆਦਾ ਗੱਲਬਾਤ ਨਹੀਂ ਕਰਦੇ ਸੀ। ਮੈਂ ਆਪਣੇ ਕੰਮ ਨਾਲ ਹੀ ਮਤਲਬ ਰੱਖਦਾ ਸੀ ਅਤੇ ਹਮੇਸ਼ਾ ਨੀਵੀਂ ਪਾ ਕੇ ਉਸ ਦੇ ਸਾਹਮਣੇ ਖੜ੍ਹਾ ਰਹਿੰਦਾ ਸੀ। ਇੱਕ ਸਾਲ ਇਸੇ ਤਰ੍ਹਾਂ ਲੰਘ ਗਿਆ। ਇੱਕ ਦਿਨ ਜਦੋਂ ਮੈਂ ਦਫ਼ਤਰ ਪਹੁੰਚਿਆ ਤਾਂ ਸ਼ਾਇਨੀ, ਬਾਬੂ ਜੀ ਦੀ ਕੁਰਸੀ ’ਤੇ ਬੈਠੀ ਸੀ। ਮੈਂ ਸਮਝ ਗਿਆ ਕਿ ਬਾਬੂ ਜੀ ਟੂਰ ’ਤੇ ਗਏ ਹੋਏ ਹਨ। ਉਸ ਨੇ ਫੁੱਟੇ ਨਾਲ ਟੇਬਲ ਖੜਕਾਇਆ ਅਤੇ ਮਾਲਕਾਂ ਵਾਲੇ ਅੰਦਾਜ਼ ਵਿੱਚ ਕਿਹਾ, ‘ਬੋਲੋ, ਕਿਤਨੇ ਪੀਸ ਲਾਏ ਹੋ ?’ ਮੈਂ ਕਿਹਾ, ‘24 ਪੀਸ ਸਨ ਅਤੇ ਸਾਰੇ ਬਣਾ ਕੇ ਲਿਆਇਆ ਹਾਂ।’ ਮੈਂ ਫੁੱਟਬਾਲ ਬੋਰੇ ’ਚੋਂ ਕੱਢ ਕੇ ਗਿਣਤੀ ਕੀਤੀ ਅਤੇ ਦੂਜੇ ਵੱਡੇ ਬੋਰੇ ਵਿੱਚ ਪਾ ਦਿੱਤੇ। ਉਸ ਨੇ ਕਿਹਾ, ‘ਅੰਦਰ ਜਾ ਕੇ ਪਾਨੀ ਪੀ ਲੋ..!’ ਜਦੋਂ ਮੈਂ ਪਾਣੀ ਪੀ ਕੇ ਵਾਪਸ ਆਇਆ ਤਾਂ ਟੇਬਲ ’ਤੇ ਦੋ ਕੱਪ ਚਾਹ ਅਤੇ ਇੱਕ ਨਮਕੀਨ ਦੀ ਪਲੇਟ ਪਈ ਸੀ। ਉਹ ਕਹਿੰਦੀ, ‘ਏਕ ਚਾਏ ਤੁਮ੍ਹਾਰੀ ਹੈ..!’ ਮੈਂ ਨਾਂਹ ਵਿੱਚ ਸਿਰ ਹਿਲਾਇਆ ਤਾਂ ਉਸ ਨੇ ਕਿਹਾ, ‘ਸੁਨਾ ਨਹੀਂ, ਏਕ ਕੱਪ ਤੁਮ੍ਹਾਰਾ ਹੈ, ਪੀਓ...!’ ਮੈਂ ਇੱਕ ਪਾਸੇ ਪਈ ਕੁਰਸੀ ’ਤੇ ਬੈਠ ਕੇ ਚਾਹ ਪੀਣ ਲੱਗਾ ਤਾਂ ਉਸ ਨੇ ਮੇਰੀ ਬਾਂਹ ਫੜ ਕੇ ਆਪਣੇ ਨਾਲ ਵਾਲੀ ਕੁਰਸੀ ’ਤੇ ਬਿਠਾ ਦਿੱਤਾ ਅਤੇ ਨਮਕੀਨ ਮੇਰੇ ਵੱਲ ਕਰ ਦਿੱਤੀ। ਉਸ ਦਿਨ ਤੋਂ ਬਾਅਦ ਸਾਡੀ ਖਾਮੋਸ਼ ਜਾਣ-ਪਛਾਣ ਹੋਰ ਡੂੰਘੀ ਹੋਣ ਲੱਗੀ। ਇੱਕ ਦਿਨ ਜਦੋਂ ਮੈਂ ਘਰ ਜਾ ਕੇ ਬੋਰਾ ਖੋਲ੍ਹਿਆ ਤਾਂ ਉਸ ਵਿੱਚ ਪੰਜ ਫੁੱਟਬਾਲ ਵੱਧ ਸਨ। ਪਹਿਲਾਂ ਮੈਨੂੰ ਲੱਗਿਆ ਕਿ ਸ਼ਾਇਦ ਗ਼ਲਤੀ ਨਾਲ ਪੈ ਗਏ ਹੋਣਗੇ। ਮੈਂ ਉਹ ਵੀ ਤਿਆਰ ਕਰਕੇ ਤਿੰਨ ਦਿਨ ਬਾਅਦ ਵਾਪਸ ਲੈ ਗਿਆ ਅਤੇ ਸ਼ਾਇਨੀ ਮੈਡਮ ਨੂੰ ਦੱਸਿਆ ਕਿ ਪੰਜ ਫੁੱਟਬਾਲ ਵੱਧ ਸਨ। ਉਸ ਨੇ ਆਪਣੇ ਮੱਥੇ ’ਤੇ ਹੱਥ ਮਾਰਿਆ ਅਤੇ ਹੌਲੀ ਜਿਹੀ ਮੁਸਕਰਾਈ ਤੇ ਹਿੰਦੀ ਬੋਲੀ, ‘ਵੋ ਮੈਨੇ ਤੁਮ੍ਹਾਰੇ ਲਈ ਰੱਖੇ ਥੇ... ਤੁਮ੍ਹਾਰੇ ਕਾਮ ਆ ਜਾਤੇ..!’ ਮੈਂ ਹੈਰਾਨ ਸੀ। ਜਿਹੜੀ ਕੁੜੀ ਇਮਾਨਦਾਰ ਸੀ, ਉਹ ਮੇਰੇ ਲਈ ਇਹ ਹੇਰਾ-ਫੇਰੀ ਕਰ ਰਹੀ ਸੀ। ਉਸ ਦਿਨ ਤੋਂ ਬਾਅਦ ਉਹ ਕਦੇ ਦੋ, ਕਦੇ ਪੰਜ ਫੁੱਟਬਾਲ ਵੱਧ ਪਾ ਦਿੰਦੀ। ਮੈਂ ਹਰ ਵਾਰ ਮਨ੍ਹਾਂ ਕਰਦਾ, ਪਰ ਉਹ ਹਰ ਵਾਰ ਹੱਸ ਕੇ ਗੱਲ ਟਾਲ ਦਿੰਦੀ। ਸ਼ਾਇਨੀ ਰੱਬ ਨੂੰ ਬਹੁਤ ਮੰਨਦੀ ਸੀ। ਹਰ ਸਵੇਰ ਆਪਣੇ ਪਰਸ ’ਚੋਂ ਇੱਕ ਛੋਟੀ ਜਿਹੀ ਤਸਵੀਰ ਕੱਢਦੀ, ਹੱਥ ਜੋੜਦੀ ਅਤੇ ਫਿਰ ਕੰਮ ਸ਼ੁਰੂ ਕਰਦੀ ਸੀ। ਪਰ ਮੇਰਾ ਰੱਬ ਵਿੱਚ ਖਾਸ ਵਿਸ਼ਵਾਸ ਨਹੀਂ ਸੀ। ਇੱਕ ਦਿਨ ਜਦੋਂ ਉਹ ਮੇਰੇ ਵੱਲੋਂ ਤਿਆਰ ਕੀਤੇ ਸੈਂਪਲ ਕਾਪੀ ’ਤੇ ਲਿਖ ਰਹੀ ਸੀ ਤਾਂ ਉਸਦੀ ਨਜ਼ਰ ਮੇਰੇ ਕੋਡ ਨੰਬਰ ’ਤੇ ਪਈ।

ਉਹ ਬੜੀ ਖੁਸ਼ ਹੋਈ ਤੇ ਕਹਿੰਦੀ, ‘ਅਰੇ... ਤੁਮ੍ਹਾਰਾ ਕੋਡ ਨੰਬਰ 9 ਹੈ... ਨੌਂ ਤੋ ਬਹੁਤ ਲੱਕੀ ਹੋਤਾ ਹੈ..!’ ਮੈਂ ਹੱਸ ਕੇ ਕਿਹਾ, ‘ਮੈਂ ਇਨ੍ਹਾਂ ਗੱਲਾਂ ਨੂੰ ਨਹੀਂ ਮੰਨਦਾ... ਨਾ ਨੰਬਰਾਂ ਨੂੰ ਤੇ ਨਾ ਕਿਸਮਤ ਨੂੰ..!’ ਉਹ ਬੜੇ ਯਕੀਨ ਨਾਲ ਕਹਿੰਦੀ, ‘ਨਹੀਂ... 9 ਬਹੁਤ ਸਪੈਸ਼ਲ ਹੋਤਾ ਹੈ... ਹਮ੍ਹਾਰੀ ਗਾੜੀ ਕਾ ਆਖ਼ਰੀ ਨੰਬਰ ਭੀ 49 ਹੈ... ਹਮਾਰੇ ਘਰ ਕਾ ਨੰਬਰ ਭੀ 9 ਪੇ ਖ਼ਤਮ ਹੋਤਾ ਹੈ..!’ ਮੈਂ ਉਦੋਂ ਉਸਦੀ ਗੱਲ ਹੱਸ ਕੇ ਟਾਲ ਦਿੱਤੀ। ਇੱਕ ਦਿਨ ਮੈਂ ਅਤੇ ਸ਼ਾਇਨੀ ਮੈਡਮ ਦਫ਼ਤਰ ਵਿੱਚ ਚਾਹ ਪੀ ਰਹੇ ਸੀ। ਬਾਹਰ ਠੰਢੀ ਹਵਾ ਚੱਲ ਰਹੀ ਸੀ। ਮੈਂ ਕਾਫੀ ਦਿਨਾਂ ਤੋਂ ਇੱਕ ਗੱਲ ਮਨ ਵਿੱਚ ਰੱਖੀ ਹੋਈ ਸੀ। ਮੈਂ ਹੌਲੀ ਜਿਹੀ ਕਿਹਾ, ‘ਮੈਡਮ ਜੀ, ਤੁਸੀਂ ਮੈਨੂੰ ਵਾਧੂ ਫੁੱਟਬਾਲ ਨਾ ਪਾਇਆ ਕਰੋ, ਤੁਸੀਂ ਮੈਨੂੰ ਚੋਰ ਬਣਾ ਦਿੱਤਾ..!’ ਮੇਰੀ ਗੱਲ ਸੁਣ ਕੇ ਉਹ ਕੁਝ ਪਲ ਚੁੱਪ ਰਹੀ। ਫਿਰ ਨਿੰਮਾ ਜਿਹਾ ਮੁਸਕਰਾਈ। ਉਹ ਕਹਿੰਦੀ, ‘ਚੋਰ ਕੇ ਘਰ ਮੇਂ ਚੋਰੀ ਕਰਨਾ, ਚੋਰੀ ਨਹੀਂ ਕਹਿਲਾਤਾ..!’ ਮੈਂ ਹੈਰਾਨ ਹੋ ਕੇ ਪੁੱਛਿਆ, ‘ਬਾਬੂ ਜੀ ਚੋਰ ਕਿਵੇਂ ਹੋਏ ?’ ਉਸ ਨੇ ਦੱਬਵੀਂ ਜਿਹੀ ਆਵਾਜ਼ ਵਿੱਚ ਕਿਹਾ, ‘ਯੇਹ ਜੋ ਮਾਲ ਯਹਾਂ ਸੇ ਬਾਹਰ ਜਾਤਾ ਹੈ, ਯੇਹ ਸਾਰਾ ਡੁਪਲੀਕੇਟ ਹੈ..!’ ਇਹ ਸੁਣ ਕੇ ਮੈਂ ਇੱਕਦਮ ਚੁੱਪ ਹੋ ਗਿਆ। ਮੈਨੂੰ ਤਾਂ ਸਿਰਫ਼ ਇਹੀ ਪਤਾ ਸੀ ਕਿ ਅਸੀਂ ਫੁੱਟਬਾਲ ਬਣਾਉਂਦੇ ਹਾਂ ਅਤੇ ਕੰਪਨੀ ਉਨ੍ਹਾਂ ਨੂੰ ਬਾਹਰ ਭੇਜਦੀ ਹੈ। ਫਿਰ ਉਸ ਨੇ ਮੈਨੂੰ ਸਮਝਾਇਆ, ‘ਅਗਰ ਕਭੀ ਚੈਕਿੰਗ ਹੋ ਜਾਏ ਤੋ ਮਾਲ ਛੋੜ ਕਰ ਭਾਗ ਜਾਨਾ, ਨਹੀਂ ਤੋ ਪੁਲਿਸ ਵਾਲੇ ਆਪ ਕੋ ਅੰਦਰ ਦੇ ਦੇਂਗੇ..!’ ਉਸ ਦਿਨ ਮੈਂ ਸੱਚਮੁੱਚ ਡਰ ਗਿਆ ਸੀ। ਸ਼ਾਇਦ ਇਸੇ ਲਈ ਉਹ ਹਰ ਵੇਲੇ ਮੇਰੀ ਫਿਕਰ ਕਰਦੀ ਸੀ। ਇੱਕ ਦਿਨ ਦਫ਼ਤਰ ਵਿੱਚ ਜ਼ਰੂਰੀ ਪਾਰਸਲ ਜਾਣਾ ਸੀ ਪਰ ਪਾਰਸਲ ਤਿਆਰ ਕਰਨ ਵਾਲਾ ਮਜ਼ਦੂਰ ਨਹੀਂ ਆਇਆ। ਮੈਡਮ ਬਹੁਤ ਪਰੇਸ਼ਾਨ ਸੀ। ਮੈਂ ਕਿਹਾ, ‘ਮੈਂ ਕੋਸ਼ਿਸ਼ ਕਰ ਸਕਦਾ ਹਾਂ..!’ ਉਸ ਨੇ ਮੈਨੂੰ ਅੰਦਰ ਲਿਜਾ ਕੇ ਪਾਰਸਲ ਦਿਖਾਇਆ। ਮੈਂ ਇੱਕ ਘੰਟੇ ਵਿੱਚ ਪਾਰਸਲ ਤਿਆਰ ਕਰ ਦਿੱਤਾ। ਜਦੋਂ ਉਸ ਨੇ ਪਾਰਸਲ ਦੇਖਿਆ ਤਾਂ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਸ ਨੇ ਫਟਾਫਟ ਅੰਗਰੇਜ਼ੀ ਵਿੱਚ ਪਤਾ ਲਿਖਿਆ, ਰਿਕਸ਼ੇ ਵਾਲੇ ਨੂੰ ਬੁਲਾਇਆ ਅਤੇ ਫਿਰ ਮੈਨੂੰ ਰੋਕ ਲਿਆ। ਉਸ ਨੇ ਦੋ ਕੱਪ ਚਾਹ ਮੰਗਵਾਏ, ਆਪਣੇ ਪਰਸ ’ਚੋਂ 200 ਰੁਪਏ ਕੱਢ ਕੇ ਮੈਨੂੰ ਦਿੱਤੇ ਅਤੇ ਕਿਹਾ,‘ਯੇਹ ਮੇਰੀ ਤਰਫ਼ ਸੇ, ਖੁਸ਼ੀ ਸੇ ਦੇ ਰਹੀ ਹੂੰ..!’ ਫਿਰ ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾਈ ਅਤੇ ਮੇਰੇ ਕੰਨ ਨੇੜੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ, ‘ਆਈ ਲਵ ਯੂ ਸੋ ਮੱਚ।’ ਉਸ ਵੇਲੇ ਨਾ ਗੂਗਲ ਸੀ ਅਤੇ ਨਾ ਮੈਨੂੰ ਇਸ ਅੰਗਰੇਜ਼ੀ ਦਾ ਪੂਰਾ ਮਤਲਬ ਸਮਝ ਆਇਆ। ਮੈਂ ਇਸ ਗੱਲ ਨੂੰ ਆਈ ਗਈ ਕਰ ਦਿੱਤਾ। ਫਿਰ ਇੱਕ ਦਿਨ ਉਸ ਨੇ ਦੱਸਿਆ ਕਿ ਉਸਦੇ ਘਰ ਵਾਲਿਆਂ ਨੇ ਉਸ ਦੀ ਸ਼ਾਦੀ ਤੈਅ ਕਰ ਦਿੱਤੀ ਹੈ ਅਤੇ ਉਹ ਆਪਣੇ ਘਰ ਵਾਪਸ ਜਾਣ ਵਾਲੀ ਹੈ। ਉਸ ਦਿਨ ਉਹ ਬਹੁਤ ਉਦਾਸ ਸੀ। ਇੱਕ ਮਜ਼ਦੂਰ ਨੇ ਪੁੱਛਿਆ, ‘ਮੈਡਮ, ਤੁਸੀਂ ਵਾਪਸ ਆਓਗੇ ?’ ਉਹ ਉਦਾਸ ਜਿਹੀ ਆਵਾਜ਼ ਵਿੱਚ ਕਹਿੰਦੀ, ‘ਨਹੀਂ, ਅਗਰ ਰਮੇਸ਼ ਜੀ ਬੋਲ ਦੇਂਗੇ ਤੋ ਮੈਂ ਇਨਸੇ ਸ਼ਾਦੀ ਕਰ ਲੂੰਗੀ, ਫਿਰ ਮੈਂ ਨਹੀਂ ਜਾਊਗੀ..!’ ਉਹ ਹਮੇਸ਼ਾ ਮੈਨੂੰ ਰਮੇਸ਼ ਨਾਂਅ ਨਾਲ ਬੁਲਾਉਂਦੀ ਸੀ।

ਇਹ ਸੁਣ ਕੇ ਮੈਂ ਇੱਕਦਮ ਚੁੱਪ ਹੋ ਗਿਆ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਕੀ ਕਹਾਂ। ਮੈਂ ਜਲਦੀ ਨਾਲ ਚਾਹ ਖ਼ਤਮ ਕੀਤੀ ਅਤੇ ਬਾਹਰ ਜਾਣ ਲੱਗਾ ਤਾਂ ਉਸ ਨੇ ਮੇਰੀ ਬਾਂਹ ਫੜ ਲਈ। ਉਸ ਨੇ ਮੈਨੂੰ ਕੁਰਸੀ ’ਤੇ ਬਿਠਾ ਕੇ ਕਿਹਾ, ‘ਤੁਮ ਮੁਝਸੇ ਸ਼ਾਦੀ ਨਹੀਂ ਕਰੋਗੇ, ਤੋ ਮੁਝੇ ਜਾਨਾ ਹੀ ਪੜੇਗਾ..!’ ਮੈਂ ਹੌਲੀ ਜਿਹੀ ਕਿਹਾ, ‘ਮੈਂ ਸ਼ਾਇਦ ਸ਼ਾਦੀ ਹੀ ਨਹੀਂ ਕਰੂੰਗਾ..!’ ਉਸ ਨੂੰ ਮੇਰੇ ਹਾਲਾਤ ਦਾ ਪਤਾ ਸੀ। ਜਦੋਂ ਮੈਂ ਜਾਣ ਲੱਗਾ ਤਾਂ ਉਸ ਨੇ ਕਿਹਾ, ‘ਆਪ ਗਾਂਵ ਸੇ ਮੇਰੇ ਲਈ ਪਾਂਚ ਕਿਲੋ ਆਲੂ ਲੇ ਆਨਾ... ਮੈਂ ਸਾਥ ਲੇਕਰ ਜਾਊਂਗੀ..!’ ਮੈਂ ਹੈਰਾਨ ਹੋ ਕੇ ਪੁੱਛਿਆ, ‘ਸੱਚਮੁੱਚ ਆਲੂ ?’ ਉਹ ਹੱਸ ਪਈ ਅਤੇ ਕਹਿੰਦੀ, ‘ਜਾਓ, ਭਾਗੋ ਤੁਮ..!’ ਮੈਂ ਬਾਹਰ ਨਿਕਲਿਆ ਤਾਂ ਇੱਕ ਮਜ਼ਦੂਰ ਨੇ ਕਿਹਾ, ‘ਮੈਡਮ ਅੰਦਰ ਰੋ ਰਹੀ ਹੈ..!’ ਮੈਂ ਮੁੜ ਅੰਦਰ ਗਿਆ। ਉਹ ਆਪਣੀ ਕੁਰਸੀ ’ਤੇ ਬੈਠੀ ਰੋ ਰਹੀ ਸੀ। ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਅਤੇ ਕਿਹਾ, ‘ਮੈਂ ਯਹਾਂ ਸੇ ਜਾਨਾ ਨਹੀਂ ਚਾਹਤੀ... ਤੁਮ ਮੁਝੇ ਰਖਨਾ ਨਹੀਂ ਚਾਹਤੇ..!’ ਮੈਂ ਚੁੱਪ ਸੀ। ਦੋ ਦਿਨ ਬਾਅਦ ਮੈਂ ਪੰਜ ਕਿੱਲੋ ਆਲੂ ਲਿਫਾਫੇ ’ਚ ਪਾ ਕੇ ਲੈ ਗਿਆ। ਨਾਲ ਇੱਕ ਛੋਟਾ ਜਿਹਾ ਹੱਥ ਨਾਲ ਲਿਖਿਆ ਕਾਰਡ ਵੀ ਸੀ।

ਉਸ ਦਿਨ ਉਹ ਤਿਆਰ ਹੋ ਕੇ ਦਫ਼ਤਰ ਵਿੱਚ ਬੈਠੀ ਸੀ। ਉਸ ਨੇ ਮੈਨੂੰ ਚਾਹ ਨਾਲ ਨਮਕੀਨ ਅਤੇ ਬਰਫੀ ਪਰੋਸੀ। ਜਦੋਂ ਮੈਂ ਜਾਣ ਲੱਗਾ ਤਾਂ ਉਸ ਨੇ ਮੈਨੂੰ ਫਿਰ ਕਲਾਵੇ ਵਿੱਚ ਲੈ ਲਿਆ ਅਤੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ, ‘ਅਗਰ ਤੁਮ ਮੁਝੇ ਰੱਖ ਲੇਤੇ, ਤੋ ਮੁਝੇ ਜਾਨਾ ਨਾ ਪੜਤਾ..!’ ਉਸ ਦੀਆਂ ਅੱਖਾਂ ’ਚ ਹੰਝੂ ਸਨ। ਮੈਂ ਚੁੱਪਚਾਪ ਸਾਈਕਲ ਚੁੱਕੀ ਅਤੇ ਪਿੰਡ ਵੱਲ ਤੁਰ ਪਿਆ। ਕੁਝ ਮਹੀਨੇ ਬਾਅਦ ਮੈਂ ਉਹ ਦਫ਼ਤਰ ਛੱਡ ਦਿੱਤਾ ਅਤੇ ਫਿਰ ਇੱਕ ਸਵੇਰ ਜਦੋਂ ਮੈਂ ਅਖ਼ਬਾਰ ਖੋਲ੍ਹਿਆ ਤਾਂ ਮੁੱਖ ਪੰਨੇ ’ਤੇ ਉਸੇ ਦਫ਼ਤਰ ਦੀ ਤਸਵੀਰ ਛਪੀ ਹੋਈ ਸੀ ਜਿਸ ਦੇ ਉੱਪਰ ਲਿਖਿਆ ਸੀ, ‘ਨਕਲੀ ਫੁੱਟਬਾਲ ਬਣਾਉਣ ਵਾਲੀ ਫੈਕਟਰੀ ਫੜੀ।’ ਉਦੋਂ ਮੈਨੂੰ ਇਕਦਮ ਸ਼ਾਇਨੀ ਦੀ ਉਹ ਗੱਲ ਯਾਦ ਆਈ, ‘ਅਗਰ ਚੈਕਿੰਗ ਹੋ ਜਾਏ ਤੋ ਮਾਲ ਛੋੜ ਕਰ ਭਾਗ ਜਾਨਾ..!’ ਉਸ ਦਿਨ ਪਹਿਲੀ ਵਾਰ ਮੈਨੂੰ ਅਹਿਸਾਸ ਹੋਇਆ ਕਿ ਸ਼ਾਇਨੀ ਸਿਰਫ਼ ਮੈਨੂੰ ਪਿਆਰ ਹੀ ਨਹੀਂ ਕਰਦੀ ਸੀ, ਉਹ ਹਰ ਵੇਲੇ ਮੈਨੂੰ ਬਚਾਉਣ ਦੀ ਕੋਸ਼ਿਸ਼ ਵੀ ਕਰਦੀ ਰਹੀ ਸੀ। ਅੱਜ ਇਸ ਗੱਲ ਨੂੰ ਕਈ ਦਹਾਕੇ ਬੀਤ ਚੁੱਕੇ ਹਨ। ਅਜੀਬ ਇਤਫ਼ਾਕ ਹੈ ਕਿ ਮੇਰੀ ਬਾਈਕ ਦਾ ਨੰਬਰ ਵੀ 49 ਨਿਕਲਿਆ... ਪਹਿਲੇ ਸਕੂਟਰ ਦਾ ਨੰਬਰ ਵੀ 49 ਸੀ..! ਇੱਥੋਂ ਤੱਕ ਕਿ ਮੇਰੇ ਕਈ ਬੈਂਕ ਖਾਤਿਆਂ ਦੇ ਆਖ਼ਰੀ ਅੰਕ ਵੀ 49 ਹਨ। ਸ਼ਾਇਦ ਉਹ ਆਪਣੇ ਵਿਸ਼ਵਾਸ ਵਿੱਚ ਸੱਚੀ ਸੀ ਅਤੇ ਮੈਂ ਆਪਣੇ ਇਨਕਾਰ ਵਿੱਚ। ਅੱਜ ਸਮਝ ਆਉਂਦੀ ਹੈ ਕਿ ਜ਼ਿੰਦਗੀ ਅਸਲ ਵਿੱਚ ਇੱਕ ਲੰਮਾ ਸਫ਼ਰ ਹੈ। ਇਸ ਸਫ਼ਰ ਵਿੱਚ ਕਈ ਲੋਕ ਮੁਸਾਫ਼ਰਾਂ ਵਾਂਗ ਸਾਡੇ ਨਾਲ ਕੁਝ ਦੂਰ ਤੱਕ ਤੁਰਦੇ ਹਨ। ਕੋਈ ਦੋ ਕਦਮ ਸਾਥ ਨਿਭਾਉਂਦਾ ਹੈ ਅਤੇ ਕੋਈ ਸਾਰੀ ਉਮਰ ਯਾਦ ਬਣ ਕੇ ਦਿਲ ਵਿੱਚ ਵੱਸ ਜਾਂਦਾ ਹੈ। ਸ਼ਾਇਨੀ ਵੀ ਮੇਰੀ ਜ਼ਿੰਦਗੀ ਵਿੱਚ ਇੱਕ ਹੌਲੀ ਜਿਹੀ ਬਰਸਾਤ ਵਾਂਗ ਆਈ ਸੀ, ਕੁਝ ਪਲ ਠਹਿਰੀ ਅਤੇ ਫਿਰ ਸਮੇਂ ਦੀ ਹਵਾ ਨਾਲ ਕਿਤੇ ਦੂਰ ਚਲੀ ਗਈ। ਨਦੀ ਆਪਣੇ ਰਸਤੇ ਵਿੱਚ ਕਿੰਨੇ ਹੀ ਪੱਥਰਾਂ ਅਤੇ ਮੋੜਾਂ ਨੂੰ ਛੂੰਹਦੀ ਹੋਈ ਅੱਗੇ ਵਗਦੀ ਰਹਿੰਦੀ ਹੈ। ਠੀਕ ਉਸੇ ਤਰ੍ਹਾਂ ਜ਼ਿੰਦਗੀ ਵੀ ਲੋਕਾਂ ਦੇ ਮਿਲਣ ਅਤੇ ਵਿਛੋੜਿਆਂ ਨਾਲ ਅੱਗੇ ਤੁਰਦੀ ਰਹਿੰਦੀ ਹੈ। ਕੁਝ ਲੋਕ ਸਾਡੇ ਕੋਲ ਰਹਿ ਕੇ ਵੀ ਆਪਣੇ ਨਹੀਂ ਬਣਦੇ ਅਤੇ ਕੁਝ ਲੋਕ ਬਹੁਤ ਦੂਰ ਚਲੇ ਜਾਣ ਤੋਂ ਬਾਅਦ ਵੀ ਦਿਲ ਦੇ ਸਭ ਤੋਂ ਨੇੜੇ ਰਹਿੰਦੇ ਹਨ। ਸ਼ਾਇਨੀ ਵੀ ਸ਼ਾਇਦ ਉਨ੍ਹਾਂ ਲੋਕਾਂ ’ਚੋਂ ਇੱਕ ਸੀ, ਜੋ ਮੇਰੀ ਜ਼ਿੰਦਗੀ ਵਿੱਚ ਥੋੜ੍ਹੇ ਸਮੇਂ ਲਈ ਆਈ ਪਰ ਸਾਰੀ ਉਮਰ ਲਈ ਇੱਕ ਯਾਦ ਬਣ ਗਈ। ਜ਼ਿੰਦਗੀ, ਅੱਜ ਵੀ ਆਪਣੇ ਹੀ ਵਹਾਅ ਵਿੱਚ ਚੁੱਪਚਾਪ ਵਹਿ ਰਹੀ ਹੈ..!

# ਮਿੰਨੀ ਕਹਾਣੀਆਂ

## ਟਿਕਟਾਂ ਤੇ ਸ਼ਰਮਿੰਦਗੀ

**ਗੁਰਿੰਦਰ ਸਿੰਘ**

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਅਸੀਂ ਬੀ.ਐੱਡ ਦੌਰਾਨ ਟੀਚਿੰਗ ਪ੍ਰੈਕਟਿਸ ਲਈ ਇੱਕ ਸਕੂਲ ਵਿੱਚ ਜਾਂਦੇ ਹੁੰਦੇ ਸੀ। ਉਸ ਪ੍ਰੈਕਟਿਸ ਦੌਰਾਨ ਅਸੀਂ ਵਿਦਿਆਰਥੀਆਂ ਵਿੱਚ ਵਿਚਰਦੇ, ਉਨ੍ਹਾਂ ਨੂੰ ਪੜ੍ਹਾਉਂਦੇ,ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣਦੇ ਅਤੇ ਉਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ। ਪਰ ਅਸੀਂ ਅਧਿਆਪਕ ਦੇ ਨਾਲ-ਨਾਲ ਵਿਦਿਆਰਥੀ ਵੀ ਸੀ। ਜਦੋਂ ਸਾਨੂੰ ਇਹ ਪਤਾ ਲੱਗਾ ਕਿ ਇੱਕ ਮਸ਼ਹੂਰ ਗਾਇਕ ਦਾ ਸ਼ੋਅ ਹੋਣ ਜਾ ਰਿਹਾ ਹੈ ਤਾਂ ਅਸੀਂ ਵੀ ਉਸ ਪ੍ਰੋਗਰਾਮ ਦਾ ਆਨੰਦ ਮਾਣਨ ਲਈ ਉਤਸੁਕ ਹੋ ਗਏ। ਇਸ ਲਈ ਅਸੀਂ ਟਿਕਟ ਦਾ ਪ੍ਰਬੰਧ ਕਰਨ ਲੱਗੇ। ਟਿਕਟ ਮਿਲਦੀ ਸੀ, ਸਿਰਫ਼ ਸ਼ਰਾਬ ਦੇ ਠੇਕੇ ਤੋਂ, ਉਹ ਵੀ ਬੀਅਰ ਦੀ ਇੱਕ ਬੋਤਲ ਨਾਲ। ਪਰ ਅਸੀਂ ਕਦੇ ਵੀ ਕੋਈ ਨਸ਼ਾ ਨਹੀਂ ਕੀਤਾ ਸੀ। ਇਸ ਲਈ ਅਸੀਂ ਕਿਸੇ ਜਾਣਕਾਰ ਵਿਅਕਤੀ ਨੂੰ ਵਿੱਚ ਪਾ ਕੇ ਟਿਕਟ ਲੈਣ ਦਾ ਪ੍ਰਬੰਧ ਕਰ ਲਿਆ। ਅਸੀ ਸ਼ਰਾਬ ਦੇ ਠੇਕੇ ’ਤੇ ਗਏ ਅਤੇ ਚਾਰ ਟਿਕਟਾਂ ਪ੍ਰਾਪਤ ਕਰ ਲਈਆਂ। ਰਾਤ ਨੂੰ ਅਸੀਂ ਉਸ ਗਾਇਕ ਦੇ ਪ੍ਰੋਗਰਾਮ ਦਾ ਨੱਚ-ਟੱਪ ਕੇ ਖ਼ੂਬ ਆਨੰਦ ਮਾਣਿਆ। ਸਾਰੇ ਬਹੁਤ ਖ਼ੁਸ਼ ਸੀ। ਅਗਲੇ ਦਿਨ ਤਿਆਰ ਹੋ ਕੇ ਟੀਚਿੰਗ ਪ੍ਰੈਕਟਿਸ ਵਾਲੇ ਸਕੂਲ ਪਹੁੰਚ ਗਏ। ਦੂਸਰੇ ਪੀਰੀਅਡ ਦੌਰਾਨ ਜਦੋਂ ਮੈਂ ਸੱਤਵੀਂ ਕਲਾਸ ਵਿੱਚ ਗਿਆ ਤਾਂ ਇੱਕ ਵਿਦਿਆਰਥੀ ਨੇ ਮੈਨੂੰ ਪਹਿਲਾ ਸਵਾਲ ਇਹੀ ਕੀਤਾ, ਸਰ, ਕੱਲ੍ਹ ਤੁਸੀਂ ਠੇਕੇ ’ਤੇ ਖੜ੍ਹੇ ਸੀ ?” ਕੁਝ ਬੱਚੇ ਮੁਸ਼ਕੜੀਆਂ ਹੱਸਣ ਲੱਗੇ, ਕੁਝ ਚੁੱਪ ਅਤੇ ਮੈਂ ਸ਼ਰਮਸਾਰ।

***

## ਹਿੰਦੂ ਖ਼ੂਨ ਮੁਸਲਮਾਨ ਖ਼ੂਨ

**ਜਗਦੇਵ ਸ਼ਰਮਾ ਬੁਗਰਾ**

“ਓਏ ਇਕਬਾਲ! ਕੀ ਕਰੀ ਜਾ ਰਿਹੈਂ, ਕੀ ਲੱਭ ਰਿਹੈਂ ਰੇਤੇ ’ਚ ਹੱਥ ਮਾਰ ਕੇ?”

“ਕੁਝ ਨਹੀਂ, ਕੱਲ੍ਹ ਕੁਝ ਸਿਰਫਿਰਿਆਂ ਨੇ ਇੱਥੇ ਇਨਸਾਨੀਅਤ ਦਾ ਖ਼ੂਨ ਵਹਾਇਆ ਹੈ, ਮੈਂ ਉਹੀ ਖ਼ੂਨ ਭਿੱਜੀ ਰੇਤ ’ਕੱਠੀ ਕਰ ਰਿਹਾ ਹਾਂ।”

“ਕੀ ਕਰੇਂਗਾ ਇਸ ਦਾ ?”

“ਲੈਬੋਰਟਰੀ ’ਚ ਲੈ ਕੇ ਜਾਵਾਂਗਾ, ਇਹ ਪੁੱਛਣ ਲਈ ਕਿ ਚੈੱਕ ਕਰਕੇ ਦੱਸੋ ਬਈ ਇਹਦੇ ਵਿੱਚੋਂ ਕਿਹੜਾ ਖ਼ੂਨ ਹਿੰਦੂ ਦਾ ਹੈ ਅਤੇ ਕਿਹੜਾ ਮੁਸਲਮਾਨ ਦਾ ?”

ਇਕਬਾਲ ਜਿਸ ਨੂੰ ਸਾਰੇ ਸਿੱਧਰਾ ਕਹਿੰਦੇ ਸਨ, ਕਿੱਡੀ ਵੱਡੀ ਗੱਲ ਕਹਿ ਗਿਆ ਸੀ।

***

## ਅਣਮੁੱਲੀ ਭਾਨ

**ਪਰਮਿੰਦਰ ਕੌਰ**

ਹਰ ਬਾਪ ਨੂੰ ਆਪਣੇ ਬੱਚਿਆਂ ਦੀਆਂ ਇੱਛਾਵਾਂ ਪੂਰੀਆਂ ਕਰ ਕੇ ਇੱਕ ਰੂਹਾਨੀ ਸਕੂਨ ਮਹਿਸੂਸ ਹੁੰਦਾ ਹੈ। ਇਸੇ ਲਈ ਤਾਂ ਉਹ ਮੀਂਹ, ਹਨੇਰੀ ਦੇ ਧੁੱਪ ਕੁਝ ਵੀ ਨਹੀਂ ਦੇਖਦਾ।

ਗੱਲ ਉਸ ਸਮੇਂ ਦੀ ਹੈ, ਜਦੋਂ ਅਸੀਂ 25 ਪੈਸੇ ਜਾਂ 50 ਪੈਸੇ ਲੈ ਕੇ ਵੀ ਬੜੇ ਖੁਸ਼ ਹੋ ਜਾਂਦੇ ਸੀ। ਪਿਤਾ ਜੀ ਹੌਜ਼ਰੀ ਦਾ ਸਾਮਾਨ ਬਣਾਉਣ ਵਾਲੇ ਕਾਰਖਾਨੇ ਵਿੱਚ ਨੌਕਰੀ ਕਰਦੇ ਸਨ। ਕਾਰਖਾਨਾ ਬਹੁਤ ਦੂਰ ਸੀ ਪਰ ਪਿਤਾ ਜੀ ਮੀਲਾਂ ਦਾ ਸਫਰ ਸਾਈਕਲ ’ਤੇ ਹੀ ਤੈਅ ਕਰ ਲੈਂਦੇ। ਸ਼ਾਮ ਨੂੰ ਜਦੋਂ ਘਰ ਵਾਪਸ ਆਉਂਦੇ ਤਾਂ ਉਨ੍ਹਾਂ ਦੇ ਕੁੜਤੇ ਦੀ ਜੇਬ ਵਿੱਚ ਹਰ ਰੋਜ਼ ਕੁਝ ਭਾਨ ਹੁੰਦੀ ਸੀ। ਉਹ ਜਦ ਘਰ ਪਹੁੰਚ ਕੇ ਹੱਥ-ਮੂੰਹ ਧੋ ਕੇ ਕੱਪੜੇ ਬਦਲਦੇ ਤਾਂ ਕੁੜਤਾ ਬਦਲਦਿਆਂ ਕੁੜਤੇ ਦੀ ਜੇਬ ਵਿਚਲੀ ਭਾਨ ਜ਼ਮੀਨ ’ਤੇ ਡਿੱਗ ਜਾਂਦੀ ਤੇ ਅਸੀਂ ਜਿੱਥੇ ਵੀ ਬੈਠੇ ਹੁੰਦੇ, ਭਾਨ ਦਾ ਖੜਕਾ ਸੁਣ ਕੇ ਝੱਟ ਨੱਠੇ ਆਉਂਦੇ ਤੇ ਜ਼ਮੀਨ ’ਤੇ ਡਿੱਗੀ ਸਾਰੀ ਭਾਨ ਚੁੱਕ ਲੈਂਦੇ। ਅਸੀਂ ਖ਼ੁਸ਼ੀ ਖ਼ੁਸ਼ੀ ਪਿਤਾ ਜੀ ਨੂੰ ਦੱਸਦੇ ਕਿ ਅੱਜ ਮੈਂ ਐਨੀ ਭਾਨ ਇਕੱਠੀ ਕੀਤੀ ਤੇ ਮੈਂ ਐਨੀ। ਪਿਤਾ ਜੀ ਸਾਨੂੰ ਘੁੱਟ ਕੇ ਗਲਵਕੜੀ ਵਿੱਚ ਲੈ ਲੈਂਦੇ।

ਇਕੱਠੀ ਕੀਤੀ ਸਾਰੀ ਭਾਨ ਅਸੀਂ ਆਪੋ-ਆਪਣੀਆਂ ਬੁਗਨੀਆਂ ਵਿੱਚ ਪਾ ਲੈਂਦੇ। ਸਾਨੂੰ ਲਗਦਾ ਸੀ ਕਿ ਸ਼ਾਇਦ ਅਗਲੇ ਦਿਨ ਤੋਂ ਪਿਤਾ ਜੀ ਕੁੜਤੇ ਦੀ ਜੇਬ ਵਿੱਚ ਭਾਨ ਪਾਉਣੀ ਛੱਡ ਹੀ ਨਾ ਦੇਣ, ਪਰ ਅਜਿਹਾ ਦਿਨ ਕਦੇ ਨਾ ਆਇਆ। ਰੋਜ਼ਾ ਕੁੜਤੇ ਦੀ ਜੇਬ ਵਿੱਚੋਂ ਭਾਨ ਡਿੱਗਦੀ ਤੇ ਅਸੀਂ ਰੋਜ਼ ਇਕੱਠੀ ਕਰਨ ਲਈ ਦੌੜਦੇ। ਅਸੀਂ ਕੁਝ ਵੀ ਲੈਣਾ ਹੁੰਦਾ ਤਾਂ ਬੁਗਨੀਆਂ ਵਿੱਚ ਇਕੱਠੀ ਕੀਤੀ ਭਾਨ ਆਪਣੀ ਪਿਤਾ ਜੀ ਨੂੰ ਫੜਾ ਦਿੰਦੇ ਤੇ ਉਹ ਉੱਤੋਂ ਹੋਰ ਪੈਸੇ ਪਾ ਕੇ ਸਾਨੂੰ ਸਾਡੀ ਮੰਗੀ ਚੀਜ਼ ਲਿਆ ਦਿੰਦੇ। ਸਾਡੇ ਚਿਹਰੇ ਖੁਸ਼ੀ ਨਾਲ ਖਿੜ ਜਾਂਦੇ ਤੇ ਸਾਡੇ ਖਿੜੇ ਚਿਹਰਿਆਂ ਨੂੰ ਵੇਖ ਪਿਤਾ ਜੀ ਤੇ ਮਾਂ ਦੇ ਚਿਹਰੇ ਵੀ ਖਿੜ ਜਾਂਦੇ। ਅੱਜ ਸਾਡੀਆਂ ਜੇਬਾਂ ਵੱਡੇ ਵੱਡੇ ਨੋਟਾਂ ਨਾਲ ਵੀ ਭਰੀਆਂ ਹੁੰਦੀਆਂ ਹਨ ਪਰ ਉਸ ਭਾਨ ਨੂੰ ਇਕੱਠਾ ਕਰਨ ’ਤੇ ਜੋ ਖੁਸ਼ੀ ਸਾਨੂੰ ਉਦੋਂ ਮਹਿਸੂਸ ਹੁੰਦੀ ਸੀ, ਅੱਜ ਉਹ ਖੁਸ਼ੀ ਨਹੀਂ ਮਿਲਦੀ। ਉਸ ਅਣਮੁੱਲੀ ਭਾਨ ਦਾ ਮੁੱਲ ਪਿਤਾ ਦੀ ਜੀ ਜੇਬ ਵਿੱਚੋਂ ਡਿੱਗਣ ਕਰਕੇ ਹੀ ਸੀ ਸ਼ਾਇਦ।

# ਕਾਵਿ ਸੰਸਾਰ

## ਨਫ਼ਰਤ ਦੀ ਮੰਡੀ
**ਪ੍ਰਸ਼ੋਤਮ 'ਪੱਤੋ'**

ਅੱਜਕੱਲ੍ਹ ਦੁਨੀਆ ਦੀ ਵੰਡੀ,
ਦੇਖੀ ਨ੍ਹੀਂ ਜਾਂਦੀ।
ਹੋ ਰਹੀ ਮਨੁੱਖਤਾ ਦੀ ਭੰਡੀ,
ਦੇਖੀ ਨ੍ਹੀਂ ਜਾਂਦੀ।
ਵੱਖੋ-ਵੱਖਰੇ ਸੰਖ ਅੱਜ
ਆਵਾਜ਼ਾਂ ਕੱਢ ਰਹੇ ਨੇ,
ਇਹ ਫ਼ੁਕਰਿਆਂ ਦੀ ਝੰਡੀ,
ਦੇਖੀ ਨ੍ਹੀਂ ਜਾਂਦੀ।
ਇਨਸਾਫ਼ ਅਤੇ ਸੱਚ,
ਵਿੱਚ ਭਲਾ ਸਾਰਿਆਂ ਦਾ,
ਕਿਉਂ ਇਹ ਸਿੱਧੀ ਜਿਹੀ ਡੰਡੀ,
ਦੇਖੀ ਨ੍ਹੀਂ ਜਾਂਦੀ?
ਹਿੰਦੂ, ਮੁਸਲਿਮ ਜਾਂ ਸਿੱਖ, ਇਸਾਈ,
ਹੱਥ ਇੱਕ ਦੂਜੇ ਦੇ ਘੰਡੀ,
ਦੇਖੀ ਨ੍ਹੀਂ ਜਾਂਦੀ।
ਇਹ ਹਾਲ ਹੈ ਦੁਨੀਆ ਦਾ,
ਬਸ ਬੇੜਾ ਗ਼ਰਕ ਹੈ,
ਚੜ੍ਹ ਰਹੀ ਪਖੰਡੀ 'ਤੇ ਪਖੰਡੀ,
ਦੇਖੀ ਨ੍ਹੀਂ ਜਾਂਦੀ।
ਵਿਸਫੋਟਾਂ ਦੀ ਦੁਨੀਆ,
ਮਾਸੂਮਾਂ ਦਾ ਮਾਤਮ,
ਸਭ ਮੁਖੀਆਂ ਦੀ ਘੁਮੰਡੀ,
ਦੇਖੀ ਨ੍ਹੀਂ ਜਾਂਦੀ।
ਜੇ ਇਹੀ ਹਾਲ ਰਿਹਾ,
ਆਖ਼ਰ ਕੀ ਬਣੇਗਾ?
ਐਸੀ ਭਿਆਨਕ ਪਗਡੰਡੀ,
ਦੇਖੀ ਨ੍ਹੀਂ ਜਾਂਦੀ।
ਆਓ ਰਲ ਕੇ ਕਰੀਏ,
ਇਨਸਾਨੀਅਤ ਦੀ ਗੱਲ,
'ਪੱਤੋ' ਨਫ਼ਰਤਾਂ ਦੀ ਮੰਡੀ,
ਹੁਣ ਦੇਖੀ ਨ੍ਹੀਂ ਜਾਂਦੀ।
* * *****

## ਰਿਜ਼ਕ ਰੁਲਦਾ
**ਹਰਭਿੰਦਰ ਸਿੰਘ ਸੰਧੂ**

ਖ਼ੁਸ਼ੀਆਂ ਵਿੱਚ ਉਦਾਸੀ ਦੇ ਬਦਲ ਗਈਆਂ,
ਨਮੀ ਵਾਲੇ ਝੋਨੇ ਸਾਹ ਸੁਕਾਏ ਪਏ ਨੇ।
ਝੋਨਾ ਗਿੱਲਾ ਤੇਰਾ ਇਹਨੂੰ ਹੁਣ ਕੱਟ ਲੱਗੂ,
ਸੁਣ ਕਿਸਾਨਾਂ ਦੇ ਚਿਹਰੇ ਮੁਰਝਾਏ ਪਏ ਨੇ।
ਆੜ੍ਹਤੀਏ ਵੀ ਗੁੱਸੇ 'ਚ ਹੋਣ ਲਾਲ ਪੀਲੇ,
ਨਹੁੰ ਮਾਸ ਦੇ ਰਿਸ਼ਤੇ ਕੁਮਲਾਏ ਪਏ ਨੇ।
ਕਿਸਾਨ ਪੁੱਛਦਾ ਏ ਹਾਕਮੋ ਕੀ ਕਸੂਰ ਮੇਰਾ,
ਸੋਨੇ ਮਿੱਟੀ ਵਿੱਚ ਕਾਹਤੋਂ ਰੁਲਾਏ ਪਏ ਨੇ।
ਪੱਕਦੀ ਫ਼ਸਲ ਜਦੋਂ ਖੱਜਲ ਬੜਾ ਕਰਦੇ,
ਉਂਜ ਅੰਨਦਾਤਾ ਦੇ ਲੇਬਲ ਲਾਏ ਪਏ ਨੇ।
ਸੰਧੂਆ ਦੇਖ ਕਿਵੇਂ ਮੰਡੀ 'ਚ ਰਿਜ਼ਕ ਰੁਲਦਾ,
ਕੀ ਡਾਹਢੇ ਨੇ ਭਾਣੇ ਵਰਤਾਏ ਪਏ ਨੇ।

## ਬਦਲ ਗਏ
**ਐਡਵੋਕੇਟ ਗੁਰਤੇਜ ਸਿੰਘ ਖੁਡਾਲ**

ਪਿੰਡਾਂ ਵਿੱਚੋਂ ਗਾਇਬ ਹੋ ਗਏ,
ਖੂੰਹ, ਰੂੜੀਆਂ ਅਤੇ ਗੁਹਾਰੇ।
ਪੇਂਡੂ ਸੱਭਿਆਚਾਰ ਸੀ ਸਾਡੇ,
ਮੁੜ ਕੇ ਨਹੀਂ ਇਹ ਲੱਭਣੇ ਸਾਰੇ।
ਗਾਵਾਂ-ਮੱਝਾਂ ਕਿੱਥੇ ਗਈਆਂ,
ਦਿਸਣ ਖਾਲੀ ਪਸ਼ੂਆਂ ਦੇ ਵਾੜੇ।
ਮੱਕੀ, ਨਰਮਾ ਨਾ ਦਿਸੇ ਬਾਜਰਾ,
ਪਤਾ ਨਹੀਂ ਗਏ ਕਿੱਧਰ ਸਾਰੇ।
ਗਲੀਆਂ ਵਿੱਚ ਨਾ ਖੇਡਣ ਬੱਚੇ,
ਮਸਤ ਮੋਬਾਈਲਾਂ ਵਿੱਚ ਨੇ ਸਾਰੇ।
ਨੌਜਵਾਨ ਕਿਸੇ ਘਰ ਨਹੀਂ ਦਿਸਦੇ,
ਦਿਹਾੜੀਆਂ ਕਰਨ ਵਿਦੇਸ਼ੀਂ ਸਾਰੇ।
ਕਿਸੇ ਪਾਸੇ ਵੀ ਰੌਣਕ ਹੈ ਨ੍ਹੀਂ,
ਸੱਥਾਂ ਬੇਲੇ ਹੁਣ ਸੁੰਨੇ ਸਾਰੇ।
'ਖੁਡਾਲ' ਪੰਜਾਬ ਦਾ ਕੀ ਬਣੂਗਾ,
ਬਦਲੇ ਗਏ ਨੇ ਲੋਕੀਂ ਸਾਰੇ।

## ਬੋਲੀਆਂ
**ਲੋਕ ਬੰਧੂ**

ਫੇਸਬੁੱਕ ਨੂੰ ਦੇਖੀ ਜਾਵੇ ਮੇਰਾ ਫੇਸ ਨਾ ਦੇਖੇ
ਏਸ ਖੇਡ 'ਚੋਂ ਕੀ ਕੱਢ ਲਊਗਾ ਫਿਰਦਾ ਵਿੱਚ ਭੁਲੇਖੇ
ਆਈ ਤੇ ਜੇ ਆ ਗਈ ਲੈ ਲਊਂ ਸਾਰੇ ਲੇਖੇ...।
ਤਾਮਕੋਟ ਤੋਂ ਮੇਲ ਨਾਨਕਾ ਆ ਗਿਆ ਕੈਂਟਰ ਭਰਕੇ
ਖੁਰਗੋ ਪੱਟਦਾ ਨੱਚਦਾ ਆਉਂਦਾਲੋਕ ਦੇਖਦੇ ਖੜ੍ਹ ਕੇ
ਕੁੱਟਦਾ ਕਮਲ ਫਿਰੇ ਵਿਹੜੇ ਦੇ ਵਿੱਚ ਵੜ ਕੇ...।
ਮੋੜਾਂ ਵਾਲਾ ਮਾਸੜ ਸਾਡਾ ਕਰਦਾ ਗੱਲ ਅਵੱਲੀ
ਸ਼ੌਕ ਓਸਦੇ ਬੜੇ ਨਿਰਾਲੇ ਚਾਹ ਨਾਲ ਖਾਵੇ ਛੱਲੀ
ਬਿਨਾਂ ਕਿਸੇ ਦੀ ਗੱਲ ਸੁਣੇਂ ਤੋਂ ਦਿੰਦਾ ਫਿਰੇ ਤਸੱਲੀ
ਕਮਲੇ ਮਾਸੜ ਨੂੰ ਮਾਸੀ ਫਿਰੇ ਦਵੱਲੀ...।
ਲੋਕੀਂ ਹੋਗੇ ਹੌਛੇ ਬਾਹਲੇ ਲੋੜੋਂ ਵੱਧ ਖਰਚੀਲੇ
ਜਿੰਨੇ ਅੰਦਰੋਂ ਔਖੇ ਬਾਹਰੋਂ ਓਨੇ ਹੀ ਚਮਕੀਲੇ
ਕਰਜ਼ ਚੜ੍ਹਾਅ ਕੇ ਖੇਡਾਂ ਖੇਡਣ ਪਿੱਛੋਂ ਕਰਦੇ ਹੀਲੇ
ਵਿਆਹ ਦੀ ਦਾਅਵਤ ਦੇ ਗਿਣੇ ਨਾ ਜਾਣ ਪਤੀਲੇ।
*******

## ਰਿਜ਼ਕ ਰੁਲਦਾ
**ਹਰਭਿੰਦਰ ਸਿੰਘ ਸੰਧੂ**

ਖ਼ੁਸ਼ੀਆਂ ਵਿੱਚ ਉਦਾਸੀ ਦੇ ਬਦਲ ਗਈਆਂ,
ਨਮੀ ਵਾਲੇ ਝੋਨੇ ਸਾਹ ਸੁਕਾਏ ਪਏ ਨੇ।
ਝੋਨਾ ਗਿੱਲਾ ਤੇਰਾ ਇਹਨੂੰ ਹੁਣ ਕੱਟ ਲੱਗੂ,
ਸੁਣ ਕਿਸਾਨਾਂ ਦੇ ਚਿਹਰੇ ਮੁਰਝਾਏ ਪਏ ਨੇ।
ਆੜ੍ਹਤੀਏ ਵੀ ਗੁੱਸੇ 'ਚ ਹੋਣ ਲਾਲ ਪੀਲੇ,
ਨਹੁੰ ਮਾਸ ਦੇ ਰਿਸ਼ਤੇ ਕੁਮਲਾਏ ਪਏ ਨੇ।
ਕਿਸਾਨ ਪੁੱਛਦਾ ਏ ਹਾਕਮੋ ਕੀ ਕਸੂਰ ਮੇਰਾ,
ਸੋਨੇ ਮਿੱਟੀ ਵਿੱਚ ਕਾਹਤੋਂ ਰੁਲਾਏ ਪਏ ਨੇ।
ਪੱਕਦੀ ਫ਼ਸਲ ਜਦੋਂ ਖੱਜਲ ਬੜਾ ਕਰਦੇ,
ਉਂਜ ਅੰਨਦਾਤਾ ਦੇ ਲੇਬਲ ਲਾਏ ਪਏ ਨੇ।
ਸੰਧੂਆ ਦੇਖ ਕਿਵੇਂ ਮੰਡੀ 'ਚ ਰਿਜ਼ਕ ਰੁਲਦਾ,
ਕੀ ਡਾਹਢੇ ਨੇ ਭਾਣੇ ਵਰਤਾਏ ਪਏ ਨੇ।

## ਪਿੰਡ ਦੀ ਸਵੇਰ
**ਗਗਨ ਢਿੱਲੋਂ**

ਦਿਨ ਵੀ ਛੇਤੀ ਚੜ੍ਹਦਾ ਏ,
ਤੇ ਰਾਤ ਵੀ ਜਲਦੀ ਹੁੰਦੀ ਏ।
ਹਰ ਪਾਸੇ ਇੰਝ ਲੱਗਦਾ,
ਜਿਵੇਂ ਖ਼ੁਸ਼ੀਆਂ ਦੀ ਗੁੱਤ ਗੁੰਦੀ ਏ।
ਗੁਰਬਾਣੀ ਨਾਲ ਦਿਨ ਦੀ ਸ਼ੁਰੂਆਤ ਹੁੰਦੀ।
ਕਿੰਨੀ ਸਕੂਨ ਭਰੀ ਉਹ ਬਾਤ ਹੁੰਦੀ।
ਜਦੋਂ ਚਿੱਤ ਲਾ ਕੇ ਬਾਣੀ ਸੁਣਦਾ ਹਾਂ,
ਹਜ਼ਾਰਾਂ ਹੀ ਖ਼ੁਸ਼ੀਆਂ ਦੀ ਉਹ ਸੌਗਾਤ ਹੁੰਦੀ।
ਚੁੱਲ੍ਹੇ 'ਤੇ ਧਰੀ ਚਾਹ,
ਆਪੇ ਹੀ ਖਿੱਚ ਪਾਉਂਦੀ ਏ।
ਬੈਠੀ ਚਿੜੀ ਆਣ ਬਨੇਰੇ 'ਤੇ,
ਨਿੱਤ ਨਵਾਂ ਸੰਗੀਤ ਸੁਣਾਉਂਦੀ ਏ।
ਪਿੰਡ ਵਾਲੀ ਮੌਜ ਤਾਂ ਲੱਭਣੀ ਨ੍ਹੀਂ,
ਇਹ ਖੁੱਲ੍ਹ ਕੇ ਕਹਿਣ ਨੂੰ ਦਿਲ ਕਰਦਾ।
ਕਿੰਝ ਸਮਝਾਵਾਂ ਮਾਏ ਤੈਨੂੰ,
ਮੇਰਾ ਪਿੰਡ ਜਾ ਕੇ ਰਹਿਣ ਨੂੰ ਦਿਲ ਕਰਦਾ।

## ਰੱਬਾ
**ਸਤਨਾਮ ਸ਼ਦੀਦ**

ਤੂੰ ਵੀ ਕਦੇ ਪੀੜ ਹੰਢਾਈ ਐ ਰੱਬਾ
ਜਿਹੜੀ ਸਾਡੇ ਹਿੱਸੇ ਆਈ ਐ ਰੱਬਾ
ਤੇਰੇ ਘਰ ਵੀ ਕਦੇ ਰੋਟੀ ਪੱਕੀ ਨਹੀਂ
ਕਦੇ ਜਾਗ ਕੇ ਰਾਤ ਲੰਘਾਈ ਐ ਰੱਬਾ
ਕਦੇ ਤੇਰੇ ਨਾਲ ਵੀ ਧੱਕਾ ਹੋਇਆ ਏ
ਰੂਹ ਤੇਰੀ ਕਦੇ ਕੁਰਲਾਈ ਐ ਰੱਬਾ
ਤੇਰਾ ਵੀ ਕਦੇ ਦਿਲ ਹੈ ਟੁੱਟਿਆ
ਝੱਲਣੀ ਪਈ ਕਦੇ ਜੁਦਾਈ ਐ ਰੱਬਾ
ਤੇਰੇ ਭੜੋਲੇ 'ਚੋਂ ਕਦੇ ਦਾਣੇ ਮੁੱਕੇ ਨੇ
ਹੋਇਆ ਕਦੇ ਕਰਜ਼ਾਈ ਐ ਰੱਬਾ
ਸਿਆਸਤ ਕਿਵੇਂ ਕਰਦੇ ਨੇ ਲੋਕ
ਕਦੇ ਵੋਟ ਕਿਸੇ ਨੂੰ ਪਾਈ ਐ ਰੱਬਾ
ਤੇਰੇ ਨਾਂ ਹੇਠ ਹਰ ਥਾਂ ਧੰਦਾ ਚਲਦਾ
ਹਰ ਥਾਂ ਫੋਟੋ ਤੇਰੀ ਲਾਈ ਐ ਰੱਬਾ
ਬੜਾ ਸੌਖਾ ਏ ਉਂਜ ਰੱਬ ਕਹਾਉਣਾ
ਲਾ ਕੇ ਨਾਂ ਦੇ ਅੱਖਰ ਢਾਈ ਐ ਰੱਬਾ

## ਗ਼ਜ਼ਲ
**ਰਣਜੀਤ ਆਜ਼ਾਦ ਕਾਂਝਲਾ**

ਬਜ਼ੁਰਗ ਪ੍ਰਾਣੀ ਕੋਲ ਆ ਕੇ ਕੋਈ ਨਾ ਬਹਿੰਦਾ ਹੈ।
ਅਖੇ ਜਦ ਏਹ ਬੋਲਦੈ ਸੱਚੀਆਂ ਗੱਲਾਂ ਕਹਿੰਦਾ ਹੈ।
ਗੂੜ੍ਹ ਗਿਆਨ ਦੀ ਗੱਲ ਕੋਈ ਵੀ ਚੰਗੀ ਲੱਗੇ ਨਾ,
ਏਸੇ ਲਈ ਹਰ ਕੋਈ ਬੁੱਢੇ ਤੋਂ ਦੂਰ ਦੂਰ ਰਹਿੰਦਾ ਹੈ।
ਕਿਹੋ ਜਿਹੇ ਅਸੀਂ ਹੋ ਗਏ ਤੇ ਸਾਡੀ ਸੋਚ ਵੀ ਬਦਲੀ,
ਚੰਗੀ ਬਾਤ ਦਾ ਕੋਈ ਅੰਸ ਨਾ ਭੇਜੇ 'ਚ ਬਹਿੰਦਾ ਹੈ।
ਫੋਕੀ ਚਿੱਟਕ ਮਿੱਟਕ 'ਤੇ ਹੁੱਬ ਖੁੱਗਾ ਚੌੜ ਕਰਾ ਬੈਠੇ,
ਤਾਹੀਂ ਮਨ ਭੈੜਾ ਉਜੜਿਆ ਉਖੜਿਆ ਰਹਿੰਦਾ ਹੈ।
ਕੀ ਤੋਂ ਕੀ ਤੱਕ ਦਾ ਸਫ਼ਰ ਪੂਰਾ ਨਾ ਕਰ ਸਕਿਆ ਹਾਂ,
ਸੋਈ ਸੋਚ ਦਾ ਘੇਰਾ ਮੋਕਲਾ ਹੋ ਕੁਝ ਨਾ ਕਹਿੰਦਾ ਹੈ।
ਮਨ ਦੇ ਖੁੱਲ੍ਹੇ ਵਿਹੜੇ ਆਜ਼ਾਦ ਉਡਾਰੀਆਂ ਲਾਈ ਜਾਹ,
ਅਕਲ ਦਾ ਤੋਤਾ ਮਾਲਕ ਦੇ ਗੁਣ ਗਾਉਂਦਾ ਰਹਿੰਦਾ ਹੈ।

## ਮੋਹ ਮਮਤਾ ਦੇ ਨਗਮੇਂ
**ਬਲਵਿੰਦਰ ਬਾਲਮ**

ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਸ਼ੁੱਧ ਆਚਰਣ ਦੇ ਬਿੰਬ ਬਣਾਏ ਰੱਖੜੀ ਦਾ ਤਿਉਹਾਰ।
ਸਾਵਣ ਦੀ ਸੰਪੂਰਨਤਾ ਪੂਰਨਮਾਸ਼ੀ ਵਾਲੇ ਦਿਨ।
ਕੁਦਰਤ ਦੇ ਜੰਨਤ ਵਰਗੀ, ਗੋਦੀ ਵਿੱਚ ਸੰਭਾਲੇ ਦਿਨ।
ਸਮਤਾ ਦਾ ਸੰਦੇਸ਼ ਸੁਣਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਭੈਣ ਭਰਾ ਦੀ ਉਲਫ਼ਤ ਵਾਲੇ ਇੱਕ ਰਿਸ਼ਤੇ ਦਾ ਬੰਧਨ।
ਜਿੱਦਾਂ ਅਰਚਨ ਪੂਜਾ ਵਾਲੀ ਥਾਲੀ ਦੇ ਵਿੱਚ ਚੰਦਨ।
ਦ੍ਰਿਸ਼ਟੀ ਪਰਿਵਰਤਨ ਸਮਝਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਭੈਣਾਂ ਦੇਵਣ ਸ਼ੁੱਭ ਅਸੀਸਾਂ ਯੁਗ-ਯੁਗ ਜੀਵਣ ਭਾਈ।
ਸਾਰੀ ਦੁਨੀਆਂ ਦੇ ਵਿੱਚ ਹੋਵੇ ਸ਼ੋਹਰਤ ਤੇ ਵਡਿਆਈ।
ਤੀਜਾ ਨੇਤਰ ਹੋਰ ਵਧਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਰਿਸ਼ੀ ਲੋਕ ਤਪੱਸਿਆ ਸੀ ਕਰਦੇ ਇਸ ਦਿਨ ਦੀ ਪ੍ਰਤਿਸ਼ਠਾ।
ਮੰਜ਼ਿਲ ਪੈਰਾਂ ਵਿੱਚ ਖਲੋਏ ਦਿਲ ਵਿੱਚ ਨਿਸ਼ਠਾ।
ਫ਼ਸਲਾਂ ਤੇ ਵਿਉਪਾਰ ਵਧਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਜਿੱਦਾਂ ਕ੍ਰਿਸ਼ਨ ਭਗਵਾਨ ਬਚਾਈ ਦਰੋਪਤੀ ਦੀ ਲਾਜ।
ਬ੍ਰਹਮ ਅਰਪਨ ਅੰਦਰ ਬਣਕੇ ਇੱਕ ਅਲੌਕਿਕ ਆਵਾਜ਼।
ਹਰ ਔਕੜ ਦਾ ਹੱਲ ਸੁਲਝਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।
ਭਾਰਤ ਮਾਂ ਦੀ ਨਿਰਛਲਤਾ ਦੇ ਸੁੰਦਰ ਗੁਲਸ਼ਨ ਅੰਦਰ।
'ਬਾਲਮ' ਜਿਉਂ ਖ਼ੁਸ਼ਬੂਆਂ ਹੋਵਣ ਪੂਜਾ ਵਾਲੇ ਮੰਦਰ।
ਪਰਬਲਤਾ ਦੇ ਫੁੱਲ ਖਿੜਾਏ ਰੱਖੜੀ ਦਾ ਤਿਉਹਾਰ।
ਮੋਹ ਮਮਤਾ ਦੇ ਨਗਮੇਂ ਗਾਏ ਰੱਖੜੀ ਦਾ ਤਿਉਹਾਰ।

## ਸ਼ਹਾਦਤ
**ਭੁਪਿੰਦਰ ਸਿੰਘ ਭਿੰਡਾ**

ਪਹਾੜ ਜਿੱਡਾ ਜੇਰਾ ਵੇਖ, ਹੁੰਦੀ ਹੈ ਹੈਰਾਨੀ,
ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।
ਜਨਮ ਤੋਂ ਬਾਦਸ਼ਾਹ, ਪੈਦਾ ਕਰ ਗਿਆ ਮਿਸਾਲ ਸੀ,
ਮਾਛਵਾੜੇ ਦੇ ਜੰਗਲਾਂ 'ਚ, ਨੰਗੇ ਪੈਰ ਕੱਟਿਆ ਸਿਆਲ ਸੀ।
ਟਿੰਡ ਦਾ ਸਰਾਣਾ, ਕਰ ਸ਼ੁਕਰਾਨਾ ਤੇ ਮੁੱਖ 'ਤੇ ਸੀ ਬਾਣੀ,
ਐਸੀ ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।
ਵਾਰ ਪਰਿਵਾਰ ਪੱਲੇ ਰੱਖਿਆ ਨਾ ਧੇਲਾ,
ਅੰਮ੍ਰਿਤ ਦੀ ਦਾਤ ਬਖ਼ਸ਼ ਬਣਿਆ ਆਪੇ ਗੁਰ ਚੇਲਾ।
ਦੌਲਤ, ਜ਼ਮੀਨ ਦਾਨ ਕਰਦੇ ਵੇਖੇ, ਵੇਖਿਆ ਨਾ ਕੋਈ ਪੁੱਤਰਾਂ ਦਾ ਦਾਨੀ,
ਐਸੀ ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।
ਕੋਈ ਆਖੇ ਬਾਜਾਂ ਵਾਲਾ, ਕੋਈ ਆਖੇ ਸੰਤ ਸਿਪਾਹੀ,
ਕੁਦਰਤ ਦਾ ਕ੍ਰਿਸ਼ਮਾ ਜਾਪੇ, ਲੱਗਦਾ ਕੋਈ ਨੂਰ ਇਲਾਹੀ।
ਕੇਸ, ਕੰਘਾ, ਕੜਾ, ਕਿਰਪਾਨ ਦੇ ਗਿਆ ਨਿਸ਼ਾਨੀ,
ਐਸੀ ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।
ਪਹਾੜ ਜਿੱਡਾ ਜੇਰਾ ਵੇਖ, ਹੁੰਦੀ ਹੈ ਹੈਰਾਨੀ,
ਐਸੀ ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।


## ਗ਼ਜ਼ਲ
**ਬਲਵਿੰਦਰ ਬਾਲਮ**

ਸੁਰਖ਼ ਨਿਗਾਹਾਂ ਦੇ ਵਿੱਚ ਡੋਰੇ ਲਗਦੇ ਨੇ ਕਮਜ਼ੋਰ ਜਿਹੇ।
ਅੰਬਰ ਵਿੱਚੋਂ ਟੁੱਟੀ ਗੁੱਡੀ ਦੀ ਲਹਿਰਾਉਂਦੀ ਡੋਰ ਜਿਹੇ।
ਚੰਨ ਦੇ ਚਾਨਣ ਤਾਰੇ ਲੈ ਕੇ ਚੁੱਪ ਚੁਪੀਤੀ ਰਲ ਮਿਲ ਕੇ,
ਸੰਨ੍ਹ ਲਗਾ ਕੇ ਰਾਤਾਂ ਅੰਦਰ ਚੋਰੀ ਕਰਦੇ ਚੋਰ ਜਿਹੇ।
ਮੇਰੀ ਹੋਂਦ 'ਚ ਨਿਕਲੇ ਨੇ ਜੋ ਹੋਂਦ ਮਿਰੀ ਦੇ ਪਰਛਾਵੇਂ,
ਸ਼ਾਮ ਢਲੇ ਨੂੰ ਦਿਸਦੇ ਨੇ ਜੋ ਹੋਰਾਂ ਵਰਗੇ ਹੋਰ ਜਿਹੇ।
ਤੇਰੀਆਂ ਯਾਦਾਂ ਵਾਲੇ ਝੁਰਮਟ ਏਦਾਂ ਫੇਰਾ ਪਾਉਂਦੇ ਨੇ,
ਜੰਗਲ ਦੇ ਵਿਚ ਖੰਭ ਫਿਲਾ ਕੇ ਬੈਠੇ ਨੇ ਜਿਉਂ ਮੋਰ ਜਿਹੇ।
ਬੀਤੇ ਸਮਿਆਂ ਦੇ ਜੰਗਲ ਵਿੱਚ ਮੇਰੀ ਜੰਨਤ ਵਿੱਚ ਨਜ਼ਾਰੇ,
ਹਿਰਨ ਕੁਲਾਚੇ ਭਰਦੇ ਵੇਖੇ ਬਿਲਕੁਲ ਤੇਰੀ ਤੋਰ ਜਿਹੇ।
ਮਾਰੂਥਲ ਦੇ ਚਿਹਰੇ ਉੱਤੇ ਮਾਯੂਸੀ ਦਾ ਆਲਮ ਸੀ,
ਬਿਨ ਬਾਰਿਸ਼ ਦੇ ਚੜ੍ਹ ਕੇ ਆਏ ਬੱਦਲ ਸੀ ਘਨਘੋਰ ਜਿਹੇ।
ਨਾ ਕੋਈ ਮੇਰੇ ਲਾਗੇ ਚਾਗੇ ਨਾ ਕੋਈ ਦੂਰ ਦੁਰਾਡੇ,
ਖ਼ਬਰੇ ਕਿੰਝ ਸੁਣਾਈ ਦੇਵਣ ਕੰਨਾਂ ਦੇ ਵਿੱਚ ਸ਼ੋਰ ਜਿਹੇ।
ਏਕੇ ਵਾਲੀ ਬਰਕਤ ਕਰਕੇ ਭਾਰੀ ਬੋਝ ਉਠਾ ਲੈਂਦੇ,
ਵੇਖਣ ਨੂੰ ਤਾਂ ਲਗਦੇ ਸੀ ਕੀੜੀ ਦੇ ਝੁੰਡ ਕਮਜ਼ੋਰ ਜਿਹੇ।
ਫਿਰ ਵਿੱਚ ਬਹਾਰਾਂ ਅਪਣੇ ਰੰਗ ਰੂਪ 'ਚ ਵੱਖਰੇ ਨੇ,
ਬੇਸ਼ਕ ਇਹ ਖ਼ੁਸ਼ਬੂ ਨਈਂ ਰੱਖਦੇ ਚਾਅ ਮੇਰੇ ਇਹ ਥੋਰ੍ਹ ਜਿਹੇ।
ਰਾਤੀਂ ਕਿੱਥੋਂ ਆਇਆ ਸੀ ਤੂੰ ਗੱਲਾਂ ਕਿੰਝ ਦੀਆਂ ਕਰਦਾ ਸੀ,
ਬਾਲਮ ਤੇਰੇ ਕਦਮ ਇਵੇਂ ਸੀ ਮੈਖ਼ਾਨੇ ਦੀ ਲੋਰ ਜਿਹੇ।

## ਟੋਕੇ ਵਾਲੀ ਮਸ਼ੀਨ ਤੋਂ ਰਾਸ਼ਟਰਮੰਡਲ ਦੇ ਮੰਚ ਤੱਕ

# ਵੇਟਲਿਫਟਰ ਹਰਜਿੰਦਰ ਕੌਰ ਨੇ ਜਿੱਤਿਆ ਚਾਂਦੀ ਦਾ ਮੈਡਲ

## ਖੇਤਾਂ 'ਚੋਂ ਚਾਰਾ ਲਿਆਉਣ ਵਾਲੀ ਪੰਜਾਬ ਦੀ ਧੀ ਹਰਜਿੰਦਰ ਕੌਰ ਨੇ ਗਲਾਸਗੋ 'ਚ ਰਚਿਆ ਇਤਿਹਾਸ









ਪੰਜਾਬ ਦੀ ਧੀ ਹਰਜਿੰਦਰ ਕੌਰ ਨੇ ਇੱਕ ਵਾਰ ਫਿਰ ਅੰਤਰਰਾਸ਼ਟਰੀ ਖੇਡ ਮੰਚ ਉੱਤੇ ਆਪਣੀ ਤਾਕਤ ਅਤੇ ਲਗਨ ਦਾ ਲੋਹਾ ਮਨਵਾਉਂਦੇ ਹੋਏ ਰਾਸ਼ਟਰਮੰਡਲ ਖੇਡਾਂ 2026 ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ ਦੇਸ਼ ਅਤੇ ਸਿੱਖ ਪੰਥ ਦਾ ਨਾਮ ਰੌਸ਼ਨ ਕੀਤਾ ਹੈ। ਗਲਾਸਗੋ ਵਿੱਚ ਖੇਡੀਆਂ ਜਾ ਰਹੀਆਂ ਇਨ੍ਹਾਂ ਖੇਡਾਂ ਦੇ 69 ਕਿਲੋਗ੍ਰਾਮ ਭਾਰ ਵਰਗ ਵਿੱਚ ਹਰਜਿੰਦਰ ਨੇ ਕੁੱਲ 227 ਕਿਲੋ (ਸਨੈਚ ਵਿੱਚ 101 ਕਿਲੋ ਅਤੇ ਕਲੀਨ ਐਂਡ ਜਰਕ ਵਿੱਚ 126 ਕਿਲੋ) ਭਾਰ ਚੁੱਕ ਕੇ ਆਪਣੇ ਕੈਰੀਅਰ ਦਾ ਸਰਵੋਤਮ (ਪਰਸਨਲ ਬੈਸਟ) ਪ੍ਰਦਰਸ਼ਨ ਕੀਤਾ। ਸਾਲ 2022 ਦੀਆਂ ਬਰਮਿੰਘਮ ਖੇਡਾਂ ਵਿੱਚ ਕਾਂਸੀ ਦਾ ਤਗ਼ਮਾ ਜਿੱਤਣ ਤੋਂ ਬਾਅਦ ਹੁਣ ਚਾਂਦੀ ਦਾ ਤਗਮਾ ਜਿੱਤਣਾ ਉਸ ਦੀ ਅਣਥੱਕ ਮਿਹਨਤ ਦਾ ਪ੍ਰਤੱਖ ਪ੍ਰਮਾਣ ਹੈ।

**ਹਰਜਿੰਦਰ ਦੀ ਸਫ਼ਲਤਾ ਦੀ ਬੁਨਿਆਦ ਤੇ ਪ੍ਰਾਪਤੀਆਂ**

ਹਰਜਿੰਦਰ ਕੌਰ ਦਾ ਜਨਮ 14 ਅਕਤੂਬਰ 1996 ਨੂੰ ਪੰਜਾਬ ਦੇ ਨਾਭਾ ਨੇੜਲੇ ਪਿੰਡ ਮੈਹਸ਼ ਵਿੱਚ ਇੱਕ ਸਧਾਰਨ ਕਿਸਾਨ ਪਰਿਵਾਰ ਵਿੱਚ ਹੋਇਆ। ਇੱਕ ਕਮਰੇ ਦੇ ਘਰ ਵਿੱਚ ਪਲੀ ਹਰਜਿੰਦਰ ਦੇ ਪਰਿਵਾਰ ਨੇ ਆਰਥਿਕ ਤੰਗੀਆਂ ਦਾ ਸਾਹਮਣਾ ਕੀਤਾ, ਇੱਥੋਂ ਤੱਕ ਕਿ ਉਨ੍ਹਾਂ ਦੇ ਪਿਤਾ ਸਾਹਿਬ ਸਿੰਘ ਲਈ ਖੇਡ ਸਿਖਲਾਈ ਦਾ ਬੁਨਿਆਦੀ ਖ਼ਰਚਾ ਚੁੱਕਣਾ ਵੀ ਵੱਡੀ ਚੁਣੌਤੀ ਸੀ ਪਰ ਇਨ੍ਹਾਂ ਆਰਥਿਕ ਮੁਸ਼ਕਿਲਾਂ ਨੇ ਹਰਜਿੰਦਰ ਦੇ ਇਰਾਦਿਆਂ ਨੂੰ ਤੋੜਨ ਦੀ ਬਜਾਏ ਹੋਰ ਮਜ਼ਬੂਤ ਕੀਤਾ। ਰੋਜ਼ਾਨਾ ਪਸ਼ੂਆਂ ਲਈ ਹੱਥੀਂ ਟੋਕੇ ਵਾਲੀ ਮਸ਼ੀਨ ਨਾਲ ਚਾਰਾ ਕੱਟਣਾ ਅਤੇ ਖੇਤਾਂ ਦੇ ਕੰਮਾਂ ਵਿੱਚ ਪਿਤਾ ਦਾ ਹੱਥ ਵਟਾਉਣਾ ਹੀ ਉਨ੍ਹਾਂ ਦੀ ਬੁਨਿਆਦੀ ਸਰੀਰਕ ਤਾਕਤ ਬਣਿਆ। ਸਕੂਲ ਤੋਂ ਥੱਕ ਕੇ ਆਉਣ ਦੇ ਬਾਵਜੂਦ ਘਰ ਦੇ ਕੰਮਾਂ ਲਈ ਹਮੇਸ਼ਾ ਤਿਆਰ ਰਹਿਣਾ ਅਤੇ ਭੈਣ ਨਾਲ 5-5 ਕਿਲੋਮੀਟਰ ਸਾਈਕਲ ਚਲਾ ਕੇ ਅਭਿਆਸ ਲਈ ਜਾਣਾ ਉਨ੍ਹਾਂ ਦੇ ਅਨੁਸ਼ਾਸਨ ਅਤੇ ਜਜ਼ਬੇ ਨੂੰ ਦਰਸਾਉਂਦਾ ਹੈ।

ਹਰਜਿੰਦਰ ਕੌਰ ਨੇ ਆਪਣੇ ਖੇਡ ਕੈਰੀਅਰ ਦੀ ਸ਼ੁਰੂਆਤ ਇੱਕ ਕਬੱਡੀ ਰੇਡਰ ਵਜੋਂ ਕੀਤੀ ਸੀ। ਸਾਲ 2016 ਵਿੱਚ ਆਪਣੇ ਭਰਾ ਦੀ ਸਲਾਹ 'ਤੇ ਉਨ੍ਹਾਂ ਨੇ ਕਬੱਡੀ ਛੱਡ ਕੇ ਵੇਟਲਿਫਟਿੰਗ ਵੱਲ ਰੁੱਖ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਦਾਖਲੇ ਅਤੇ ਉੱਥੇ ਮਿਲੇ ਬਿਹਤਰ ਕੋਚਾਂ ਦੀ ਬਦੌਲਤ ਉਨ੍ਹਾਂ ਦੇ ਕੈਰੀਅਰ ਨੇ ਨਵੀਂ ਉਡਾਣ ਭਰੀ। 2016 ਵਿੱਚ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ ਵਿੱਚ ਆਪਣਾ ਪਹਿਲਾ ਤਗ਼ਮਾ ਜਿੱਤਣ ਤੋਂ ਬਾਅਦ 2017 ਵਿੱਚ ਉਹ ਸੂਬਾਈ ਚੈਂਪੀਅਨ ਬਣੇ। ਅੰਤਰਰਾਸ਼ਟਰੀ ਪੱਧਰ 'ਤੇ ਉਨ੍ਹਾਂ ਨੂੰ ਪਹਿਲੀ ਵੱਡੀ ਸਫ਼ਲਤਾ 2021 ਦੀ ਸੀਨੀਅਰ ਰਾਸ਼ਟਰਮੰਡਲ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗ਼ਮਾ (211 ਕਿਲੋ) ਜਿੱਤ ਕੇ ਮਿਲੀ।

ਹਰਜਿੰਦਰ ਕੌਰ ਦਾ ਖੇਡ ਕੈਰੀਅਰ ਲਗਾਤਾਰ ਉਪਲੱਬਧੀਆਂ ਨਾਲ ਭਰਿਆ ਰਿਹਾ ਹੈ। ਬਰਮਿੰਘਮ ਰਾਸ਼ਟਰਮੰਡਲ ਖੇਡਾਂ 2022 ਵਿੱਚ ਉਨ੍ਹਾਂ ਨੇ 212 ਕਿਲੋਗ੍ਰਾਮ ਭਾਰ ਚੁੱਕ ਕੇ ਕਾਂਸੀ ਦਾ ਤਗ਼ਮਾ ਆਪਣੇ ਨਾਂ ਕੀਤਾ ਸੀ। ਇਸ ਤੋਂ ਬਾਅਦ ਸਾਲ 2024 ਦੀ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ 223 ਕਿਲੋਗ੍ਰਾਮ ਭਾਰ ਚੁੱਕ ਕੇ ਉਨ੍ਹਾਂ ਨੇ ਇੱਕੋ ਵਾਰ ਵਿੱਚ ਤਿੰਨ ਨਵੇਂ ਰਾਸ਼ਟਰੀ ਰਿਕਾਰਡ ਕਾਇਮ ਕੀਤੇ। ਉਨ੍ਹਾਂ ਨੇ ਰਾਸ਼ਟਰਮੰਡਲ ਵੇਟਲਿਫਟਿੰਗ ਚੈਂਪੀਅਨਸ਼ਿਪ 2025 ਵਿੱਚ ਕਾਂਸੀ ਦਾ ਤਗ਼ਮਾ (222 ਕਿਲੋ) ਅਤੇ 2026 ਦੀ ਸੀਨੀਅਰ ਏਸ਼ੀਆਈ ਵੇਟਲਿਫਟਿੰਗ ਚੈਂਪੀਅਨਸ਼ਿਪ ਦੇ ਸਨੈਚ ਮੁਕਾਬਲੇ ਵਿੱਚ ਵੀ ਕਾਂਸੀ ਦਾ ਤਗ਼ਮਾ ਹਾਸਲ ਕੀਤਾ। ਹੁਣ 2026 ਦੀਆਂ ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿੱਚ 227 ਕਿਲੋ ਭਾਰ ਚੁੱਕ ਕੇ ਚਾਂਦੀ ਦਾ ਤਗ਼ਮਾ ਜਿੱਤਣਾ ਉਨ੍ਹਾਂ ਦੇ ਖੇਡ ਕੈਰੀਅਰ ਦਾ ਸਿਖਰ ਹੈ।

**ਸਿੱਖ ਪੰਥ ਅਤੇ ਪੰਜਾਬ ਦਾ ਨਾਂਅ ਰੌਸ਼ਨ**

ਹਰਜਿੰਦਰ ਕੌਰ ਦੀ ਇਹ ਜਿੱਤ ਕੇਵਲ ਇੱਕ ਖੇਡ ਤਗ਼ਮਾ ਨਹੀਂ ਹੈ, ਸਗੋਂ ਇਹ ਸਿੱਖ ਪੰਥ ਦੀਆਂ ਉਨ੍ਹਾਂ ਪਰੰਪਰਾਵਾਂ ਦਾ ਪ੍ਰਤੀਕ ਹੈ ਜੋ ਕਿਰਤ ਕਰਨ, ਚੜ੍ਹਦੀ ਕਲਾ ਵਿੱਚ ਰਹਿਣ ਅਤੇ ਕਠਿਨ ਤੋਂ ਕਠਿਨ ਹਾਲਾਤਾਂ ਦਾ ਸਾਹਮਣਾ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। ਇੱਕ ਸਧਾਰਨ ਪੇਂਡੂ ਪਰਿਵਾਰ ਦੀ ਸਿੱਖ ਧੀ ਨੇ ਆਪਣੇ ਕਿਰਦਾਰ, ਸਿਦਕ ਅਤੇ ਨਿਮਰਤਾ ਨਾਲ ਵਿਸ਼ਵ ਪੱਧਰ 'ਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਮਨ ਨੀਵਾਂ ਮਤ ਉੱਚੀ' ਨੂੰ ਪ੍ਰਤੱਖ ਕਰ ਵਿਖਾਇਆ ਹੈ। ਆਪਣੀ ਇਸ ਇਤਿਹਾਸਕ ਸਫ਼ਲਤਾ ਤੋਂ ਬਾਅਦ ਹਰਜਿੰਦਰ ਕੌਰ ਨੇ ਆਪਣਾ ਇਹ ਮੈਡਲ ਆਪਣੇ ਪਰਿਵਾਰ ਨੂੰ ਸਮਰਪਿਤ ਕੀਤਾ ਅਤੇ ਭਾਰਤੀ ਫੈਡਰੇਸ਼ਨ ਤੇ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਦਾ ਇਹ ਸਫ਼ਰ ਅੱਜ ਪੰਜਾਬ ਦੀਆਂ ਹਜ਼ਾਰਾਂ ਧੀਆਂ ਲਈ ਪ੍ਰੇਰਨਾ ਦਾ ਸਰੋਤ ਹੈ ਕਿ ਜੇਕਰ ਇਰਾਦੇ ਬੁਲੰਦ ਹੋਣ ਤਾਂ ਖੇਤਾਂ ਦੀ ਮਿੱਟੀ ਤੋਂ ਸ਼ੁਰੂ ਹੋਇਆ ਸਫ਼ਰ ਦੁਨੀਆ ਦੇ ਸਭ ਤੋਂ ਵੱਡੇ ਮੰਚਾਂ ਤੱਕ ਪਹੁੰਚ ਸਕਦਾ ਹੈ।

# ਰਾਸ਼ਟਰਮੰਡਲ ਖੇਡਾਂ 'ਚ ਪੰਜਾਬ ਦੇ ਵੇਟਲਿਫਟਰ ਲਵਪ੍ਰੀਤ ਸਿੰਘ ਨੇ ਜਿੱਤਿਆ ਚਾਂਦੀ ਦਾ ਤ.ਗਮਾ

## ਦਰਜ਼ੀ ਦੇ ਪੁੱਤਰ ਲਵਪ੍ਰੀਤ ਸਿੰਘ ਦਾ ਬਹੁਤ ਸੰਘਰਸ਼ਪੂਰਨ ਹੈ ਖੇਡ ਕੈਰੀਅਰ




ਪੰਜਾਬ ਦੇ ਲਵਪ੍ਰੀਤ ਸਿੰਘ, ਜੋ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬੱਲ ਸਚੰਦਰ ਦਾ ਰਹਿਣ ਵਾਲਾ ਹੈ, ਨੇ 2026 ਦੀਆਂ ਕਾਮਨਵੈਲਥ ਖੇਡਾਂ ਵਿੱਚ ਮਰਦਾਂ ਦੇ 110+ ਕਿਲੋਗ੍ਰਾਮ ਵੇਟਲਿਫਟਿੰਗ ਮੁਕਾਬਲੇ ਵਿੱਚ ਚਾਂਦੀ ਦਾ ਤ.ਗਮਾ ਜਿੱਤ ਲਿਆ ਹੈ।

ਲਵਪ੍ਰੀਤ ਨੇ ਕੁੱਲ 388 ਕਿਲੋਗ੍ਰਾਮ (ਸਨੈਚ ਵਿੱਚ 176 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿੱਚ 212 ਕਿਲੋਗ੍ਰਾਮ) ਵਜ਼ਨ ਚੁੱਕਿਆ। ਇਹ ਤ.ਗਮਾ ਉਸ ਵੱਲੋਂ 2022 ਦੀਆਂ ਕਾਮਨਵੈਲਥ ਖੇਡਾਂ ਵਿੱਚ ਕਾਂਸੀ ਦਾ ਤ.ਗਮਾ ਜਿੱਤਣ ਤੋਂ ਚਾਰ ਸਾਲ ਬਾਅਦ ਆਇਆ ਹੈ।

ਇੱਕ ਨਿਮਾਣੇ ਪਰਿਵਾਰ ਵਿੱਚ ਪੈਦਾ ਹੋਏ ਲਵਪ੍ਰੀਤ ਦਾ ਅੰਤਰਰਾਸ਼ਟਰੀ ਪੱਧਰ ਤੱਕ ਦਾ ਸ.ਫਰ ਬਿਲਕੁਲ ਵੀ ਆਸਾਨ ਨਹੀਂ ਸੀ। ਉਸ ਦੇ ਦਾਦਾ ਗੁਰਮੇਜ ਸਿੰਘ ਅਤੇ ਚਾਚਾ ਸਬਜ਼ੀ ਵੇਚ ਕੇ ਗੁਜ਼ਾਰਾ ਕਰਦੇ ਸਨ ਅਤੇ ਹਰ ਰੋਜ਼ ਸਵੇਰੇ ਸਿਖਲਾਈ ਲਈ ਨਿਕਲਣ ਤੋਂ ਪਹਿਲਾਂ, ਨੌਜਵਾਨ ਖਿਡਾਰੀ ਸਵੇਰੇ 5 ਵਜੇ ਸਬਜ਼ੀਆਂ ਉਤਾਰਨ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ ਸਬਜ਼ੀ ਮੰਡੀ ਜਾਂਦਾ ਸੀ। ਕੰਮ ਖ਼ਤਮ ਕਰਨ ਤੋਂ ਬਾਅਦ ਹੀ ਉਹ ਅਭਿਆਸ ਲਈ ਜਾਂਦਾ ਸੀ।ਲਵਪ੍ਰੀਤ ਨੇ ਅੱਠਵੀਂ ਜਮਾਤ ਵਿੱਚ ਪੜ੍ਹਦਿਆਂ ਵੇਟਲਿਫਟਿੰਗ ਸ਼ੁਰੂ ਕੀਤੀ ਸੀ। ਆਪਣੇ ਪਿੰਡ ਦੇ ਵੇਟਲਿਫਟਰਾਂ ਤੋਂ ਪ੍ਰੇਰਿਤ ਹੋ ਕੇ, ਉਸ ਨੇ ਖੇਡਾਂ ਵਿੱਚ ਆਪਣਾ ਨਾਮ ਬਣਾਉਣ ਦਾ ਸੁਪਨਾ ਦੇਖਿਆ ਸੀ। ਮੋੜਵਾਂ ਮੋੜ ਉਦੋਂ ਆਇਆ ਜਦੋਂ ਪਿੰਡ ਬੱਲ ਸਚੰਦਰ ਦੇ ਇੱਕ ਨੌਜਵਾਨ ਨੇ ਰਾਜ ਪੱਧਰ 'ਤੇ ਚਾਂਦੀ ਦਾ ਤ.ਗਮਾ ਜਿੱਤਿਆ।

ਦਰਜ਼ੀ ਵਜੋਂ ਕੰਮ ਕਰਦੇ ਲਵਪ੍ਰੀਤ ਦੇ ਪਿਤਾ ਕ੍ਰਿਪਾਲ ਸਿੰਘ ਨੇ ਯਾਦ ਕਰਦਿਆਂ ਕਿਹਾ, ਪੂਰੇ ਪਿੰਡ ਨੇ ਉਸ ਪ੍ਰਾਪਤੀ ਦਾ ਜਸ਼ਨ ਮਨਾਇਆ। ਇਸ ਨਾਲ ਜੋ ਖੁਸ਼ੀ ਮਿਲੀ, ਉਸ ਨੂੰ ਦੇਖਦਿਆਂ ਅਸੀਂ ਚਾਹੁੰਦੇ ਸੀ ਕਿ ਸਾਡਾ ਪੁੱਤਰ ਖੇਡਾਂ ਵਿੱਚ ਹਿੱਸਾ ਲਵੇ ਅਤੇ ਇੱਕ ਬਿਹਤਰ ਭਵਿੱਖ ਬਣਾਵੇ। ਲਵਪ੍ਰੀਤ ਵੀ ਉੱਨਾ ਹੀ ਪ੍ਰੇਰਿਤ ਸੀ।

ਮਿਹਨਤ ਜਲਦੀ ਹੀ ਰੰਗ ਲਿਆਉਣ ਲੱਗੀ। ਨੌਵੀਂ ਜਮਾਤ ਵਿੱਚ ਪੜ੍ਹਦਿਆਂ, ਲਵਪ੍ਰੀਤ ਨੇ ਆਪਣਾ ਪਹਿਲਾ ਰਾਜ ਪੱਧਰੀ ਤ.ਗਮਾ ਜਿੱਤਿਆ, ਜਿਸ ਨਾਲ ਉਸ ਨੂੰ ਖੇਡ ਨੂੰ ਗੰਭੀਰਤਾ ਨਾਲ ਅੱਗੇ ਵਧਾਉਣ ਦਾ ਆਤਮ-ਵਿਸ਼ਵਾਸ ਮਿਲਿਆ।ਲਵਪ੍ਰੀਤ ਆਪਣੇ ਘਰ ਤੋਂ ਕਾਫ਼ੀ ਦੂਰ ਸਥਿਤ ਇੱਕ ਕਾਲਜ ਦੇ ਮੈਦਾਨ ਵਿੱਚ ਸਿਖਲਾਈ ਲੈਂਦਾ ਸੀ। ਹਰ ਰੋਜ਼, ਉਸ ਦੇ ਪਿਤਾ ਉਸ ਨੂੰ ਸਾਈਕਲ 'ਤੇ ਬੱਸ ਸਟੈਂਡ ਤੱਕ ਲੈ ਜਾਂਦੇ ਸਨ, ਜਦੋਂ ਕਿ ਲਵਪ੍ਰੀਤ ਪਿੱਛੇ ਬੈਠਦਾ ਸੀ। ਉੱਥੋਂ, ਉਹ ਆਟੋ-ਰਿਕਸ਼ਾ ਰਾਹੀਂ ਮੈਦਾਨ ਜਾਂਦਾ ਸੀ।

ਆਪਣੇ ਪੁੱਤਰ ਦੀ ਪ੍ਰਾਪਤੀ 'ਤੇ, ਇੱਕ ਭਾਵੁਕ ਕ੍ਰਿਪਾਲ ਸਿੰਘ ਨੇ ਕਿਹਾ, ਪਹਿਲਾਂ ਕਾਂਸੀ ਦਾ ਤ.ਗਮਾ ਅਤੇ ਹੁਣ ਚਾਂਦੀ ਦਾ ਤ.ਗਮਾ ਮਿਲਣ ਤੋਂ ਬਾਅਦ, ਮੈਂ ਬਿਆਨ ਨਹੀਂ ਕਰ ਸਕਦਾ ਕਿ ਮੈਂ ਕੀ ਮਹਿਸੂਸ ਕਰ ਰਿਹਾ ਹਾਂ। ਇਹ ਸਭ ਪਰਮਾਤਮਾ ਦੀ ਕਿਰਪਾ ਨਾਲ ਹੈ ਕਿ ਅਸੀਂ ਇਹ ਖੁਸ਼ੀ ਦੇ ਦਿਨ ਦੇਖਣ ਲਈ ਜਿਉਂਦੇ ਹਾਂ। ਨਹੀਂ ਤਾਂ, ਸਾਡੇ ਕੋਲ ਬਹੁਤਾ ਕੁਝ ਨਹੀਂ ਸੀ।

# ਉੱਚੀ ਛਾਲ ਮੁਕਾਬਲੇ ਵਿੱਚ ਭਾਰਤ ਦੇ ਸਰਵੇਸ਼ ਨੇ ਰਚਿਆ ਇਤਿਹਾਸ

## ਚਾਂਦੀ ਦਾ ਤ.ਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣਿਆ




ਗਲਾਸਗੋ/ਏ.ਟੀ.ਨਿਊਜ਼ः ਕੌਮੀ ਰਿਕਾਰਡਧਾਰੀ ਸਰਵੇਸ਼ ਕੁਸ਼ਾਰੇ ਨੇ ਇਤਿਹਾਸ ਰਚ ਦਿੱਤਾ ਹੈ ਕਿਉਂਕਿ ਉਹ ਜਮਾਇਕਾ ਦੇ ਰੋਮੇਨ ਬੈਕਫੋਰਡ ਨਾਲ ਇੱਕ ਰੋਮਾਂਚਕ ਮੁਕਾਬਲੇ ਵਿੱਚ ਬਹੁਤ ਘੱਟ ਫ਼ਰਕ ਨਾਲ ਸੋਨ ਤ.ਗਮੇ ਤੋਂ ਖੁੰਝਣ ਬਾਅਦ, ਰਾਸ਼ਟਰਮੰਡਲ ਖੇਡਾਂ ਦੇ ਪੁਰਸ਼ਾਂ ਦੇ ਉੱਚੀ ਛਾਲ ਮੁਕਾਬਲੇ ਵਿੱਚ ਚਾਂਦੀ ਦਾ ਤ.ਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣ ਗਿਆ ਹੈ। 2.25 ਮੀਟਰ ਦੀ ਛਾਲ ਪੂਰੀ ਕਰਨ ਤੋਂ ਬਾਅਦ, 31 ਸਾਲਾ ਕੁਸ਼ਾਰੇ ਅਤੇ ਬੈਕਫੋਰਡ ਦੋਵੇਂ ਹੀ 2.28 ਮੀਟਰ ਦੇ ਨਿਸ਼ਾਨ ਨੂੰ ਪਾਰ ਕਰਨ ਵਿੱਚ ਅਸਫਲ ਰਹੇ ਪਰ ਜਮਾਇਕਾ ਦੇ ਖਿਡਾਰੀ ਨੂੰ ਸੋਨ ਤ.ਗਮਾ ਮਿਲਿਆ ਕਿਉਂਕਿ ਕਾਊਂਟ-ਬੈਕ ਦੇ ਆਧਾਰ 'ਤੇ ਭਾਰਤੀ ਖਿਡਾਰੀ ਨਾਲੋਂ ਉਸ ਦੀਆਂ ਅਸਫਲ ਕੋਸ਼ਿਸ਼ਾਂ ਇੱਕ ਘੱਟ ਸੀ।

ਕਾਂਸੀ ਦਾ ਤ.ਗਮਾ ਇੰਗਲੈਂਡ ਦੇ ਜੈਕ ਕਿਮਾਨੀ (2.20 ਮੀਟਰ) ਨੂੰ ਮਿਲਿਆ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲਾ ਦੂਜਾ ਭਾਰਤੀ, ਆਦਰਸ਼ ਰਾਮ 2.15 ਮੀਟਰ ਨਾਲ ਪੰਜਵੇਂ ਸਥਾਨ 'ਤੇ ਰਿਹਾ।



# ਜਾਦੂ ਭਰੀ ਆਵਾਜ਼ ਦਾ ਮਾਲਕ ਸੀ ਮੁਹੰਮਦ ਰਫ਼ੀ

ਲਲਿਤਾ ਗੁਪਤਾ

ਮੁਹੰਮਦ ਰਫ਼ੀ ਭਾਰਤੀ ਸੰਗੀਤ ਜਗਤ ਦਾ ਇੱਕ ਅਜਿਹਾ ਚਮਕਦਾ ਸਿਤਾਰਾ ਸੀ ਜਿਸ ਦੀ ਆਵਾਜ਼ ਨੇ ਸਰਹੱਦਾਂ ਅਤੇ ਸਮੇਂ ਦੇ ਬੰਧਨਾਂ ਨੂੰ ਤੋੜ ਕੇ ਕਰੋੜਾਂ ਦਿਲਾਂ 'ਤੇ ਰਾਜ ਕੀਤਾ। ਉਸ ਨੂੰ ਹਿੰਦੁਸਤਾਨੀ ਸਿਨੇਮਾ ਦਾ 'ਸੁਰਾਂ ਦਾ ਬਾਦਸ਼ਾਹ' ਕਿਹਾ ਜਾਂਦਾ ਹੈ। ਰਫ਼ੀ ਦੀ ਗਾਇਕੀ ਵਿੱਚ ਅਜਿਹਾ ਜਾਦੂ ਸੀ ਜੋ ਸੁਣਨ ਵਾਲੇ ਨੂੰ ਵੱਖਰੀ ਹੀ ਦੁਨੀਆ ਵਿੱਚ ਲੈ ਜਾਂਦਾ ਸੀ। ਉਸ ਨੇ ਹਿੰਦੀ, ਉਰਦੂ, ਪੰਜਾਬੀ, ਬੰਗਾਲੀ, ਮਰਾਠੀ ਅਤੇ ਕਈ ਵਿਦੇਸ਼ੀ ਭਾਸ਼ਾਵਾਂ ਸਮੇਤ ਹਜ਼ਾਰਾਂ ਗੀਤ ਗਾਏ। ਉਸ ਦੀ ਆਵਾਜ਼ ਦੀ ਵਿਭਿੰਨਤਾ ਇੰਨੀ ਜ਼ਿਆਦਾ ਸੀ ਕਿ ਉਹ ਹਰ ਤਰ੍ਹਾਂ ਦੇ ਹਾਵ-ਭਾਵ ਨੂੰ ਬਹੁਤ ਹੀ ਸਹਿਜਤਾ ਨਾਲ ਪੇਸ਼ ਕਰ ਦਿੰਦਾ ਸੀ। ਚਾਹੇ ਕੋਈ ਰੁਮਾਂਟਿਕ ਗੀਤ ਹੋਵੇ, ਦੇਸ਼ ਭਗਤੀ ਦਾ ਤਰਾਨਾ ਹੋਵੇ, ਕੋਈ ਦੁਖਦਾਈ ਨ਼ਗਮਾ ਹੋਵੇ ਜਾਂ ਫਿਰ ਕੋਈ ਭਜਨ-ਕੱਵਾਲੀ, ਮੁਹੰਮਦ ਰਫ਼ੀ ਨੇ ਹਰ ਗੀਤ ਨੂੰ ਆਪਣੀ ਰੂਹ ਨਾਲ ਗਾਇਆ।

ਮੁਹੰਮਦ ਰਫ਼ੀ ਦਾ ਜਨਮ 24 ਦਸੰਬਰ 1924 ਨੂੰ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ ਹੋਇਆ। ਰਫ਼ੀ ਨੂੰ ਬਚਪਨ ਤੋਂ ਹੀ ਸੰਗੀਤ ਨਾਲ ਬਹੁਤ ਲਗਾਅ ਸੀ। ਕਿਹਾ ਜਾਂਦਾ ਹੈ ਕਿ ਜਦੋਂ ਉਹ ਬਹੁਤ ਛੋਟਾ ਸੀ ਤਾਂ ਉਨ੍ਹਾਂ ਦੇ ਪਿੰਡ ਵਿੱਚ ਇੱਕ ਫ਼ਕੀਰ ਆਇਆ ਕਰਦਾ ਸੀ ਜੋ ਗਲੀਆਂ ਵਿੱਚ ਗਾਉਂਦਾਸੀ। ਬਾਲ ਰਫ਼ੀ ਉਸ ਫ਼ਕੀਰ ਦੇ ਪਿੱਛੇ-ਪਿੱਛੇ ਚਲੇ ਜਾਂਦਾ ਅਤੇ ਉਸ ਦੇ ਗੀਤਾਂ ਦੀ ਨਕਲ ਕਰਦਾ ਸੀ। ਇੱਥੋਂ ਹੀ ਉਸ ਦੇ ਮਨ ਵਿੱਚ ਗਾਇਕੀ ਪ੍ਰਤੀ ਚਾਹਤ ਪੈਦਾ ਹੋਈ। ਬਾਅਦ ਵਿੱਚ ਉਸ ਦਾ ਪਰਿਵਾਰ ਲਾਹੌਰ ਚਲਾ ਗਿਆ ਜਿੱਥੇ ਉਸ ਦੇ ਵੱਡੇ ਭਰਾ ਮੁਹੰਮਦ ਦੀਨ ਨੇ ਰਫ਼ੀ ਦੇ ਸੰਗੀਤਕ ਸ਼ੌਕ ਨੂੰ ਪਛਾਣਿਆ ਅਤੇ ਉਸ ਨੂੰ ਪੂਰਾ ਸਹਿਯੋਗ ਦਿੱਤਾ। ਲਾਹੌਰ ਵਿੱਚ ਰਫ਼ੀ ਨੇ ਸੰਗੀਤ ਦੀ ਬਾਕਾਇਦਾ ਸਿੱਖਿਆ ਲੈਣੀ ਸ਼ੁਰੂ ਕੀਤੀ। ਉਸ ਨੇ ਉਸਤਾਦ ਅਬਦੁਲ ਵਾਹਿਦ ਖ਼ਾਨ, ਪੰਡਿਤ ਜੀਵਨ ਲਾਲ ਮੱਟੂ ਅਤੇ ਫ਼ਿਰੋਜ਼ ਨਿਜ਼ਾਮੀ ਵਰਗੇ ਮਹਾਨ ਸੰਗੀਤਕਾਰਾਂ ਤੋਂ ਕਲਾਸੀਕਲ ਸੰਗੀਤ ਦੇ ਗੁਰ ਸਿੱਖੇ।

ਰਫ਼ੀ ਨੇ ਆਪਣੀ ਪਹਿਲੀ ਜਨਤਕ ਪੇਸ਼ਕਾਰੀ ਮਹਿਜ਼ 13 ਸਾਲ ਦੀ ਉਮਰ ਵਿੱਚ ਲਾਹੌਰ ਵਿਖੇ ਦਿੱਤੀ। ਉਸ ਪ੍ਰੋਗਰਾਮ ਵਿੱਚ ਉਸ ਸਮੇਂ ਦੇ ਮਸ਼ਹੂਰ ਗਾਇਕ ਕੇ. ਐੱਲ. ਸਹਿਗਲ ਵੀ ਮੌਜੂਦ ਸਨ ਜੋ ਬਿਜਲੀ ਚਲੇ ਜਾਣ ਕਾਰਨ ਗਾਉਣ ਤੋਂ ਨਾਂਹ ਕਰ ਚੁੱਕੇ ਸਨ। ਉੱਥੇ ਰਫ਼ੀ ਨੇ ਬਿਨਾਂ ਮਾਈਕ ਤੋਂ ਗਾ ਕੇ ਹਜ਼ਾਰਾਂ ਦੀ ਭੀੜ ਨੂੰ ਮੰਤਰ-ਮੁਗਧ ਕਰ ਦਿੱਤਾ। ਸਹਿਗਲ ਨੇ ਖ਼ੁਦ ਰਫ਼ੀ ਦੀ ਪ੍ਰਤਿਭਾ ਨੂੰ ਪਛਾਣਿਆ ਅਤੇ ਉਸ ਨੂੰ ਅਸ਼ੀਰਵਾਦ ਦਿੱਤਾ।

ਮੁਹੰਮਦ ਰਫ਼ੀ ਨੇ ਪਿੱਠਵਰਤੀ ਗਾਇਕ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ 1944 ਵਿੱਚ ਲਾਹੌਰ ਵਿੱਚ ਬਣੀ ਪੰਜਾਬੀ ਫਿਲਮ 'ਗੁਲ ਬਲੋਚ' ਦੇ ਗੀਤ 'ਸੋਹਣੀਏ ਨੀਂ ਹੀਰੀਏ ਨੀ' ਰਾਹੀਂ ਕੀਤੀ। ਇਸ ਤੋਂ ਬਾਅਦ ਉਹ ਮੁੰਬਈ ਆ ਗਿਆ ਜਿੱਥੇ ਉਸ ਨੂੰ ਸ਼ੁਰੂਆਤੀ ਦਿਨਾਂ ਵਿੱਚ ਕਾਫ਼ੀ ਸੰਘਰਸ਼ ਕਰਨਾ ਪਿਆ। ਸਾਲ 1944 ਵਿੱਚ ਹੀ ਉਸ ਨੂੰ ਹਿੰਦੀ ਫਿਲਮ 'ਪਹਿਲੇ ਆਪ' ਵਿੱਚ ਗਾਉਣ ਦਾ ਮੌਕਾ ਮਿਲਿਆ।1940 ਦੇ ਦਹਾਕੇ ਦੇ ਅਖੀਰ ਅਤੇ 1950 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਮੁਹੰਮਦ ਰਫ਼ੀ ਭਾਰਤੀ ਸਿਨੇਮਾ ਦੇ ਸਭ ਤੋਂ ਪ੍ਰਮੁੱਖ ਗਾਇਕ ਵਜੋਂ ਉੱਭਰਿਆ। 1952 ਵਿੱਚ ਫਿਲਮ 'ਬੈਜੂ ਬਾਵਰਾ' ਉਸ ਦੇ ਕਰੀਅਰ ਦਾ ਮੀਲ ਪੱਥਰ ਸਾਬਤ ਹੋਈ। ਇਸ ਫਿਲਮ ਵਿੱਚ ਸੰਗੀਤਕਾਰ ਨੌਸ਼ਾਦ ਦੇ ਨਿਰਦੇਸ਼ਨ ਹੇਠ ਗਾਏ ਕਲਾਸੀਕਲ ਗੀਤ ਜਿਵੇਂ 'ਓ ਦੁਨੀਆ ਕੇ ਰਖਵਾਲੇ' ਅਤੇ 'ਮਨ ਤੜਪਤ ਹਰੀ ਦਰਸ਼ਨ ਕੋ ਆਜ' ਨੇ ਉਸ ਨੂੰ ਦੇਸ਼ ਭਰ ਵਿੱਚ ਪ੍ਰਸਿੱਧੀ ਦਿਵਾਈ। ਰਫ਼ੀ ਦੀ ਸਭ ਤੋਂ ਵੱਡੀ ਖ਼ੂਬੀ ਉਸ ਦੀ ਆਵਾਜ਼ ਦੀ ਲਚਕਤਾ ਸੀ। ਉਹ ਜਿਸ ਵੀ ਅਦਾਕਾਰ ਲਈ ਗਾਉਂਦਾ ਸੀ, ਆਪਣੀ ਆਵਾਜ਼ ਨੂੰ ਉਸੇ ਅਦਾਕਾਰ ਦੇ ਹਾਵ-ਭਾਵ ਅਤੇ ਅੰਦਾਜ਼ ਮੁਤਾਬਕ ਢਾਲ ਲੈਂਦਾ ਸੀ। ਜਦੋਂ ਉਹ ਦਿਲੀਪ ਕੁਮਾਰ ਲਈ ਗਾਉਂਦਾ ਸੀ ਤਾਂ ਉਸ ਦੀ ਆਵਾਜ਼ ਵਿੱਚ ਗੰਭੀਰਤਾ ਅਤੇ ਦਰਦ ਹੁੰਦਾ ਸੀ। ਦੇਵ ਆਨੰਦ ਲਈ ਗਾਉਂਦੇ ਸਮੇਂ ਉਸ ਦੀ ਆਵਾਜ਼ ਵਿੱਚ ਰੁਮਾਂਟਿਕ ਅਲਬੇਲਾਪਣ ਆ ਜਾਂਦਾ ਸੀ। ਸ਼ੰਮੀ ਕਪੂਰ ਲਈ 'ਯਾਹੂ!' ਵਰਗੇ ਗੀਤਾਂ ਵਿੱਚ ਜੋ ਊਰਜਾ ਅਤੇ ਮਸਤੀ ਰਫ਼ੀ ਨੇ ਭਰੀ ਉਸ ਨੇ ਸ਼ੰਮੀ ਕਪੂਰ ਨੂੰ ਸੁਪਰਸਟਾਰ ਬਣਾ ਦਿੱਤਾ। ਇਸੇ ਤਰ੍ਹਾਂ ਜੌਨੀ ਵਾਕਰ ਵਰਗੇ ਕਾਮੇਡੀਅਨਾਂ ਲਈ ਵੀ ਉਸ ਨੇ ਕਈ ਸੁਪਰਹਿੱਟ ਗੀਤ ਗਾਏ। ਉਸ ਦੇ ਸਮਕਾਲੀ ਸੰਗੀਤਕਾਰਾਂ ਨਾਲ ਰਿਸ਼ਤੇ ਵੀ ਬਹੁਤ ਵਧੀਆ ਰਹੇ।



ਮੁਹੰਮਦ ਰਫ਼ੀ ਨੇ ਆਪਣੇ ਦੌਰ ਦੇ ਸਾਰੇ ਮਹਾਨ ਸੰਗੀਤਕਾਰਾਂ ਜਿਵੇਂ ਕਿ ਨੌਸ਼ਾਦ, ਐੱਸ. ਡੀ. ਬਰਮਨ, ਸ਼ੰਕਰ-ਜੈਕਿਸ਼ਨ, ਓ. ਪੀ. ਨਈਅਰ, ਮਦਨ ਮੋਹਨ, ਕਲਿਆਣਜੀ-ਅਨੰਦਜੀ ਅਤੇ ਲਕਸ਼ਮੀਕਾਂਤ-ਪਿਆਰੇਲਾਲ ਨਾਲ ਕੰਮ ਕੀਤਾ। ਹਰ ਸੰਗੀਤਕਾਰ ਉਸ ਨੂੰ ਆਪਣੀ ਪਹਿਲੀ ਪਸੰਦ ਮੰਨਦਾ ਸੀ ਕਿਉਂਕਿ ਰਫ਼ੀ ਕਿਸੇ ਵੀ ਔਖੀ ਤੋਂ ਔਖੀ ਧੁਨ ਨੂੰ ਬਹੁਤ ਆਸਾਨੀ ਨਾਲ ਗਾ ਲੈਂਦਾ ਸੀ। ਲਤਾ ਮੰਗੇਸ਼ਕਰ, ਆਸ਼ਾ ਭੋਸਲੇ, ਗੀਤਾ ਦੱਤ ਅਤੇ ਸ਼ਮਸ਼ਾਦ ਬੇਗਮ ਵਰਗੀਆਂ ਦਿੱਗਜ ਗਾਇਕਾਵਾਂ ਨਾਲ ਉਸ ਦੇ ਦੋਗਾਣੇ ਅੱਜ ਵੀ ਭਾਰਤੀ ਸੰਗੀਤ ਦੇ ਅਨਮੋਲ ਰਤਨ ਹਨ।

ਸੰਗੀਤ ਦੀ ਦੁਨੀਆ ਵਿੱਚ ਪਾਏ ਆਪਣੇ ਬੇਮਿਸਾਲ ਯੋਗਦਾਨ ਲਈ ਮੁਹੰਮਦ ਰਫ਼ੀ ਨੂੰ ਕਈ ਵੱਕਾਰੀ ਪੁਰਸਕਾਰਾਂ ਨਾਲ ਨਿਵਾਜਿਆ ਗਿਆ। ਉਸ ਨੂੰ ਛੇ ਵਾਰ ਫਿਲਮਫੇਅਰ ਸਰਵੋਤਮ ਪਿੱਠਵਰਤੀ ਗਾਇਕ ਦਾ ਪੁਰਸਕਾਰ ਮਿਲਿਆ। ਸਾਲ 1967 ਵਿੱਚ ਭਾਰਤ ਸਰਕਾਰ ਵੱਲੋਂ ਉਸ ਨੂੰ ਦੇਸ਼ ਦੇ ਚੌਥੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਪਦਮ ਸ੍ਰੀ' ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਉਸ ਨੂੰ ਫਿਲਮ 'ਕਯਾਮਤ ਸੇ ਕਯਾਮਤ ਤੱਕ' ਦੇ ਗੀਤ 'ਕਿਆ ਹੁਆ ਤੇਰਾ ਵਾਦਾ' ਲਈ ਨੈਸ਼ਨਲ ਫਿਲਮ ਐਵਾਰਡ ਵੀ ਮਿਲਿਆ। 31 ਜੁਲਾਈ 1980 ਨੂੰ ਭਾਰਤੀ ਸੰਗੀਤ ਜਗਤ ਨੂੰ ਉਹ ਗਹਿਰਾ ਸਦਮਾ ਲੱਗਾ ਜਿਸ ਦੀ ਭਰਪਾਈ ਕਦੇ ਨਹੀਂ ਹੋ ਸਕਦੀ। ਮਹਿਜ਼ 55 ਸਾਲ ਦੀ ਉਮਰ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਇਸ ਮਹਾਨ ਫ਼ਨਕਾਰ ਦਾ ਦੇਹਾਂਤ ਹੋ ਗਿਆ। ਕਿਹਾ ਜਾਂਦਾ ਹੈ ਕਿ ਜਿਸ ਦਿਨ ਮੁਹੰਮਦ ਰਫ਼ੀ ਦੀ ਅੰਤਿਮ ਯਾਤਰਾ ਨਿਕਲੀ, ਉਸ ਦਿਨ ਮੁੰਬਈ ਵਿੱਚ ਭਾਰੀ ਮੀਂਹ ਪੈ ਰਿਹਾ ਸੀ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਉਨ੍ਹਾਂ ਦੇ ਪ੍ਰਸ਼ੰਸਕ ਅੱਖਾਂ ਵਿੱਚ ਹੰਝੂ ਲੈ ਕੇ ਉਸ ਨੂੰ ਅਲਵਿਦਾ ਕਹਿਣ ਆਏ ਸਨ।

ਭਾਵੇਂ ਅੱਜ ਮੁਹੰਮਦ ਰਫ਼ੀ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਹੈ, ਪਰ ਉਹ ਆਪਣੇ ਗੀਤਾਂ ਰਾਹੀਂ ਹਮੇਸ਼ਾ ਅਮਰ ਰਹੇਗਾ। ਅੱਜ ਵੀ ਉਸ ਦੇ ਦੇਹਾਂਤ ਦੇ ਦਹਾਕਿਆਂ ਬਾਅਦ ਉਸ ਦੇ ਗੀਤ ਰੇਡੀਓ, ਟੈਲੀਵਿਜ਼ਨ ਅਤੇ ਇੰਟਰਨੈੱਟ 'ਤੇ ਓਨੇ ਹੀ ਚਾਅ ਨਾਲ ਸੁਣੇ ਜਾਂਦੇ ਹਨ। ਨਵੀਂ ਪੀੜ੍ਹੀ ਦੇ ਗਾਇਕ ਅੱਜ ਵੀ ਰਫ਼ੀ ਨੂੰ ਆਪਣਾ ਗੁਰੂ ਮੰਨਦੇ ਹਨ ਅਤੇ ਉਸ ਦੀ ਗਾਇਕੀ ਤੋਂ ਸਿੱਖਦੇ ਹਨ। ਮੁਹੰਮਦ ਰਫ਼ੀ ਸਿਰਫ਼ ਇੱਕ ਗਾਇਕ ਨਹੀਂ ਸੀ, ਸਗੋਂ ਉਹ ਇੱਕ ਸੰਸਥਾ ਸੀ। ਉਸ ਨੇ ਆਪਣੀ ਰੂਹਾਨੀ ਆਵਾਜ਼ ਨਾਲ ਸੰਗੀਤ ਨੂੰ ਇੱਕ ਨਵੀਂ ਪਰਿਭਾਸ਼ਾ ਦਿੱਤੀ। 'ਚੌਧਵੀਂ ਕਾ ਚਾਂਦ ਹੋ' ਅਤੇ 'ਯੇ ਦੁਨੀਆ ਯੇ ਮਹਿਫ਼ਿਲ' ਵਰਗੇ ਅਣਗਿਣਤ ਗੀਤ ਅੱਜ ਵੀ ਲੋਕਾਂ ਦੇ ਸੁਖ-ਦੁਖ ਦੇ ਸਾਥੀ ਹਨ। ਸੁਰਾਂ ਦੇ ਇਸ ਬਾਦਸ਼ਾਹ ਨੇ ਭਾਰਤੀ ਸਿਨੇਮਾ ਦੇ ਸੁਨਹਿਰੀ ਦੌਰ ਨੂੰ ਸੱਚਮੁੱਚ ਸੁਨਹਿਰੀ ਬਣਾਇਆ। ਜਦੋਂ ਤੱਕ ਇਸ ਦੁਨੀਆ ਵਿੱਚ ਸੰਗੀਤ ਜ਼ਿੰਦਾ ਰਹੇਗਾ ਮੁਹੰਮਦ ਰਫ਼ੀ ਦਾ ਨਾਮ ਅਤੇ ਉਸ ਦੀ ਆਵਾਜ਼ ਹਮੇਸ਼ਾ ਗੂੰਜਦੀ ਰਹੇਗੀ।

# ਅੱਜ ਵੀ ਜ਼ਿੰਦਾ ਹਨ ਅਮਜਦ ਖ਼ਾਨ ਦੀ ਅਦਾਕਾਰੀ ਦੀਆਂ ਕਹਾਣੀਆਂ

## 'ਸ਼ੋਲੇ' ਵਿੱਚ 'ਗੱਬਰ ਸਿੰਘ' ਦੇ ਕਿਰਦਾਰ 'ਚ ਜਾਨ ਪਾ ਦਿੱਤੀ ਸੀ ਅਮਜਦ ਖ਼ਾਨ ਨੇ

ਹਿੰਦੀ ਸਿਨੇਮਾ ਦੇ ਅਦਾਕਾਰ ਅਮਜਦ ਖਾਨ ਨੇ ਫਿਲਮ 'ਸ਼ੋਲੇ' ਵਿੱਚ ਅਜਿਹਾ ਕਿਰਦਾਰ ਨਿਭਾਇਆ ਕਿ ਉਨ੍ਹਾਂ ਦੀ ਅਦਾਕਾਰੀ ਦੀਆਂ ਕਹਾਣੀਆਂ ਅੱਜ ਵੀ ਜ਼ਿੰਦਾ ਹਨ। ਉਨ੍ਹਾਂ ਦੀ ਮੌਤ 27 ਜੁਲਾਈ 1992 ਨੂੰ 51 ਸਾਲ ਦੀ ਛੋਟੀ ਉਮਰ ਵਿੱਚ ਦਿਲ ਦਾ ਦੌਰਾ ਪੈਣ ਨਾਲ ਹੋਈ। 12 ਨਵੰਬਰ 1940 ਨੂੰ ਮੱਧ ਪ੍ਰਦੇਸ਼ ਦੇ ਰੀਵਾ ਜ਼ਿਲ੍ਹੇ ਵਿੱਚ ਜਯੰਤ ਖਾਨ ਦੇ ਘਰ ਜਨਮੇ ਅਮਜਦ ਖਾਨ ਨੇ ਬਚਪਨ ਤੋਂ ਹੀ ਅਦਾਕਾਰੀ ਸ਼ੁਰੂ ਕਰ ਦਿੱਤੀ ਸੀ।



ਸਿਰਫ਼ 11 ਸਾਲ ਦੀ ਉਮਰ ਵਿੱਚ, ਉਸਨੇ ਫਿਲਮ 'ਨਾਜ਼ਨੀਨ' ਵਿੱਚ ਕੰਮ ਕੀਤਾ। ਉਸਨੂੰ ਅਦਾਕਾਰੀ ਦੀ ਕਲਾ ਵਿਰਾਸਤ ਵਿੱਚ ਮਿਲੀ, ਕਿਉਂਕਿ ਉਸਦੇ ਪਿਤਾ ਖੁਦ ਇੱਕ ਮਸ਼ਹੂਰ ਅਦਾਕਾਰ ਸਨ। 17 ਸਾਲ ਦੀ ਉਮਰ ਵਿੱਚ, ਅਮਜਦ ਆਪਣੇ ਪਿਤਾ ਦੇ ਨਾਲ ਫਿਲਮ 'ਅਬ ਦਿੱਲੀ ਦੂਰ ਨਹੀਂ' ਵਿੱਚ ਦਿਖਾਈ ਦਿੱਤਾ। ਉਸਨੇ ਬਾਅਦ ਵਿੱਚ ਕਈ ਫਿਲਮਾਂ ਵਿੱਚ ਕੰਮ ਕੀਤਾ। ਅਮਜਦ ਖਾਨ ਪਹਿਲੀ ਵਾਰ 1973 ਦੀ ਫਿਲਮ 'ਹਿੰਦੁਸਤਾਨ ਕੀ ਕਸਮ' ਵਿੱਚ ਇੱਕ ਅਦਾਕਾਰ ਵਜੋਂ ਸਿਲਵਰ ਸਕ੍ਰੀਨ 'ਤੇ ਦਿਖਾਈ ਦਿੱਤੇ। ਇਸ ਤੋਂ ਬਾਅਦ, ਉਸਨੇ 1975 ਦੀ ਫਿਲਮ 'ਸ਼ੋਲੇ' ਵਿੱਚ ਗੱਬਰ ਸਿੰਘ ਦੀ ਭੂਮਿਕਾ ਨਿਭਾ ਕੇ ਹਿੰਦੀ ਸਿਨੇਮਾ ਵਿੱਚ ਇੱਕ ਵਿਲੱਖਣ ਪਛਾਣ ਸਥਾਪਤ ਕੀਤੀ। ਥੀਏਟਰ ਅਤੇ ਫਿਲਮਾਂ ਵਿੱਚ ਕੰਮ ਕਰਨ ਦੇ ਨਾਲ-ਨਾਲ, ਅਮਜਦ ਖਾਨ ਨੇ ਨਿਰਦੇਸ਼ਨ ਵਿੱਚ ਵੀ ਆਪਣਾ ਹੱਥ ਅਜ਼ਮਾਇਆ। ਉਸਨੇ 1983 ਦੀ ਫਿਲਮ 'ਚੋਰ ਪੁਲਿਸ' ਵਿੱਚ ਨਿਰਦੇਸ਼ਨ ਵਜੋਂ ਸ਼ੁਰੂਆਤ ਕੀਤੀ। ਇਸ ਤੋਂ ਬਾਅਦ, 1985 ਵਿੱਚ, ਫਿਲਮ 'ਅਮੀਰ ਆਦਮੀ ਗਰੀਬ ਆਦਮੀ' ਦਾ ਨਿਰਦੇਸ਼ਨ ਉਨ੍ਹਾਂ ਦੁਆਰਾ ਕੀਤਾ ਗਿਆ ਸੀ ਅਤੇ ਇਹ ਫਿਲਮ ਸਫਲ ਰਹੀ। ਅਮਜਦ ਖਾਨ ਨੂੰ 1976 ਵਿੱਚ 'ਸ਼ੋਲੇ' ਲਈ ਸਰਵੋਤਮ ਸਹਾਇਕ ਅਦਾਕਾਰ ਦਾ ਪੁਰਸਕਾਰ ਦਿੱਤਾ ਗਿਆ ਸੀ। ਉਸਨੇ 'ਦਾਦਾ' ਅਤੇ 'ਯਾਰਾਨਾ' ਲਈ ਸਰਵੋਤਮ ਸਹਾਇਕ ਅਦਾਕਾਰ ਦੇ ਪੁਰਸਕਾਰ ਵੀ ਜਿੱਤੇ। ਉਸਨੇ 'ਮਾਂ ਕਸਮ' ਲਈ ਇੱਕ ਕਾਮਿਕ ਭੂਮਿਕਾ ਵਿੱਚ ਸਰਵੋਤਮ ਪ੍ਰਦਰਸ਼ਨ ਵੀ ਜਿੱਤਿਆ। ਅਦਾਕਾਰੀ ਦੇ ਨਾਲ-ਨਾਲ, ਅਮਜਦ ਖਾਨ ਨੂੰ ਸਾਹਿਤ ਵਿੱਚ ਵੀ ਦਿਲਚਸਪੀ ਸੀ। ਉਸਨੇ 'ਦਰਸ਼ਨ ਗਿਆਨ' ਵਿਸ਼ੇ ਵਿੱਚ ਪਹਿਲੇ ਦਰਜੇ ਦੀ ਮਾਸਟਰ ਡਿਗਰੀ ਪ੍ਰਾਪਤ ਕੀਤੀ। ਉਹ ਕਈ ਭਾਸ਼ਾਵਾਂ ਵਿੱਚ ਵੀ ਮਾਹਿਰ ਸੀ। ਅੰਗਰੇਜ਼ੀ ਅਤੇ ਉਰਦੂ ਤੋਂ ਇਲਾਵਾ, ਉਹ ਫਾਰਸੀ ਵਿੱਚ ਵੀ ਮਾਹਿਰ ਸੀ। 1972 ਵਿੱਚ, ਉਸਨੇ ਸ਼ੇਹਲਾ ਖਾਨ ਨਾਲ ਵਿਆਹ ਕੀਤਾ। ਅਮਜਦ ਅਤੇ ਸ਼ੇਹਲਾ ਦੇ ਤਿੰਨ ਬੱਚੇ ਹੋਏ। ਉਸਦੀਆਂ ਫਿਲਮਾਂ ਦੀਆਂ ਭੂਮਿਕਾਵਾਂ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਹਨ।

# ਪੰਜਾਬੀ ਫ਼ਿਲਮਾਂ 'ਚ ਸਰਗਰਮ ਹੋਈ ਅਦਾਕਾਰਾ ਸ਼ਹਿਨਾਜ਼ ਗਿੱਲ



ਰਿਐਲਿਟੀ ਸ਼ੋਅ 'ਬਿਗ ਬੌਸ 13' ਤੋਂ ਪ੍ਰਸਿੱਧੀ ਹਾਸਲ ਕਰਨ ਵਾਲੀ ਅਦਾਕਾਰਾ ਸ਼ਹਿਨਾਜ਼ ਗਿੱਲ ਇੰਨੀ ਦਿਨੀਂ ਪੰਜਾਬੀ ਫ਼ਿਲਮਾਂ ਵਿੱਚ ਸਰਗਰਮ ਹੈ। ਉਹ ਸਲਮਾਨ ਖ਼ਾਨ ਦੀ ਅਭਿਨੈ ਵਾਲੀ ਫ਼ਿਲਮ 'ਕਿਸੀ ਕਾ ਭਾਈ ਕਿਸੀ ਕੀ ਜਾਨ' ਅਤੇ 'ਥੈਂਕ ਯੂ ਫ਼ਾਰ ਕਮਿੰਗ' ਵਰਗੀਆਂ ਹਿੰਦੀ ਫ਼ਿਲਮਾਂ ਵੀ ਕਰ ਚੁੱਕੀ ਹੈ।

ਹਾਲ ਹੀ ਵਿੱਚ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਇਸ਼ਕਨਾਮਾ' ਵਿੱਚ ਨਜ਼ਰ ਆਈ ਸ਼ਹਿਨਾਜ਼ ਗਿੱਲ ਪਿਆਰ ਨੂੰ ਕਮਜ਼ੋਰੀ ਨਹੀਂ ਸਗੋਂ ਇਨਸਾਨ ਦੀ ਤਾਕਤ ਮੰਨਦੀ ਹੈ। ਉਸ ਦਾ ਕਹਿਣਾ ਹੈ, 'ਪਿਆਰ ਤਾਂ ਇਨਸਾਨ ਦੀ ਤਾਕਤ ਹੀ ਹੁੰਦਾ ਹੈ, ਪਿਆਰ ਨੂੰ ਕਦੇ ਕਮਜ਼ੋਰੀ ਮੰਨਣਾ ਜਾਂ ਬਣਾਉਣਾ ਵੀ ਨਹੀਂ ਚਾਹੀਦਾ। ਪਿਆਰ ਨੂੰ ਆਪਣੀ ਤਾਕਤ ਬਣਾ ਕੇ ਅਤੇ ਹਮੇਸ਼ਾ ਆਪਣੇ ਨਾਲ ਰੱਖਣਾ ਚਾਹੀਦਾ ਹੈ।'

ਸ਼ਹਿਨਾਜ਼ ਗਿੱਲ ਹੌਲੀ-ਹੌਲੀ ਫ਼ਿਲਮਾਂ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਿੱਚ ਲੱਗੀ ਹੋਈ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਹੁਣੇ ਆਪਣੇ ਅਦਾਕਾਰੀ ਸਫ਼ਰ ਦੀ ਸ਼ੁਰੂਆਤ ਹੀ ਕੀਤੀ ਹੈ ਅਤੇ ਹਰ ਨਵੀਂ ਫ਼ਿਲਮ ਉਸ ਲਈ ਸਿੱਖਣ ਅਤੇ ਖ਼ੁਦ ਨੂੰ ਸਾਬਤ ਕਰਨ ਦਾ ਨਵਾਂ ਮੌਕਾ ਲੈ ਕੇ ਆਉਂਦੀਹੈ। ਉਹ ਕਹਿੰਦੀ ਹੈ-'ਮੈਨੂੰ ਲੱਗਦਾ ਹੈ ਕਿ ਮੈਂ ਹੁਣੇ ਇੰਡਸਟਰੀ ਵਿੱਚ ਇੱਕ ਨਵਾਂ ਚਿਹਰਾ ਹਾਂ, ਹੁਣੇ ਮੈਨੂੰ ਲੋਕਾਂ ਨੇ ਸਿਨੇਮਾ ਵਿੱਚ ਇੰਨਾ ਜ਼ਿਆਦਾ ਦੇਖਿਆ ਨਹੀਂ ਹੈ। ਮੈਂ ਹੁਣੇ ਫ਼ਿਲਮਾਂ ਕਰਨੀਆਂ ਸ਼ੁਰੂ ਹੀ ਕੀਤੀਆਂ ਹਨ, ਅਜੇ ਤਾਂ ਬਹੁਤ ਕੁਝ ਕਰਨਾ ਹੈ। ਤਾਂ ਅੱਗੇ ਮੈਂ ਜੋ ਵੀ ਕੰਮ ਕਰਾਂਗੀ, ਸਭ 'ਚ ਮੇਰੇ ਲਈ ਕੁਝ ਨਾ ਕੁਝ ਨਵਾਂ ਤਜ਼ਰਬਾ ਹੀ ਹੋਵੇਗਾ। ਮੈਂ ਜੋ ਵੀ ਭੂਮਿਕਾਵਾਂ ਨਿਭਾਵਾਂਗੀ, ਉਹ ਸਭ ਮੇਰੇ ਲਈ ਨਵੀਆਂ ਹੀ ਹੋਣਗੀਆਂ।'

ਸੋਸ਼ਲ ਮੀਡੀਆ 'ਤੇ ਸ਼ਹਿਨਾਜ਼ ਦੇ ਵੱਡੀ ਗਿਣਤੀ ਵਿੱਚ ਪ੍ਰਸ਼ੰਸਕ ਹਨ। ਕੰਮ ਦੀ ਚੋਣ ਵਿੱਚ ਉਨ੍ਹਾਂ ਦੇ ਪ੍ਰਭਾਵ ਬਾਰੇ ਸ਼ਹਿਨਾਜ਼ ਕਹਿੰਦੀ ਹੈ, 'ਮੇਰੇ ਜੋ ਵੀ ਪ੍ਰਸ਼ੰਸਕ ਹਨ, ਮੇਰੇ ਪ੍ਰਤੀ ਉਨ੍ਹਾਂ ਸਾਰਿਆਂ ਦਾ ਬਹੁਤ ਹੀ ਜ਼ਿਆਦਾ ਸੁਰੱਖਿਆ ਵਾਲਾ ਰਵੱਈਆ ਹੈ।

(ਬਾਕੀ ਸਫ਼ਾ 27 'ਤੇ)

## ਭਾਰਤ 13 ਗੋਲਡ ਮੈਡਲ ਸਮੇਤ 39 ਤ.ਗਮੇ

ਪ੍ਰਵੀਨ ਚਿਤਰਾਵੇਲ (ਤੀਹਰੀ ਛਾਲ) ਨੇ ਚਾਂਦੀ, ਜਦਕਿ ਗੁਲਵੀਰ ਸਿੰਘ (5000 ਮੀਟਰ), ਸੇਲਵਾ ਪ੍ਰਭ ਸਿੰਘ (5000 ਮੀਟਰ), ਯਸ਼ਵੀਰ ਸਿੰਘ (ਜੈਵਲਿਨ ਥਰੋਅ), ਤੇਜਸਿਵਨ ਸ਼ੰਕਰ (ਡਿਕਾਥਲਾਨ) ਤੇ ਸੀਮਾ ਕਲੀਰਾਮਨ (ਡਿਸਕਸ ਥਰੋਅ) ਨੇ ਕਾਂਸੀ ਦੇ ਤਗਮੇ ਜਿੱਤੇ, ਜਦਕਿ 14 ਮੁੱਕੇਬਾਜ਼ਾਂ 'ਚੋਂ ਸਾਕਸ਼ੀ ਚੌਧਰੀ, ਪ੍ਰੀਤੀ ਪਵਾਰ, ਜੈਸਮੀਨ ਲੰਬੋਰੀਆ, ਪ੍ਰਿਆ ਘੰਘਾਸ, ਅਰੁੰਧਤੀ ਚੌਧਰੀ, ਸਚਿਨ ਸਿਵਾਚ, ਅੰਕੁਸ਼ ਪੰਘਾਲ ਨੇ ਸੋਨੇ ਦਾ, ਜਦਕਿ ਨਰਿੰਦਰ ਬਰਵਾਲ, ਜਾਦੂਮਣੀ ਸਿੰਘ, ਲਵਲੀਨਾ ਬੋਰਗੋਹਾਈ ਨੇ ਚਾਂਦੀ ਦੇ ਤਗਮੇ ਜਿੱਤੇ। 14 ਮੈਂਬਰੀ ਵਾਲੀ ਜੂਡੋ 'ਚ ਅਸਮਿਤਾ ਡੇ ਤੇ ਹਰਸ਼ ਸਿੰਘ ਨੇ ਸੋਨ ਤਗਮਾ ਜਿੱਤਿਆ, ਜਦਕਿ ਯਾਮਿਨੀ ਮੌਰਿਆ ਨੇ ਚਾਂਦੀ ਤੇ ਉਨਤੀ ਸ਼ਰਮਾ ਨੇ ਕਾਂਸੀ ਦਾ ਤਗਮਾ ਜਿੱਤਿਆ।

12 ਮੈਂਬਰੀ ਵੇਟ ਲਿਫਟਿੰਗ ਦਲ 'ਚ ਮੀਰਾਬਾਈ ਚਾਨੂ ਤੇ ਰਿਸ਼ੀਕਾਂਤਾ ਸਿੰਘ ਨੇ ਸੋਨ ਤਗਮੇ ਜਿੱਤੇ, ਜਦਕਿ ਰਾਜੂ ਮੁਤੂਪੰਡੀ, ਗਿਆਨੇਸ਼ਵਰੀ ਯਾਦਵ, ਅਜੈ ਬਾਬੂ, ਹਰਜਿੰਦਰ ਕੌਰ, ਲਵਪ੍ਰੀਤ ਸਿੰਘ ਨੇ ਚਾਂਦੀ ਤੇ ਬਿੰਦਿਆਰਾਣੀ ਦੇਵੀ ਨੇ ਕਾਂਸੀ ਦਾ ਤਗਮੇ ਜਿੱਤੇ। ਇਨ੍ਹਾਂ ਤੋਂ ਇਲਾਵਾ ਪੈਰਾ ਐਥਲੈਟਿਕਸ 'ਚ ਸ਼ਰਮੀਲਾ ਧਨਖੜ ਨੇ ਸ਼ਾਟ ਪੁਟ ਐੱਫ57, ਦਿਲੀਪ ਗਾਵਿਤ ਨੇ 100 ਮੀਟਰ ਟੀ47 'ਚ ਸੋਨ, ਸੋਮਨ ਰਾਣਾ ਨੇ ਪੁਰਸ਼ਾਂ ਦੇ ਸ਼ਾਟ ਪੁਟ ਐਫ57 'ਚ ਸੋਨ ਤੇ ਮੁਹੰਮਦ ਬਾਸਿਲ ਨੇ 100 ਮੀਟਰ ਟੀ47 'ਚ ਚਾਂਦੀ ਦਾ ਤਗਮਾ ਜਿੱਤਿਆ। ਪੈਰਾ ਪਾਵਰਲਿਫਟਰ ਝੰਡੂ ਕੁਮਾਰ ਤੇ ਸ਼ਿਲਪਾ ਸ਼ੈਲਾ ਨੇ ਮਹਿਲਾ ਸ਼ਾਟਪੁਰ 657 'ਚ ਕਾਂਸੀ ਦਾ ਤਗਮਾ ਜਿੱਤਿਆ।

***

## 2030 'ਚ ਅਹਿਮਦਾਬਾਦ 'ਚ ਹੋਣਗੀਆਂ ਸ਼ਤਾਬਦੀ

ਇਸ ਲਈ ਇਸ ਨੂੰ ਸ਼ਤਾਬਦੀ ਰਾਸ਼ਟਰਮੰਡਲ ਖੇਡਾਂ ਕਿਹਾ ਜਾ ਰਿਹਾ ਹੈ। ਖੇਡਾਂ 1930 ਵਿੱਚ ਕੈਨੇਡਾ ਦੇ ਹੈਮਿਲਟਨ ਵਿੱਚ 'ਬ੍ਰਿਟਿਸ਼ ਸਾਮਰਾਜ ਖੇਡਾਂ' ਦੇ ਨਾਮ ਹੇਠ ਸ਼ੁਰੂ ਹੋਈਆਂ ਸਨ। 1954 ਵਿੱਚ ਨਾਮ ਬਦਲ ਕੇ 'ਬ੍ਰਿਟਿਸ਼ ਸਾਮਰਾਜ ਅਤੇ ਰਾਸ਼ਟਰਮੰਡਲ ਖੇਡਾਂ' ਕਰ ਦਿੱਤਾ ਗਿਆ, ਇਹ ਸਿਰਲੇਖ 1966 ਤੱਕ ਬਰਕਰਾਰ ਰਿਹਾ। 1970 ਤੋਂ 1974 ਤੱਕ ਉਹਨਾਂ ਨੂੰ 'ਬ੍ਰਿਟਿਸ਼ ਰਾਸ਼ਟਰਮੰਡਲ ਖੇਡਾਂ' ਵਜੋਂ ਜਾਣਿਆ ਜਾਂਦਾ ਸੀ। 1978 ਵਿੱਚ, ਇਸ ਸਮਾਗਮ ਨੂੰ ਅਧਿਕਾਰਤ ਤੌਰ 'ਤੇ 'ਰਾਸ਼ਟਰਮੰਡਲ ਖੇਡਾਂ' ਦਾ ਨਾਮ ਦਿੱਤਾ ਗਿਆ, ਇੱਕ ਸਿਰਲੇਖ ਜੋ ਅੱਜ ਵੀ ਵਰਤੋਂ ਵਿੱਚ ਹੈ। 11 ਦੇਸ਼ਾਂ ਦੇ ਲਗਭਗ 400 ਐਥਲੀਟਾਂ ਨੇ ਉਦਘਾਟਨੀ ਰਾਸ਼ਟਰਮੰਡਲ ਖੇਡਾਂ ਵਿੱਚ ਹਿੱਸਾ ਲਿਆ। ਇਸ ਦੇ ਉਲਟ 74 ਦੇਸ਼ਾਂ ਦੇ 3,000 ਐਥਲੀਟਾਂ ਨੇ ਗਲਾਸਗੋ ਖੇਡਾਂ ਵਿੱਚ ਹਿੱਸਾ ਲਿਆ। ਜਦੋਂਕਿ 74 ਦੇਸ਼ ਅਹਿਮਦਾਬਾਦ ਵਿੱਚ ਸ਼ਤਾਬਦੀ ਰਾਸ਼ਟਰਮੰਡਲ ਖੇਡਾਂ ਵਿੱਚ ਹਿੱਸਾ ਲੈਣਗੇ, ਐਥਲੀਟਾਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਹੋਣ ਦੀ ਉਮੀਦ ਹੈ।

***

***

## ਪੰਜਾਬ ਵਿਧਾਨ ਸਭਾ 'ਚ ਗੂੰਜੇ ਬੰਦੀ ਸਿੰਘਾਂ ਦੀ ਰਿਹਾਈ

ਸਿਹਤ ਮੰਤਰੀ ਨੇ ਮੰਨਿਆ ਕਿ ਪੰਜਾਬ ਸਰਕਾਰ ਨੇ ਅਜੇ ਤੱਕ ਇਨ੍ਹਾਂ ਵੱਡੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਦੇ ਰੇਟ ਹੀ ਤੈਅ ਨਹੀਂ ਕੀਤੇ ਹਨ। ਮੰਤਰੀ ਨੇ ਦੱਸਿਆ ਕਿ ਪ੍ਰਾਈਵੇਟ ਹਸਪਤਾਲਾਂ ਦੇ ਰੈਗੂਲੇਸ਼ਨ ਲਈ 'ਕਲੀਨਿਕਲ ਇਸਟੈਬਲਿਸ਼ਮੈਂਟ ਐਕਟ 2020' ਬਣਾਇਆ ਗਿਆ ਸੀ, ਪਰ ਛੇ ਸਾਲ ਬੀਤ ਜਾਣ ਦੇ ਬਾਵਜੂਦ ਇਸ ਦੇ ਨਿਯਮ ਅਜੇ ਸਰਕਾਰ ਦੇ ਵਿਚਾਰ ਅਧੀਨ ਹੀ ਹਨ। ਵਿਧਾਇਕ ਢਿੱਲੋਂ ਨੇ ਸਦਨ ਨੂੰ ਦੱਸਿਆ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਕਾਰਪੋਰੇਟ ਹਸਪਤਾਲਾਂ ਨੂੰ ਸਰਕਾਰ ਨੇ ਨਾਮਾਤਰ ਲੀਜ਼ 'ਤੇ ਸਸਤੀਆਂ ਜ਼ਮੀਨਾਂ ਮੁਹੱਈਆ ਕਰਵਾਈਆਂ ਹਨ, ਪਰ ਇਸ ਦੇ ਬਾਵਜੂਦ ਸਰਕਾਰੀ ਨਿਗਰਾਨੀ ਦੀ ਘਾਟ ਕਾਰਨ ਇਹ ਹਸਪਤਾਲ ਮਰੀਜ਼ਾਂ ਤੋਂ ਮਨਮਾਨੀਆਂ ਕੀਮਤਾਂ ਵਸੂਲ ਰਹੇ ਹਨ। ਢਿੱਲੋਂ ਦੇ ਇਸ ਉਪਰਾਲੇ ਦੀ ਆਮ ਜਨਤਾ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਉਮੀਦ ਜਤਾਈ ਜਾ ਰਹੀ ਹੈ ਕਿ ਸਰਕਾਰ ਹੁਣ ਜਲਦ ਨਿਯਮ ਬਣਾ ਕੇ ਹਸਪਤਾਲਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਹੇਠ ਲਿਆਵੇਗੀ।

**ਈ-20 ਪੈਟਰੋਲ ਨਾਲ ਵਾਹਨਾਂ ਦੇ ਨੁਕਸਾਨ ਦਾ ਮੁੱਦਾ ਅਤੇ ਕੇਂਦਰ ਸਰਕਾਰ ਵਿਰੁੱਧ ਮਤਾ**

ਸਦਨ ਦੀ ਕਾਰਵਾਈ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਈ-20 (20 ਫ਼ੀਸਦੀ ਈਥਾਨੌਲ ਮਿਸ਼ਰਤ) ਪੈਟਰੋਲ ਕਾਰਨ ਦੇਸ਼ ਅਤੇ ਪੰਜਾਬ ਦੇ ਵਾਹਨ ਮਾਲਕਾਂ ਨੂੰ ਹੋ ਰਹੇ ਭਾਰੀ ਵਿੱਤੀ ਅਤੇ ਤਕਨੀਕੀ ਨੁਕਸਾਨ ਦਾ ਮੁੱਦਾ ਬਹੁਤ ਗੰਭੀਰਤਾ ਨਾਲ ਉਠਾਇਆ। ਮੁੱਖ ਮੰਤਰੀ ਨੇ ਵਿਧਾਨ ਸਭਾ ਵਿੱਚ ਇੱਕ ਮਤਾ ਪੇਸ਼ ਕਰਦਿਆਂ ਕੇਂਦਰ ਦੀ ਭਾਜਪਾ ਸਰਕਾਰ 'ਤੇ ਸਿੱਧਾ ਨਿਸ਼ਾਨਾ ਸਾਧਿਆ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਇਹ ਮੰਨਣ ਦੇ ਬਾਵਜੂਦ ਕਿ ਈ-20 ਪੈਟਰੋਲ ਨਾਲ ਵਾਹਨਾਂ ਦੀ ਮਾਈਲੇਜ ਘਟਦੀ ਹੈ, ਇਸ ਨੂੰ ਬਿਨਾਂ ਕਿਸੇ ਵਿਗਿਆਨਕ ਅਧਿਐਨ ਜਾਂ ਤਿਆਰੀ ਦੇ ਆਮ ਲੋਕਾਂ 'ਤੇ ਜਬਰਦਸਤੀ ਥੋਪ ਦਿੱਤਾ ਹੈ।

ਮੁੱਖ ਮੰਤਰੀ ਨੇ 45,000 ਤੋਂ ਵੱਧ ਵਾਹਨਾਂ ਦੇ ਇੱਕ ਸਰਵੇਖਣ ਦੇ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ ਈ-20 ਪੈਟਰੋਲ ਦੀ ਵਰਤੋਂ ਨਾਲ 67 ਫ਼ੀਸਦੀ ਵਾਹਨਾਂ ਦੀ ਮਾਈਲੇਜ ਵਿੱਚ ਭਾਰੀ ਗਿਰਾਵਟ ਆਈ ਹੈ ਅਤੇ 45 ਫ਼ੀਸਦੀ ਵਾਹਨਾਂ ਦੇ ਇੰਜਣ ਬੁਰੇ ਤਰੀਕੇ ਨਾਲ ਖ਼ਰਾਬ ਹੋ ਚੁੱਕੇ ਹਨ, ਕਿਉਂਕਿ ਪੁਰਾਣੇ ਵਾਹਨਾਂ ਦੇ ਇੰਜਣ ਈ-10 ਈਂਧਨ ਅਨੁਸਾਰ ਡਿਜ਼ਾਈਨ ਕੀਤੇ ਗਏ ਸਨ। ਭਗਵੰਤ ਮਾਨ ਨੇ ਕੇਂਦਰ ਸਰਕਾਰ ਦੀ ਵਿਦੇਸ਼ ਨੀਤੀ 'ਤੇ ਸਵਾਲ ਚੁੱਕਦਿਆਂ ਦੋਸ਼ ਲਾਇਆ ਕਿ ਅਮਰੀਕਾ ਨਾਲ ਹੋਏ ਵਪਾਰਕ ਸਮਝੌਤੇ ਤਹਿਤ ਅਗਲੇ 5 ਸਾਲਾਂ ਵਿੱਚ 20 ਅਰਬ ਡਾਲਰ ਦਾ ਈਥਾਨੌਲ ਦਰਾਮਦ ਕਰਨ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਨ ਲਈ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਸਵਾਲ ਕੀਤਾ ਕਿ ਜੋ ਨੀਤੀ 2030 ਤੱਕ ਲਾਗੂ ਹੋਣੀ ਸੀ, ਉਸ ਨੂੰ 2026 ਵਿੱਚ ਹੀ ਲਾਗੂ ਕਰਨ ਦੀ ਕਾਹਲੀ ਕਿਉਂ ਕੀਤੀ ਗਈ ? ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਮੰਗ ਕੀਤੀ ਗਈ ਕਿ ਫਿਊਲ ਸਟੇਸ਼ਨਾਂ 'ਤੇ ਸ਼ੁੱਧ ਪੈਟਰੋਲ ਅਤੇ ਈ-20 ਦੋਵੇਂ ਵਿਕਲਪ ਉਪਲਬਧ ਕਰਵਾਏ ਜਾਣ ਅਤੇ ਈ-20 ਦੀ ਕੀਮਤ ਵਿੱਚ ਭਾਰੀ ਕਟੌਤੀ ਕੀਤੀ ਜਾਵੇ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮਾਨਸੂਨ ਸੈਸ਼ਨ ਦੌਰਾਨ ਉੱਠੇ ਬੰਦੀ ਸਿੰਘਾਂ ਦੀ ਰਿਹਾਈ ਵਰਗੇ ਸੰਵੇਦਨਸ਼ੀਲ ਧਾਰਮਿਕ ਮੁੱਦੇ, ਪ੍ਰਾਈਵੇਟ ਹਸਪਤਾਲਾਂ ਦੀ ਆਰਥਿਕ ਲੁੱਟ ਅਤੇ ਈ-20 ਪੈਟਰੋਲ ਨਾਲ ਲੋਕਾਂ ਦੇ ਹੋ ਰਹੇ ਵਿੱਤੀ ਨੁਕਸਾਨ ਵਰਗੇ ਮਾਮਲੇ ਪੰਜਾਬ ਸਰਕਾਰ ਲਈ ਇੱਕ ਗੰਭੀਰ ਚੇਤਾਵਨੀ ਅਤੇ ਸੇਧ ਹਨ। ਰਾਜ ਸਰਕਾਰ ਨੂੰ ਸਿਆਸੀ ਬਿਆਨਬਾਜ਼ੀ ਤੋਂ ਉੱਪਰ ਉੱਠ ਕੇ ਲੋਕਹਿੱਤ ਵਿੱਚ ਠੋਸ ਕਦਮ ਚੁੱਕਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ 'ਕਲੀਨਿਕਲ ਇਸਟੈਬਲਿਸ਼ਮੈਂਟ ਐਕਟ' ਦੇ ਨਿਯਮ ਤੁਰੰਤ ਲਾਗੂ ਕਰਕੇ ਕਾਰਪੋਰੇਟ ਹਸਪਤਾਲਾਂ ਦੀ ਮਨਮਾਨੀ ਨੂੰ ਠੱਲ੍ਹ ਪਾਵੇ, ਬੰਦੀ ਸਿੰਘਾਂ ਅਤੇ ਮਾਨਵ ਅਧਿਕਾਰਾਂ ਦੇ ਮੁੱਦਿਆਂ 'ਤੇ ਸਪੱਸ਼ਟ ਤੇ ਹਾਂ-ਪੱਖੀ ਸਟੈਂਡ ਲਵੇ, ਅਤੇ ਕੇਂਦਰ ਸਰਕਾਰ ਨਾਲ ਸੂਬੇ ਦੇ ਵਾਹਨ ਮਾਲਕਾਂ ਦੇ ਹਿੱਤਾਂ ਦੀ ਰਾਖੀ ਲਈ ਮਜ਼ਬੂਤੀ ਨਾਲ ਪੈਰਵੀ ਕਰੇ। ਜੇਕਰ ਸਰਕਾਰ ਆਪਣੀਆਂ ਨੀਤੀਆਂ ਵਿੱਚ ਪਾਰਦਰਸ਼ਤਾ, ਨਿਰਪੱਖਤਾ ਅਤੇ ਲੋਕ-ਪੱਖੀ ਸੰਵੇਦਨਸ਼ੀਲਤਾ ਨਹੀਂ ਲਿਆਉਂਦੀ, ਤਾਂ ਕੇਵਲ ਬਹੁਮਤ ਦੇ ਦਮ 'ਤੇ ਜਨਤਾ ਦੇ ਉਬਾਲ ਅਤੇ ਅਸੰਤੋਸ਼ ਨੂੰ ਲੰਮੇ ਸਮੇਂ ਤੱਕ ਨਹੀਂ ਦਬਾਇਆ ਜਾ ਸਕਦਾ।

***

## ਸਤਿਕਾਰ ਐਕਟ 'ਚ ਪ੍ਰਸਤਾਵਿਤ ਸੋਧਾਂ 'ਤੇ

ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਪਟਿਆਲਾ, ਲੁਧਿਆਣਾ ਦੇ ਪ੍ਰੋਫੈਸਰ ਜਗਮੋਹਨ ਸਿੰਘ ਅਤੇ ਐਸ.ਜੀ.ਪੀ.ਸੀ. ਸਕੱਤਰ ਲਖਵੀਰ ਸਿੰਘ ਸ਼ਾਮਲ ਹਨ, ਜੋ ਕੋਆਰਡੀਨੇਟਰ ਵਜੋਂ ਸੇਵਾ ਨਿਭਾਉਣਗੇ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਵਿਧਾਨ ਸਭਾ ਦੇ ਇਜਲਾਸ ਵਿੱਚ ਸ਼ਾਮਿਲ ਹੋਣ ਸਬੰਧੀ ਮਾਰਗਦਰਸ਼ਨ ਲਈ ਕੀਤੀ ਗਈ ਅਪੀਲ ਸੰਬੰਧੀ ਇੱਕ ਸਵਾਲ ਦੇ ਜਵਾਬ ਵਿੱਚ, ਜਥੇਦਾਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵਿੱਚ ਸ਼ਾਮਲ ਹੋਣ ਵਾਲੇ ਸਿੱਖ ਵਿਧਾਇਕਾਂ ਨੂੰ ਆਪਣੀ ਗੱਲਬਾਤ ਸਪੀਕਰ ਤੱਕ ਸੀਮਤ ਰੱਖਣੀ ਚਾਹੀਦੀ ਹੈ ਅਤੇ ਸਿਰਫ਼ ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ ਅਤੇ ਨਾ ਹੀ ਉਨ੍ਹਾਂ ਦੀ ਕਿਸੇ ਵੀ ਗੱਲ ਦਾ ਜਵਾਬ ਦੇਣਾ ਚਾਹੀਦਾ ਹੈ। ਬਾਜਵਾ ਨੇ ਇਸ ਮੁੱਦੇ 'ਤੇ ਅਕਾਲ ਤਖ਼ਤ ਤੋਂ ਲਿਖਤੀ ਰੂਪ ਵਿੱਚ ਦਿਸ਼ਾ ਨਿਰਦੇਸ਼ ਮੰਗੇ ਸਨ।

***

## ਚੰਨੀ ਤੇ ਵੜਿੰਗ ਵਿਚਾਲੇ ਸਿਆਸੀ ਲੜਾਈ

ਇਸ ਦੇ ਉਲਟ, ਭਾਰਤੀ ਜਨਤਾ ਪਾਰਟੀ (ਭਾਜਪਾ) ਕੇਂਦਰ ਵਿੱਚ ਆਪਣੀ ਮਜ਼ਬੂਤ ਸਰਕਾਰ ਚਲਾ ਰਹੀ ਹੈ ਅਤੇ ਰਾਜਾਂ ਵਿੱਚ ਆਪਣੇ ਗਠਜੋੜਾਂ ਨੂੰ ਮਜ਼ਬੂਤੀ ਨਾਲ ਸੰਭਾਲ ਰਹੀ ਹੈ। ਵਿਰੋਧੀ ਧਿਰਾਂ ਦੇ ਖ਼ੂੰ-ਖ਼ੂੰਹੋਣ ਕਾਰਨ ਭਾਜਪਾ ਆਪਣੇ ਵਿਚਾਰਧਾਰਕ ਏਜੰਡਿਆਂ ਨੂੰ ਬਿਨਾਂ ਕਿਸੇ ਵੱਡੇ ਸੰਸਦੀ ਵਿਰੋਧ ਦੇ ਲਾਗੂ ਕਰਨ ਵਿੱਚ ਸਫ਼ਲ ਹੋ ਰਹੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਹਾਈਕਮਾਨ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਰਹੀ ਹੈ ਕਿ ਉਹ ਆਪਣੇ ਸੂਬਾਈ ਯੂਨਿਟਾਂ ਵਿੱਚ ਸਮੇਂ ਸਿਰ ਅਨੁਸ਼ਾਸਨ ਕਾਇਮ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ। ਪਾਰਟੀ ਦੇ ਰਾਸ਼ਟਰੀ ਬੁਲਾਰੇ ਭਾਵੇਂ ਇਸ ਨੂੰ 'ਅੰਦਰੂਨੀ ਲੋਕਤੰਤਰ' ਦਾ ਨਾਂ ਦੇ ਕੇ ਬਚਾਅ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਆਮ ਵੋਟਰ ਲਈ ਇਹ ਕੇਵਲ ਅਰਾਜਕਤਾ ਅਤੇ ਸੱਤਾ ਦੀ ਭੁੱਖ ਹੈ। ਜੇਕਰ ਕਾਂਗਰਸ ਲੀਡਰਸ਼ਿਪ ਨੇ ਪੰਜਾਬ ਅੰਦਰ ਚੱਲ ਰਹੇ ਇਸ 'ਸਿਆਸੀ ਡਰਾਮੇ' ਅਤੇ ਪੋਸਟਰ ਵਾਰ ਨੂੰ ਤੁਰੰਤ ਸਖ਼ਤੀ ਨਾਲ ਨਾ ਰੋਕਿਆ, ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦਾ ਹਸ਼ਰ 2022 ਨਾਲੋਂ ਵੀ ਭੈੜਾ ਹੋ ਸਕਦਾ ਹੈ। ਇਸ ਆਪਸੀ ਫੁੱਟ ਦਾ ਸਿੱਧਾ ਲਾਭ ਸੱਤਾਧਾਰੀ ਆਮ ਆਦਮੀ ਪਾਰਟੀ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮਿਲੇਗਾ, ਅਤੇ ਪੰਜਾਬ ਦੇ ਸਿਆਸੀ ਨਕਸ਼ੇ ਤੋਂ ਕਾਂਗਰਸ ਦਾ ਵਜੂਦ ਹੀ ਹਮੇਸ਼ਾ ਲਈ ਗਾਇਬ ਹੋਣ ਦੇ ਕਗਾਰ 'ਤੇ ਪਹੁੰਚ ਜਾਵੇਗਾ।

***

## ਸਿੱਖ ਆਗੂ ਮੋਨਿੰਦਰ ਸਿੰਘ ਦੀ ਜਾਣ-ਮਾਲ ਦੀ

ਦੂਜੇ ਪਾਸੇ, ਅੰਤਰਰਾਸ਼ਟਰੀ ਕਾਨੂੰਨ ਹਰ ਵਿਅਕਤੀ ਨੂੰ ਸ਼ਾਂਤੀਪੂਰਨ ਢੰਗ ਨਾਲ ਆਪਣੀ ਵਿਚਾਰਧਾਰਾ ਰੱਖਣ ਅਤੇ ਸਿਆਸੀ ਸਰਗਰਮੀਆਂ ਕਰਨ ਦਾ ਅਧਿਕਾਰ ਦਿੰਦੇ ਹਨ। ਮੋਨਿੰਦਰ ਸਿੰਘ ਦੁਆਰਾ ਜਿਨੇਵਾ ਵਿੱਚ ਸੰਯੁਕਤ ਰਾਸ਼ਟਰ ਦੇ ਮੰਚ 'ਤੇ ਜਾ ਕੇ ਆਪਣੀ ਆਵਾਜ਼ ਉਠਾਉਣਾ ਅਤੇ ਖਾਲਿਸਤਾਨ ਦੇ ਮੁੱਦੇ 'ਤੇ ਸਵੈ-ਨਿਰਣੇ ਦੇ ਅਧਿਕਾਰ ਦੀ ਗੱਲ ਕਰਨਾ, ਅੰਤਰਰਾਸ਼ਟਰੀ ਮਾਨਵ ਅਧਿਕਾਰ ਸੰਧੀਆਂ ਦੇ ਘੇਰੇ ਵਿੱਚ ਆਉਂਦਾ ਹੈ। ਸਿਆਸੀ ਮਤਭੇਦਾਂ ਜਾਂ ਵਿਚਾਰਧਾਰਕ ਅਸਹਿਮਤੀਆਂ ਦੇ ਬਾਵਜੂਦ, ਕਿਸੇ ਵੀ ਦੇਸ਼ ਜਾਂ ਸਮੂਹ ਦੁਆਰਾ ਹਿੰਸਾ ਜਾਂ ਡਰਾਉਣ-ਧਮਕਾਉਣ ਦੀ ਨੀਤੀ ਅਪਣਾਉਣਾ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ।

ਕੇਨੇਡਾ ਦੇ ਪੰਥਕ ਆਗੂਆਂ ਦਾ ਕਹਿਣਾ ਹੈ ਕਿ ਇਹ ਘਟਨਾਕ੍ਰਮ ਵਿਸ਼ਵ ਭਰ ਦੇ ਦੇਸ਼ਾਂ ਲਈ ਇੱਕ ਸਬਕ ਹੈ ਕਿ ਵਿਦੇਸ਼ੀ ਧਰਤੀ 'ਤੇ ਅਸੰਤੁਸ਼ਟ ਆਵਾਜ਼ਾਂ ਨੂੰ ਦਬਾਉਣ ਦਾ ਰੁਝਾਨ ਵਿਸ਼ਵ ਅਮਨ ਅਤੇ ਜਮਹੂਰੀ ਪ੍ਰਣਾਲੀਆਂ ਲਈ ਇੱਕ ਵੱਡਾ ਖਤਰਾ ਬਣ ਰਿਹਾ ਹੈ। ਕੈਨੇਡਾ ਸਰਕਾਰ ਲਈ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਸਿਰਫ਼ 'ਡਿਊਟੀ ਟੂ ਵਾਰਨ' ਦੇ ਨੋਟਿਸ ਜਾਰੀ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਨਾ ਹੋਵੇ, ਬਲਕਿ ਅਮਲੀ ਰੂਪ ਵਿੱਚ ਅਜਿਹੇ ਪੁਖ਼ਤਾ ਇੰਤਜ਼ਾਮ ਕਰੇ ਜਿਸ ਨਾਲ ਕਿਸੇ ਵੀ ਵਿਅਕਤੀ ਨੂੰ ਆਪਣੀ ਵਿਚਾਰਧਾਰਾ ਕਾਰਨ ਜਾਨ ਦੇ ਖ਼ਤਰੇ ਹੇਠ ਨਾ ਜਿਊਣਾ ਪਵੇ। ਇਸ ਮੁੱਦੇ 'ਤੇ ਪਾਰਦਰਸ਼ੀ ਜਾਂਚ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਹੀ ਭਵਿੱਖ ਵਿੱਚ ਅਜਿਹੀਆਂ ਅਣਸੁਖਾਵੀਆਂ ਘਟਨਾਵਾਂ ਨੂੰ ਰੋਕਣ ਦਾ ਇਕੋ ਇਕ ਰਸਤਾ ਹੈ।

***

## ਜਿਨਸੀ ਸ਼ੋਸ਼ਣ ਮਾਮਲੇ 'ਚ

ਪੱਧਰੀ ਪਹਿਲਵਾਨਾਂ ਨੇ ਦਿੱਲੀ ਦੇ ਜੰਤਰ-ਮੰਤਰ 'ਤੇ ਇਤਿਹਾਸਕ ਪ੍ਰਦਰਸ਼ਨ ਸ਼ੁਰੂ ਕੀਤਾ, ਤਾਂ ਕਨਾਟ ਪਲੇਸ ਥਾਣੇ ਦੀ ਪੁਲਿਸ ਨੇ ਲਿਖਤੀ ਸ਼ਿਕਾਇਤਾਂ ਮਿਲਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਸੀ। ਪੁਲਿਸ ਵੱਲੋਂ ਮਾਮਲੇ ਨੂੰ ਦਬਾਉਣ ਅਤੇ ਕੇਸ ਦਰਜ ਕਰਨ ਵਿੱਚ ਕੀਤੀ ਗਈ ਦੇਰੀ ਨੇ ਆਰੋਪੀਆਂ ਨੂੰ ਕਾਨੂੰਨੀ ਬਚਾਅ ਦੀ ਯੋਜਨਾ ਬਣਾਉਣ ਦਾ ਪੂਰਾ ਸਮਾਂ ਦਿੱਤਾ ਸੀ।

ਅਪ੍ਰੈਲ 2023 ਵਿੱਚ ਜਦੋਂ ਮਹਿਲਾ ਪਹਿਲਵਾਨਾਂ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਤਾਂ ਹੀ ਅਦਾਲਤੀ ਦਬਾਅ ਹੇਠ ਦਿੱਲੀ ਪੁਲਿਸ ਐੱਫ.ਆਈ.ਆਰ. ਦਰਜ ਕਰਨ ਲਈ ਰਾਜ਼ੀ ਹੋਈ ਸੀ। ਮਈ 2024 ਵਿੱਚ ਰਾਊਜ਼ ਐਵੇਨਿਊ ਅਦਾਲਤ ਨੇ ਬ੍ਰਿਜ ਭੂਸ਼ਣ ਵਿਰੁੱਧ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 354 (ਮਹਿਲਾ ਦੀ ਲਾਜ ਭੰਗ ਕਰਨਾ) ਅਤੇ 354ਏ (ਜਿਨਸੀ ਸ਼ੋਸ਼ਣ) ਤਹਿਤ 'ਚਾਰਜ ਲਗਾਏ ਸਨ। ਪ੍ਰੰਤੂ, ਇਸ ਪੂਰੀ ਜਾਂਚ ਦੌਰਾਨ ਜਾਂਚ ਏਜੰਸੀ (ਦਿੱਲੀ ਪੁਲਿਸ) ਨੇ ਬ੍ਰਿਜ ਭੂਸ਼ਣ ਨੂੰ ਇੱਕ ਦਿਨ ਲਈ ਵੀ ਗ੍ਰਿਫ਼ਤਾਰ ਨਹੀਂ ਕੀਤਾ। ਇੰਨਾ ਹੀ ਨਹੀਂ, ਜਦੋਂ ਅਗਸਤ 2023 ਵਿੱਚ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਅਦਾਲਤ ਵਿੱਚ ਆਈ, ਤਾਂ ਸਰਕਾਰੀ ਪੱਖ ਨੇ ਉਸ ਦਾ ਕੋਈ ਵਿਰੋਧ ਵੀ ਨਹੀਂ ਸੀ ਕੀਤਾ, ਜੋ ਕਿ ਜਾਂਚ ਏਜੰਸੀ ਦੀ ਨੀਅਤ 'ਤੇ ਸਿੱਧਾ ਸਵਾਲ ਖੜ੍ਹਾ ਕਰਦਾ ਸੀ।

ਸ਼ੁਰੂਆਤ ਵਿੱਚ ਛੇ ਮਹਿਲਾ ਪਹਿਲਵਾਨਾਂ ਨੇ ਦੋਸ਼ ਲਗਾਏ ਸਨ, ਜਿਨ੍ਹਾਂ ਵਿੱਚੋਂ ਇੱਕ ਨਾਬਾਲਗ ਸ਼ਿਕਾਇਤਕਰਤਾ ਵੀ ਸ਼ਾਮਲ ਸੀ। ਪਰ ਸਮੇਂ ਦੇ ਨਾਲ-ਨਾਲ ਸਰਕਾਰੀ ਅਤੇ ਰਾਜਨੀਤਿਕ ਦਬਾਅ ਕਾਰਨ ਨਾਬਾਲਗ ਦੇ ਬਿਆਨ ਬਦਲਵਾਏ ਗਏ ਅਤੇ ਉਸ ਦੇ ਕੇਸ ਨੂੰ ਰੱਦ (ਡਿਸਚਾਰਜ) ਕਰ ਦਿੱਤਾ ਗਿਆ ਸੀ। ਵਿਨੇਸ਼ ਫੋਗਾਟ ਦੇ ਬਿਆਨਾਂ ਮੁਤਾਬਕ, ਬ੍ਰਿਜ ਭੂਸ਼ਣ ਨੇ ਆਪਣੇ ਸਿਆਸੀ ਬਾਹੁਬਲ, ਰਸੂਖ਼ ਅਤੇ ਪਾਵਰ ਦੇ ਦਮ 'ਤੇ ਕਈ ਲੜਕੀਆਂ ਨੂੰ ਡਰਾ-ਧਮਕਾ ਕੇ ਸ਼ਿਕਾਇਤਾਂ ਵਾਪਸ ਲੈਣ ਲਈ ਮਜਬੂਰ ਕੀਤਾ ਸੀ। ਅਦਾਲਤਾਂ ਨਿਯਮਾਂ ਅਤੇ ਪੇਸ਼ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਫ਼ੈਸਲਾ ਲੈਂਦੀਆਂ ਹਨ, ਅਤੇ ਜਦੋਂ ਜਾਂਚ ਏਜੰਸੀ ਹੀ ਸਬੂਤ ਇਕੱਠੇ ਕਰਨ ਅਤੇ ਪੀੜਤਾਂ ਨੂੰ ਸੁਰੱਖਿਆ ਦੇਣ ਵਿੱਚ ਅਸਫ਼ਲ ਰਹੇ, ਤਾਂ ਅਜਿਹੇ ਨਤੀਜੇ ਨਿਕਲਣਾ ਸੁਭਾਵਿਕ ਹੋ ਜਾਂਦਾ ਹੈ।

ਅਦਾਲਤ ਵੱਲੋਂ 'ਬਾਇੱਜ਼ਤ ਬਰੀ' ਕੀਤੇ ਜਾਣ ਤੋਂ ਤੁਰੰਤ ਬਾਅਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਹੰਕਾਰ ਭਰਿਆ ਬਿਆਨ ਦਿੰਦਿਆਂ ਕਿਹਾ, 'ਅਦਾਲਤ ਨੇ ਕਿਹਾ ਕਿ " ਮੈਂ ਤਾਂ ਪਹਿਲੇ ਹੀ ਦਿਨ ਕਿਹਾ ਸੀ ਕਿ ਜੇ ਮੇਰੇ ਖ਼ਿਲਾਫ਼ ਕੋਈ ਵੀ ਇਲਜ਼ਾਮ ਸਾਬਿਤ ਹੁੰਦਾ ਹੈ ਜਾਂ ਅਦਾਲਤ ਦਾ ਫ਼ੈਸਲਾ ਖ਼ਿਲਾਫ਼ ਆਉਂਦਾ ਹੈ, ਤਾਂ ਮੈਂ ਖ਼ੁਦ ਫਾਂਸੀ 'ਤੇ ਲਟਕ ਜਾਵਾਂਗਾ। ਅੱਜ ਅਦਾਲਤ ਦੇ ਇਸ ਫ਼ੈਸਲੇ ਨਾਲ ਮੇਰੀ ਗੱਲ ਸੱਚੀ ਸਾਬਿਤ ਹੋਈ ਹੈ। ਇਹ ਮੇਰੇ ਅਤੇ ਮੇਰੇ ਸਮਰਥਕਾਂ ਲਈ ਖ਼ੁਸ਼ੀ ਦਾ ਦਿਨ ਹੈ।' ਇਹ ਬਿਆਨ ਦਰਸਾਉਂਦਾ ਹੈ ਕਿ ਕਿਵੇਂ ਸੱਤਾਧਾਰੀ ਧਿਰ ਦੇ ਸ਼ਕਤੀਸ਼ਾਲੀ ਆਗੂ ਸਿਸਟਮ ਦੀਆਂ ਕਮਜ਼ੋਰੀਆਂ ਦਾ ਲਾਭ ਉਠਾ ਕੇ ਆਤਮ-ਵਿਸ਼ਵਾਸ ਨਾਲ ਬਾਹਰ ਆ ਜਾਂਦੇ ਹਨ।

**ਮੋਦੀ ਸਰਕਾਰ ਦੀ ਨਾਕਾਮੀ, ਨੈਤਿਕ ਜਵਾਬਦੇਹੀ ਅਤੇ 'ਬੇਟੀ ਬਚਾਓ' ਦਾ ਬਦਲਦਾ ਅਕਸ**

ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਜਨਵਰੀ 2015 ਵਿੱਚ ਹਰਿਆਣਾ ਦੇ ਪਾਨੀਪਤ ਦੀ ਇਤਿਹਾਸਕ ਧਰਤੀ ਤੋਂ 'ਬੇਟੀ ਬਚਾਓ, ਬੇਟੀ ਪੜ੍ਹਾਓ' ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। ਇਸ ਯੋਜਨਾ ਦਾ ਮੁੱਖ ਉਦੇਸ਼ ਦੇਸ਼ ਵਿੱਚ ਧੀਆਂ ਦੇ ਅਧਿਕਾਰਾਂ ਦੀ ਰਾਖੀ ਕਰਨਾ, ਕੰਨਿਆ ਭਰੂਣ ਹੱਤਿਆ ਨੂੰ ਰੋਕਣਾ ਅਤੇ ਔਰਤਾਂ ਨੂੰ ਸਮਾਜ ਵਿੱਚ ਬਰਾਬਰੀ ਦਾ ਦਰਜਾ ਦੇਣਾ ਸੀ। ਪ੍ਰੰਤੂ, ਪਹਿਲਵਾਨਾਂ ਦੇ ਇਸ ਪੂਰੇ ਘਟਨਾਕ੍ਰਮ ਨੇ ਸਰਕਾਰ ਦੀਆਂ ਨੀਤੀਆਂ, ਨੀਅਤ ਅਤੇ ਨੈਤਿਕਤਾ ਦੇ ਨਕਾਬ ਨੂੰ ਉਤਾਰ ਕੇ ਰੱਖ ਦਿੱਤਾ ਹੈ।

: ਜਦੋਂ ਦੇਸ਼ ਦਾ ਨਾਂ ਰੋਸ਼ਨ ਕਰਨ ਵਾਲੀਆਂ ਧੀਆਂ ਦਿੱਲੀ ਦੀਆਂ ਲਿੰਕ ਸੜਕਾਂ 'ਤੇ ਫੁੱਟ-ਫੁੱਟ ਕੇ ਰੋ ਰਹੀਆਂ ਸਨ ਅਤੇ ਆਪਣੇ ਸਰੀਰਕ ਸ਼ੋਸ਼ਣ ਵਿਰੁੱਧ ਇਨਸਾਫ਼ ਦੀ ਗੁਹਾਰ ਲਗਾ ਰਹੀਆਂ ਸਨ, ਉਸ ਸਮੇਂ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਪੂਰੀ ਤਰ੍ਹਾਂ ਖਾਮੋਸ਼ ਰਹੀ। ਸਰਕਾਰ 'ਤੇ ਸਿੱਧਾ ਦੋਸ਼ ਲੱਗਿਆ ਕਿ ਉਹ ਆਪਣੀ ਹੀ ਪਾਰਟੀ ਦੇ ਇੱਕ ਪ੍ਰਭਾਵਸ਼ਾਲੀ ਅਤੇ 'ਬਾਹੁਬਲੀ' ਨੇਤਾ ਨੂੰ ਬਚਾਉਣ ਲਈ ਆਪਣੇ ਪੂਰੇ ਪ੍ਰਸ਼ਾਸਨਿਕ ਤੰਤਰ ਦੀ ਵਰਤੋਂ ਕਰ ਰਹੀ ਸੀ। ਖਿਡਾਰੀਆਂ ਦੀਆਂ ਸ਼ਿਕਾਇਤਾਂ ਸੁਣਨ ਦੀ ਬਜਾਏ ਉਨ੍ਹਾਂ ਨੂੰ ਸਿਆਸੀ ਸਾਜ਼ਿਸ਼ ਦਾ ਹਿੱਸਾ ਦੱਸ ਕੇ ਖਾਰਜ ਕਰਨ ਦੀ ਕੋਸ਼ਿਸ਼ ਕੀਤੀ ਗਈ।

ਨਿਯਮਾਂ ਅਨੁਸਾਰ ਸਰਕਾਰ ਅਤੇ ਪੁਲਿਸ ਦਾ ਫ਼ਰਜ਼ ਪੀੜਤਾਂ ਨਾਲ ਖੜ੍ਹਨਾ ਅਤੇ ਨਿਰਪੱਖ ਜਾਂਚ ਸੁਨਿਸ਼ਚਿਤ ਕਰਨਾ ਸੀ। ਪ੍ਰੰਤੂ, ਇਸ ਮਾਮਲੇ ਵਿੱਚ ਪੁਲਿਸ ਅਤੇ ਸਰਕਾਰੀ ਵਕੀਲਾਂ ਦਾ ਰਵੱਈਆ ਸ਼ੁਰੂ ਤੋਂ ਹੀ ਬ੍ਰਿਜ ਭੂਸ਼ਣ ਸਿੰਘ ਪ੍ਰਤੀ ਬਚਾਅ ਪੱਖੀ ਰਿਹਾ। ਜਿਸ ਸਰਕਾਰ ਨੇ ਧੀਆਂ ਦੀ ਸੁਰੱਖਿਆ ਦਾ ਵਾਅਦਾ ਕੀਤਾ ਸੀ, ਉਸੇ ਦੇ ਰਾਜ ਵਿੱਚ ਦੇਸ਼ ਦੀਆਂ ਸਭ ਤੋਂ ਚਰਚਿਤ ਅਤੇ ਸ਼ਕਤੀਸ਼ਾਲੀ ਮਹਿਲਾ ਐਥਲੀਟਾਂ ਨੂੰ ਵੀ ਨਿਆਂ ਪ੍ਰਾਪਤ ਕਰਨ ਲਈ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ।

ਅੱਜ ਦੇ ਦੌਰ ਵਿੱਚ ਅਸਹਿਮਤੀ ਅਤੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਵਾਲੀਆਂ ਔਰਤਾਂ ਨਾਲ ਸੱਤਾਧਾਰੀ ਧਿਰ ਦਾ ਸੋਸ਼ਲ ਮੀਡੀਆ ਤੰਤਰ ਕਿਸ ਤਰ੍ਹਾਂ ਨਜਿੱਠਦਾ ਹੈ, ਇਹ ਵੀ ਇਸ ਘਟਨਾਕ੍ਰਮ ਤੋਂ ਸਪੱਸ਼ਟ ਹੁੰਦਾ ਹੈ। ਆਵਾਜ਼ ਚੁੱਕਣ ਵਾਲੀਆਂ ਖਿਡਾਰਨਾ ਅਤੇ ਨੌਜਵਾਨ ਕੁੜੀਆਂ (ਜਿਵੇਂ ਕਿ ਅੰਦੋਲਨ ਵਿੱਚ ਸ਼ਾਮਲ ਹੋਈਆਂ ਵਿਦਿਆਰਥਣਾਂ) ਨੂੰ ਸੋਸ਼ਲ ਮੀਡੀਆ 'ਤੇ ਬਲਾਤਕਾਰ, ਜਾਨੋਂ ਮਾਰਨ ਦੀਆਂ ਧਮਕੀਆਂ ਅਤੇ ਅਸ਼ਲੀਲ ਗਾਲ੍ਹਾਂ ਦਾ ਸਾਹਮਣਾ ਕਰਨਾ ਪਿਆ ਸੀ। ਸਰਕਾਰ ਅਜਿਹੇ ਅਪਰਾਧਿਕ ਤੱਤਾਂ ਵਿਰੁੱਧ ਕਾਰਵਾਈ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ। ਇਸ ਨਾਲ ਇਹ ਸੁਨੇਹਾ ਗਿਆ ਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਹੁਣ ਬਦਲ ਕੇ 'ਬੇਟੀ ਬਚਾਓ, ਪਰ ਬੋਲਣ ਨਾ ਦਿਓ' ਵਿੱਚ ਤਬਦੀਲ ਹੋ ਚੁੱਕਾ ਹੈ। ਜੇਕਰ ਧੀ ਸਰਕਾਰ ਦੀਆਂ ਤਾਰੀਫ਼ਾਂ ਕਰਦੀ ਹੈ ਤਾਂ ਉਹ 'ਬੇਟੀ' ਹੈ, ਪਰ ਜੇਕਰ ਉਹ ਆਪਣੇ ਨਾਲ ਹੋਏ ਅਨਿਆਂ ਵਿਰੁੱਧ ਸਵਾਲ ਪੁੱਛਦੀ ਹੈ ਤਾਂ ਉਸ ਨੂੰ ਸੱਤਾਧਾਰੀ ਤੰਤਰ ਦੁਸ਼ਮਣ ਵਾਂਗ ਦੇਖਦਾ ਹੈ।

ਅਦਾਲਤੀ ਫ਼ੈਸਲੇ ਤੋਂ ਬਾਅਦ ਇਹ ਧਾਰਨਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਮਹਿਲਾ ਪਹਿਲਵਾਨਾਂ ਦੀ ਲੜਾਈ ਇੱਥੇ ਹੀ ਖ਼ਤਮ ਹੋ ਗਈ ਹੈ। ਪਰ ਹਰਿਆਣਾ ਦੇ ਜੁਲਾਨਾ ਹਲਕੇ ਤੋਂ ਕਾਂਗਰਸ ਵਿਧਾਇਕਾ ਅਤੇ ਮਹਾਨ ਓਲੰਪੀਅਨ ਵਿਨੇਸ਼ ਫੋਗਾਟ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਬਿਆਨ ਜਾਰੀ ਕਰਕੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਸੰਗਰਾਮ ਅਜੇ ਮੁੱਕਿਆ ਨਹੀਂ ਹੈ।

?ਉੱਚ ਅਦਾਲਤ ਵਿੱਚ ਅਪੀਲ ਦਾ ਫ਼ੈਸਲਾ:

ਵਿਨੇਸ਼ ਫੋਗਾਟ ਨੇ ਸਪੱਸ਼ਟ ਸ਼ਬਦਾਂ ਵਿੱਚ ਲਿਖਿਆ ਕਿ ਰਾਊਜ਼ ਐਵੇਨਿਊ ਅਦਾਲਤ ਦੇ ਇਸ ਫ਼ੈਸਲੇ ਵਿਰੁੱਧ ਮਹਿਲਾ ਪਹਿਲਵਾਨਾਂ ਨੇ ਆਪਣੇ ਸੀਨੀਅਰ ਵਕੀਲਾਂ ਨਾਲ ਸਲਾਹ-ਮਸ਼ਵਰਾ ਕਰ ਲਿਆ ਹੈ। ਉਹ ਬਹੁਤ ਜਲਦ ਇਸ ਫ਼ੈਸਲੇ ਨੂੰ ਉੱਚ ਅਦਾਲਤ (ਹਾਈ ਕੋਰਟ/ਸੁਪਰੀਮ ਕੋਰਟ) ਵਿੱਚ ਚੁਣੌਤੀ ਦੇਣ ਜਾ ਰਹੀਆਂ ਹਨ।

ਵਿਨੇਸ਼ ਨੇ ਲਿਖਿਆ, 'ਸਾਨੂੰ ਸੜਕਾਂ 'ਤੇ ਉਤਰਨ ਅਤੇ ਸੱਤਾਧਾਰੀ ਪਾਰਟੀ ਦੇ ਇੱਕ ਬਾਹੁਬਲੀ ਨੇਤਾ ਵਿਰੁੱਧ ਐੱਫ.ਆਈ.ਆਰ. ਦਰਜ ਕਰਵਾਉਣ ਲਈ ਬਹੁਤ ਹਿੰਮਤ ਜੁਟਾਉਣੀ ਪਈ ਸੀ। ਸੱਤਾ ਅਤੇ ਆਪਣੇ ਬਾਹੁਬਲ ਦੇ ਦਮ 'ਤੇ ਬ੍ਰਿਜ ਭੂਸ਼ਣ ਨੇ ਕਈ ਕੁੜੀਆਂ ਨੂੰ ਡਰਾ ਕੇ ਉਨ੍ਹਾਂ ਦੇ ਨਾਂ ਵਾਪਸ ਕਰਵਾਏ ਹਨ, ਪਰ ਕਈ ਮਹਿਲਾ ਪਹਿਲਵਾਨ ਅਜੇ ਵੀ ਡਟੀਆਂ ਹੋਈਆਂ ਹਨ।' ਉਨ੍ਹਾਂ ਅੱਗੇ ਲਿਖਿਆ ਕਿ ਭਾਵੇਂ ਸਾਰਾ ਤੰਤਰ, ਸਰਕਾਰ ਅਤੇ ਸਿਸਟਮ ਸ਼ੁਰੂ ਤੋਂ ਹੀ ਬ੍ਰਿਜ ਭੂਸ਼ਣ ਨੂੰ ਬਚਾਉਣ ਵਿੱਚ ਲੱਗਿਆ ਹੋਇਆ ਸੀ, ਪਰ ਪਹਿਲਵਾਨਾਂ ਨੇ ਉਮੀਦ ਨਹੀਂ ਛੱਡੀ ਹੈ ਅਤੇ ਨਿਆਂ ਦੀ ਇਹ ਲੜਾਈ ਆਖਰੀ ਸਾਹ ਤੱਕ ਜਾਰੀ ਰਹੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਪੂਰਾ ਮਾਮਲਾ ਸਿਰਫ਼ ਕੁਝ ਖਿਡਾਰੀਆਂ ਅਤੇ ਇੱਕ ਸਿਆਸਤਦਾਨ ਵਿਚਕਾਰ ਦੀ ਕਾਨੂੰਨੀ ਜੰਗ ਨਹੀਂ ਹੈ, ਬਲਕਿ ਇਹ 21ਵੀਂ ਸਦੀ ਦੇ ਭਾਰਤੀ ਲੋਕਤੰਤਰ ਦੀ ਆਤਮਾ ਦਾ ਪ੍ਰੀਖਣ ਹੈ। ਅੱਜ ਦੇ ਭਾਰਤ ਦੀਆਂ ਧੀਆਂ (ਚਾਹੇ ਉਹ ਖੇਡ ਦੇ ਮੈਦਾਨ ਵਿੱਚ ਓਲੰਪਿਕ ਮੈਡਲ ਜਿੱਤਣ ਵਾਲੀ ਵਿਨੇਸ਼ ਫੋਗਾਟ ਹੋਵੇ ਜਾਂ ਅਧਿਕਾਰਾਂ ਲਈ ਆਵਾਜ਼ ਉਠਾਉਣ ਵਾਲੀ ਕੋਈ ਵਿਦਿਆਰਥਣ) ਪੜ੍ਹੀਆਂ-ਲਿਖੀਆਂ, ਆਤਮ-ਨਿਰਭਰ, ਜਾਗਰੂਕ ਅਤੇ ਆਪਣੇ ਸੰਵਿਧਾਨਕ ਹੱਕਾਂ ਪ੍ਰਤੀ ਸੁਚੇਤ ਹਨ।

ਜਦੋਂ ਕੋਈ ਸਰਕਾਰ ਧੀਆਂ ਨੂੰ ਸਿੱਖਿਆ ਅਤੇ ਅੱਗੇ ਵਧਣ ਦੇ ਅਵਸਰ ਦਿੰਦੀ ਹੈ, ਤਾਂ ਉਸ ਦੇ ਨਾਲ ਹੀ ਧੀਆਂ ਵਿੱਚ ਆਪਣੀ ਸੁਤੰਤਰ ਰਾਏ ਅਤੇ ਅਸਹਿਮਤੀ ਪ੍ਰਗਟਾਉਣ ਦਾ ਆਤਮ-ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਅਠਾਰ੍ਹਵੀਂ ਸਦੀ ਦੀ 'ਆਗਿਆਕਾਰੀ' ਦੀ ਉਮੀਦ 21ਵੀਂ ਸਦੀ ਦੀਆਂ ਜਾਗਰੂਕ ਧੀਆਂ ਤੋਂ ਨਹੀਂ ਕੀਤੀ ਜਾ ਸਕਦੀ। ਜੇਕਰ ਸਰਕਾਰਾਂ ਉਨ੍ਹਾਂ ਦੇ ਆਤਮ-ਵਿਸ਼ਵਾਸ ਦਾ ਉਤਸਵ ਸਿਰਫ਼ ਉਦੋਂ ਤੱਕ ਮਨਾਉਂਦੀਆਂ ਹਨ ਜਦੋਂ ਤੱਕ ਉਹ ਸਰਕਾਰ ਦੀ ਪ੍ਰਸ਼ੰਸਾ ਕਰਦੀਆਂ ਹਨ, ਅਤੇ ਅਸਹਿਮਤੀ ਪ੍ਰਗਟਾਉਣ 'ਤੇ ਉਨ੍ਹਾਂ ਨੂੰ ਦਬਾਉਣ ਲਈ ਸੱਤਾ ਅਤੇ ਬਾਹੁਬਲ ਦਾ ਪ੍ਰਯੋਗ ਕਰਦੀਆਂ ਹਨ, ਤਾਂ ਇਹ ਲੋਕਤੰਤਰੀ ਮੁੱਲਾਂ ਦੀ ਹੱਤਿਆ ਹੈ।

ਅਦਾਲਤਾਂ ਦਾ ਫ਼ੈਸਲਾ ਕਾਨੂੰਨੀ ਦਸਤਾਵੇਜ਼ਾਂ ਅਤੇ ਪੁਲਿਸ ਵੱਲੋਂ ਪੇਸ਼ ਕੀਤੇ ਗਏ (ਜਾਂ ਅਧੂਰੇ ਛੱਡੇ ਗਏ) ਸਬੂਤਾਂ ਦੇ ਆਧਾਰ 'ਤੇ ਹੋ ਸਕਦਾ ਹੈ, ਪ੍ਰੰਤੂ ਜਨਤਾ ਦੀ ਅਦਾਲਤ ਅਤੇ ਸਮਾਜਿਕ ਇਤਿਹਾਸ ਵਿੱਚ ਇਹ ਸਵਾਲ ਹਮੇਸ਼ਾ ਜ਼ਿੰਦਾ ਰਹੇਗਾ: ਕੀ ਦੇਸ਼ ਲਈ ਮੈਡਲ ਜਿੱਤਣ ਵਾਲੀਆਂ ਧੀਆਂ ਨੂੰ ਸੱਤਾ ਦੇ ਹੰਕਾਰ ਅਤੇ ਰਾਜਨੀਤਿਕ ਬਾਹੁਬਲ ਅੱਗੇ ਝੁਕਣ ਲਈ ਮਜਬੂਰ ਕੀਤਾ ਗਿਆ ? ਬ੍ਰਿਜ ਭੂਸ਼ਣ ਕੇਸ ਦਾ ਇਹ ਮੋੜ ਭਾਰਤੀ ਅਦਾਲਤੀ ਨਿਜ਼ਾਮ ਅਤੇ ਸ਼ਾਸਨ ਪ੍ਰਣਾਲੀ ਵਿੱਚ ਆਮ ਨਾਗਰਿਕ ਦੇ ਵਿਸ਼ਵਾਸ ਦੀ ਇੱਕ ਬਹੁਤ ਹੀ ਨਾਜ਼ੁਕ ਪ੍ਰੀਖਿਆ ਹੈ।

## ਗੋਦੀ ਮੀਡੀਆ ਨੂੰ ਲਤਾੜ ਗਿਆ

ਇਸ ਦੇ ਨਾਲ ਹੀ ਇੱਕ ਹੋਰ ਬਹੁਤ ਹੀ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਵਿਦਿਆਰਥੀ ਪ੍ਰਬੰਧਕਾਂ ਨੇ ਇਸ ਅੰਦੋਲਨ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਦੀ 'ਕੱਠਪੁਤਲੀ' ਨਹੀਂ ਬਣਨ ਦਿੱਤਾ। ਭਾਵੇਂ ਕਿ ਲਗਭਗ ਸਾਰੀਆਂ ਵਿਰੋਧੀ ਧਿਰਾਂ ਨੇ ਇਸ ਸੰਘਰਸ਼ ਦਾ ਸਮਰਥਨ ਕੀਤਾ ਅਤੇ ਅਨੇਕਾਂ ਸਮਾਜਿਕ ਜਥੇਬੰਦੀਆਂ ਵੀ ਵਿਦਿਆਰਥੀਆਂ ਦੇ ਹੱਕ ਵਿੱਚ ਨਿੱਤਰ ਕੇ ਸਾਹਮਣੇ ਆਈਆਂ, ਪਰ ਅੰਦੋਲਨ ਦੇ ਪ੍ਰਬੰਧਕਾਂ ਨੇ ਸਮਝਦਾਰੀ ਦਿਖਾਉਂਦਿਆਂ ਕਿਸੇ ਵੀ ਸਿਆਸੀ ਧਿਰ ਨੂੰ ਇਸ ਮੰਚ ਨੂੰ ਹਥਿਆਉਣ ਨਹੀਂ ਦਿੱਤਾ। ਨੌਜਵਾਨ ਇਸ ਸੋਚ ਨਾਲ ਅੱਗੇ ਵਧੇ ਕਿ ਇਹ ਅੰਦੋਲਨ ਕਿਸੇ ਪਾਰਟੀ ਦਾ ਮੁਫ਼ਤ ਦਾ ਸਿਆਸੀ ਹਥਿਆਰ ਬਣਨ ਦੀ ਥਾਂ, ਇੱਕ ਅਜਿਹਾ ਸੁਚੇਤ ਜਨ-ਅੰਦੋਲਨ ਬਣੇ ਜੋ ਦੇਸ਼ ਦੇ ਭਵਿੱਖ ਅਤੇ ਆਉਣ ਵਾਲੀ ਰਾਜਨੀਤੀ ਨੂੰ ਇੱਕ ਹਾਂ-ਪੱਖੀ ਤੇ ਨਵੀਂ ਦਿਸ਼ਾ ਦੇਣ ਵਿੱਚ ਇਤਿਹਾਸਕ ਭੂਮਿਕਾ ਨਿਭਾ ਸਕੇ। ਨੌਜਵਾਨਾਂ ਨੇ ਇਹ ਵੀ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਇਹ ਸੰਘਰਸ਼ ਹੁਣੇ ਖ਼ਤਮ ਹੋਣ ਵਾਲਾ ਨਹੀਂ ਹੈ। ਜੇਕਰ ਸਰਕਾਰ ਪ੍ਰਵਾਨ ਕੀਤੀਆਂ ਮੰਗਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਤੋਂ ਪਿੱਛੇ ਹਟਦੀ ਹੈ ਜਾਂ ਆਪਣੇ ਵਾਅਦਿਆਂ ਤੋਂ ਮੁਨਕਰ ਹੁੰਦੀ ਹੈ, ਤਾਂ ਇਹ ਅੰਦੋਲਨ ਅਗਲੇ ਚਰਨ ਵਿੱਚ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਤੱਕ ਦੀ ਮੰਗ ਵੱਲ ਵਧ ਸਕਦਾ ਹੈ।

ਇਹ ਸੱਚਾਈ ਹੈ ਕਿ ਦੇਸ਼ ਦੀ 1.42 ਅਰਬ ਆਬਾਦੀ ਵਿੱਚੋਂ ਅੱਧੇ ਨਾਲੋਂ ਵੱਧ ਹਿੱਸਾ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦਾ ਹੈ। ਜਦੋਂ ਇਹ ਚੇਤਨ ਸ਼ਕਤੀ ਆਪਣੇ ਹੱਕਾਂ ਲਈ ਸੜਕਾਂ 'ਤੇ ਉੱਤਰਦੀ ਹੈ, ਤਾਂ ਵੱਡੇ ਤੋਂ ਵੱਡੇ ਹੰਕਾਰੀ ਸ਼ਾਸਕਾਂ ਦੇ ਤਖ਼ਤ ਹਿੱਲ ਸਕਦੇ ਹਨ। ਇਸ ਅੰਦੋਲਨ ਦਰਮਿਆਨ ਪ੍ਰਧਾਨ ਮੰਤਰੀ ਦੀ ਲੰਮੀ ਖ਼ਾਮੋਸ਼ੀ ਅਤੇ ਮੀਡੀਆ ਦਾ ਪ੍ਰੋਪੇਗੰਡਾ ਨੌਜਵਾਨਾਂ ਦੇ ਡਿਜੀਟਲ ਅਤੇ ਸੜਕੀ ਸੰਘਰਸ਼ ਦੇ ਸੁਮੇਲ ਅੱਗੇ ਬੇਅਸਰ ਹੋ ਗਿਆ।

'ਕਾਕਰੋਚ ਅੰਦੋਲਨ' ਸਿਰਫ਼ ਵਿਦਿਆਰਥੀਆਂ ਦੀ ਇੱਕ ਆਰਜ਼ੀ ਜਿੱਤ ਨਹੀਂ ਹੈ, ਸਗੋਂ ਇਹ ਗੋਦੀ ਮੀਡੀਆ ਦੀ ਗੁਲਾਮ ਮਾਨਸਿਕਤਾ ਅਤੇ ਸੱਤਾ ਦੇ ਹੰਕਾਰ ਲਈ ਇੱਕ ਬਹੁਤ ਵੱਡਾ ਇਤਿਹਾਸਕ ਸਬਕ ਹੈ। ਨੌਜਵਾਨਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਲੋਕਤੰਤਰ ਦਾ ਚੌਥਾ ਥੰਮ੍ਹ (ਮੀਡੀਆ) ਆਪਣਾ ਇਖ਼ਲਾਕ ਵੇਚ ਕੇ ਸੱਤਾ ਦਾ ਗੁਲਾਮ ਬਣ ਜਾਵੇ, ਤਾਂ ਦੇਸ਼ ਦਾ ਨੌਜਵਾਨ ਖ਼ੁਦ ਸੜਕਾਂ 'ਤੇ ਉੱਤਰ ਕੇ ਲੋਕਤੰਤਰ ਦੀ ਰਾਖੀ ਕਰਨ ਅਤੇ ਨਵੇਂ ਇਤਿਹਾਸ ਦੇ ਪੰਨੇ ਲਿਖਣ ਦੀ ਸਮਰੱਥਾ ਰੱਖਦਾ ਹੈ। ਗੋਦੀ ਮੀਡੀਆ ਦੀਆਂ ਸਮੁੱਚੀਆਂ ਚਾਲਾਂ ਨੂੰ ਮਾਤ ਦੇ ਕੇ ਇਨ੍ਹਾਂ 'ਕਾਕਰੋਚਾਂ' ਨੇ ਸ਼ਾਸਕਾਂ ਨੂੰ ਲਤਾੜ ਕੇ ਇੱਕ ਨਵੀਂ ਕ੍ਰਾਂਤੀ ਦਾ ਆਗਾਜ਼ ਕਰ ਦਿੱਤਾ ਹੈ।

***

## ਜੇਲ੍ਹਾਂ ਤੋਂ ਚੱਲਦੇ ਅੰਤਰਰਾਸ਼ਟਰੀ ਗੈਂਗ:

ਸਰਵੇ: ਜਦੋਂ ਅਮਰੀਕਾ ਆਪਣੀ 250 ਵੀ ਵਰ੍ਹੇਗੰਢ ਦੇ ਜਸ਼ਨ ਮਨਾ ਰਿਹਾ ਹੈ, ਇੱਕ ਪੋਸਟ ਮੀਡੀਆ-ਲੇਜਰ ਵੱਲੋਂ ਸਰਵੇ ਜਾਰੀ ਕੀਤਾ ਗਿਆ ਹੈ, ਜਿਸ ਅਨੁਸਾਰ 64 ਪ੍ਰਤੀਸ਼ਤ ਲੋਕ ਸਮਝਦੇ ਹਨ ਕਿ ਕੈਨੇਡੀਅਨ, ਅਮਰੀਕਨਾਂ ਨਾਲੋਂ ਕਿਤੇ ਵਧੀਆ ਲੋਕ ਹਨ। ਦੋ ਤਿਹਾਈ ਲੋਕਾਂ ਦਾ ਮੱਤ ਹੈ ਕਿ ਅਮਰੀਕੀ ਹੰਕਾਰੀ ਲੋਕ ਹਨ। 82 ਪ੍ਰਤੀਸ਼ਤ ਲੋਕਾਂ ਦਾ ਮੱਤ ਹੈ ਕਿ ਕੈਨੇਡੀਅਨ ਪੂਰੇ ਵਿਸ਼ਵ ਵਿੱਚ ਸਤਿਕਾਰੇ ਜਾਂਦੇ ਲੋਕ ਹਨ। ਕੈਨੇਡੀਅਨ ਕਈ ਖੇਤਰਾਂ ਵਿੱਚ ਅਮਰੀਕੀ ਲੋਕਾਂ ਨਾਲੋਂ ਸ੍ਰੇਸ਼ਟ, ਸਾਊ, ਭੱਦਰਪੁਰਸ਼, ਵਧੀਆ ਸੰਸਕ੍ਰਿਤੀ ਵਾਲੇ ਅਤੇ ਵਧੀਆ ਲੋਕ ਮੰਨੇ ਜਾਂਦੇ ਹਨ। ਲੱਖ ਟਕੇ ਦਾ ਸਵਾਲ ਇਹ ਹੈ ਕਿ ਭਾਰਤੀਆਂ ਬਾਰੇ ਲੋਕ ਅਜਿਹਾ ਕਦੋਂ ਸਮਝਣਗੇ?

ਵਧੀਆ, ਆਦਰਸ਼ਕ ਅਤੇ ਅਨੁਸ਼ਾਸਿਤ ਮਾਹੌਲ ਵਿੱਚ ਪ੍ਰਾਪਤ ਸਿੱਖਿਆ ਇੱਕ ਖ਼ੂਬਸੂਰਤ ਵਿਅਕਤੀ ਦਾ ਨਿਰਮਾਣ ਕਰਦੀ ਹੈ। 60ਵੇਂ ਦਹਾਕੇ ਵਿੱਚ ਮੈਂ ਗੁਰਦਾਸਪੁਰ ਖ਼ਾਲਸਾ ਹਾਈ ਸਕੂਲ ਤੋਂ ਮੈਟਰਿਕ ਕੀਤੀ। ਸਾਡੇ ਹੈਡਮਾਸਟਰ ਹਰਨਾਮ ਸਿੰਘ ਦਾ ਨਾਮ ਹੀ ਅਨੁਸ਼ਾਸਨ ਸੀ। ਅੱਠਵੀਂ ਤੱਕ ਇੱਕ ਪੀਰੀਅਡ ਧਾਰਮਿਕ ਸਿੱਖਿਆ ਦਾ ਹੁੰਦਾ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸਾਡੀ ਦਸਵੀਂ ਏ-ਕਲਾਸ ਦੇ 35-40 ਵਿਦਿਆਰਥੀਆਂ ਵਿੱਚੋਂ ਇੱਕ ਵੀ ਅਪਰਾਧੀ ਨਹੀਂ ਸੀ ਨਿਕਲਿਆ। ਕੁਝ ਤਾਂ ਵੱਡੇ ਵੱਡੇ ਸਰਕਾਰੀ ਸਿਵਲ ਅਤੇ ਫ਼ੌਜੀ ਅਫ਼ਸਰ ਬਣ ਗਏ ਸਨ।

ਪੰਜਾਬ ਸੰਤਾਪ ਵੇਲੇ ਸਿੱਖਿਆ ਦਾ ਢਾਂਚਾ ਅਜਿਹਾ ਬੁਰੀ ਤਰ੍ਹਾਂ ਤਹਿਸ ਨਹਿਸ ਹੋਇਆ ਕਿ ਫ਼ਿਰ ਕਦੇ ਪੈਰੀਂ ਨਾ ਆ ਸਕਿਆ। ਦਰਅਸਲ ਜਿਸ ਸੂਬੇ ਜਾ ਦੇਸ਼ ਦਾ ਸਿੱਖਿਆ ਸਿਸਟਮ ਨਕਾਰਾ ਹੋ ਜਾਵੇ ਉੱਥੇ ਵਧੀਆ ਨਾਗਰਿਕਾਂ ਦੀ ਥਾਂ ਬੇਰੁਜ਼ਗਾਰ ਅਪਰਾਧੀਆ ਦੀ ਫ਼ੌਜ ਤਿਆਰ ਹੋ ਜਾਂਦੀ ਹੈ। ਇਸੇ ਕਰਕੇ ਪੰਜਾਬ ਵਿੱਚ ਲਗਾਤਾਰ ਅਮਨ ਕਾਨੂੰਨ ਦੀ ਸਥਿਤੀ ਬੇਕਾਬੂ ਬਣੀ ਪਈ ਹੈ। ਵਿਧਾਨ ਸਭਾ ਚੋਣਾਂ ਸਿਰ 'ਤੇ ਹਨ। ਰਾਜ ਵਿੱਚ ਪੰਜਾਬ ਪੁਲਿਸ ਅਤੇ ਸਰਕਾਰ ਨੂੰ ਨਵੀਂ ਦੂਰ ਅੰਦੇਸ਼, ਸਮਰੱਥ, ਮਜਬੂਤ ਅਤੇ ਇੱਛਾ ਸ਼ਕਤੀ ਭਰਪੂਰ ਲੀਡਰਸ਼ਿੱਪ ਦੀ ਲੋੜ ਹੈ ਤਾਂ ਕਿ ਕੌਮਾਂਤਰੀ ਪੱਧਰ 'ਤੇ ਪੰਜਾਬ ਅਤੇ ਪੰਜਾਬੀਆਂ ਉੱਤੇ ਨਸ਼ੀਲੇ ਪਦਾਰਥਾਂ ਦੇ ਮਾਫ਼ੀਆ ਹੋਣ ਦਾ ਮੱਥੇ 'ਤੇ ਲੱਗਾ ਕਲੰਕ ਧੋਤਾ ਜਾ ਸਕੇ, ਜਿਸ ਕਰਕੇ ਭਾਰਤ ਦੇਸ਼ ਵੀ ਬਦਨਾਮ ਹੋ ਰਿਹਾ ਹੈ।

***

## ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਵਿੱਚ

ਨੌਜਵਾਨ ਪੀੜ੍ਹੀ ਦੇ ਹੀਰੋ ਜਾਂ ਨਾਇਕ, ਅਸ਼ਲੀਲ ਗਾਣੇ ਗਾਉਣ ਵਾਲੇ ਕਲਾਕਾਰ ਬਣ ਰਹੇ ਹਨ, ਜਿਨ੍ਹਾਂ ਵਿੱਚ ਇੱਕ ਵੀ ਗੁਰਮਤਿ ਦਿੱਖ ਵਾਲਾ ਨਹੀਂ ਹੈ।

ਭਾਰਤ-ਵਿਰੋਧੀ ਵਿਦੇਸ਼ੀ ਤਾਕਤਾਂ, ਜੋ ਸਿੱਖ ਕੌਮ ਦੇ ਮੁੱਢ-ਕਦੀਮ ਤੋਂ ਫ਼ਲਸਫ਼ੇ ਵਿਰੋਧੀ ਰਹੀਆਂ ਹਨ ਤੇ ਗੁਰੂ ਸਾਹਿਬਾਨ ਦੇ ਕਾਤਲਾਂ ਦੀਆਂ ਵਾਰਸ ਹਨ, ਦੇ ਹੱਥਾਂ ਵਿੱਚ ਖੇਡ ਕੇ ਕੁਝ ਲੋਕ ਸਿੱਖ ਨੌਜਵਾਨਾਂ ਨੂੰ ਕੁਰਾਹੇ ਪਾ ਰਹੇ ਹਨ ਅਤੇ ਸਿੱਖ ਕੌਮ ਦੀ ਆਜ਼ਾਦੀ ਦੇ ਨਾਇਕ ਬਣ ਕੇ ਕੌਮ ਤੇ ਨਵੀਂ ਪੀੜ੍ਹੀ ਦਾ ਨੁਕਸਾਨ ਕਰਵਾ ਰਹੇ ਹਨ।

ਵਿਚਾਰਨ ਦੀ ਲੋੜ ਹੈ ਕਿ ਆਜ਼ਾਦੀ ਤੋਂ ਪਹਿਲਾਂ ਕੀਤੇ ਵਾਅਦਿਆਂ ਤੋਂ ਮੁਕਰਨ ਵਾਲਿਆਂ, ਬਾਅਦ ਵਿੱਚ ਸਾਕਾ ਨੀਲਾ ਤਾਰਾ ਵਿੱਚ ਗੁਰੂ ਘਰਾਂ ਨੂੰ ਢਾਹ-ਢੇਰੀ ਕਰਨ ਤੇ ਨੌਜਵਾਨਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਭੁੱਲ ਕੇ, ਮਲ੍ਹਮ ਲਾਉਣ ਵਾਲਿਆਂ ਨਾਲ ਵੈਰ ਪਾਉਣਾ ਕਿੱਥੋਂ ਦੀ ਰਾਜਨੀਤੀ ਤੇ ਕੂਟਨੀਤੀ ਹੈ?

ਇਸ ਤਰ੍ਹਾਂ ਉਲਝੀ ਤਾਣੀ ਨੂੰ ਸੁਲਝਾਉਣ ਲਈ ਵਿਅਕਤੀ ਨਹੀਂ, ਮਜ਼ਬੂਤ ਸੰਸਥਾ ਦੀ ਲੋੜ ਹੈ।

ਇਹ ਸਾਰੀਆਂ ਸਮੱਸਿਆਵਾਂ ਵਿਚਾਰਨਯੋਗ ਜ਼ਰੂਰ ਹਨ, ਪਰ ਸਭ ਦਾ ਹੱਲ ਸੰਭਵ ਹੈ। ਗੱਲ ਕੇਵਲ ਗਿਆਨਵਾਨ, ਤਜਰਬੇਕਾਰ ਤੇ ਇਮਾਨਦਾਰ ਸਿੱਖਾਂ (ਜੋ ਵੱਡੀ ਗਿਣਤੀ ਵਿੱਚ ਹਨ) ਦੇ ਅੱਗੇ ਵਧਣ ਦੀ ਹੈ। 'ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ॥ ਸਿਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ॥' ਵਾਲੇ ਹਾਲਾਤ ਹਨ।

ਉਪਰੋਕਤ ਸਥਿਤੀ ਤੋਂ ਛੁਟਕਾਰਾ ਪਾਉਣ ਤੇ ਆਪਣੇ ਦੇਸ਼ ਵਿੱਚ ਹੀ ਮਜ਼ਬੂਤ ਹੋਣ ਲਈ ਵਿਚਾਰ ਕਰੀਏ। ਧਰਮ ਪ੍ਰਚਾਰ, ਭਾਵ ਕਰਮਕਾਂਡ-ਰਹਿਤ ਨਿਰਮਲ ਫ਼ਲਸਫ਼ੇ (ਜੋ ਮਨੁੱਖ ਨੂੰ ਦੇਵਤਾ ਬਣਨ ਲਈ ਪ੍ਰੇਰਿਤ ਕਰਦਾ ਹੈ) ਦੇ ਦੇਸ਼ ਭਰ ਵਿੱਚ ਪ੍ਰਚਾਰ ਲਈ ਨੀਤੀ ਬਣੇ। ਦੇਸ਼ ਵਿੱਚ ਕਿਉਂਕਿ ਸਿੱਖਾਂ ਨੂੰ ਇਕਸਾਰ ਤੇ ਇੱਕਜੁੱਟ ਕਰਨ ਵਾਲੇ 'ਆਲ ਇੰਡੀਆ ਗੁਰਦੁਆਰਾ ਐਕਟ' ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੱਛੇ ਹਟ ਗਈ ਹੈ।

ਅਗਲਾ ਉੱਦਮ ਵਿੱਦਿਆ ਦਾ ਚਾਨਣ ਬਿਖੇਰਨ ਦਾ ਹੈ, ਜਿਸ ਰਾਹੀਂ ਹੀ ਨੌਜਵਾਨਾਂ ਤੇ ਕੌਮ ਦੀ ਤਰੱਕੀ ਸੰਭਵ ਹੈ।

ਰਾਜਨੀਤੀ ਵੀ ਅਛੂਤ ਨਹੀਂ ਰਹਿਣੀ ਚਾਹੀਦੀ, ਜਿਸ ਲਈ ਗੱਲਬਾਤ ਦਾ ਰਾਹ ਅਪਨਾਉਣਾ ਜ਼ਰੂਰੀ ਹੈ। ਸਿੱਖ ਆਗੂ ਆਪਣੀ ਨੀਤੀ ਸਪੱਸ਼ਟ ਕਰਨ— ਜੇਕਰ ਰਾਜਨੀਤੀ ਕਰਨੀ ਹੈ ਤਾਂ ਗੁਰੂ-ਘਰ ਛੱਡ ਦਿਓ ਤੇ ਸਿੱਖ ਧਰਮ ਦਾ ਸੰਕਲਪ ਸਪੱਸ਼ਟ ਕਰੋ, ਨੌਜਵਾਨਾਂ ਨੂੰ ਗੁਮਰਾਹ ਨਾ ਕਰੋ। ਅਮਨ ਤੇ ਸ਼ਾਂਤੀ ਤੋਂ ਬਿਨਾਂ ਵਿਕਾਸ ਸੰਭਵ ਨਹੀਂ। ਜੇਕਰ ਧਰਮ ਦੀ ਗੱਲ ਕਰਨੀ ਹੈ ਤਾਂ ਰਾਜਨੀਤੀ ਤੋਂ ਦੂਰੀ ਬਣਾਉਣੀ ਪਵੇਗੀ।

ਹੋਰ ਦੇਰੀ ਘਾਤਕ ਹੋਵੇਗੀ, ਆਓ ਗੁਰੂ ਦੀ ਸੇਵਾ ਵਿੱਚ ਲੱਗੀਏ।

***

## ਵਿਰੋਧੀ ਧਿਰਾਂ ਲੋਕਤੰਤਰ ਦੀ ਮਜ਼ਬੂਤੀ

ਸਾਨੂੰ ਲੋਕਤੰਤਰ ਨੂੰ ਮੁੜ ਪ੍ਰਾਪਤ ਕਰਨ ਲਈ ਇਕ ਲੋਕਤੰਤਰੀ ਰਸਤਾ ਹੀ ਅਪਣਾਉਣਾ ਚਾਹੀਦਾ ਹੈ। ਇਹ ਇਤਿਹਾਸਕ ਜ਼ਿੰਮੇਵਾਰੀ ਸਿਰਫ਼ 'ਇੰਡੀਆ' ਬਲਾਕ ਜਾਂ ਰਾਜਨੀਤਿਕ ਪਾਰਟੀਆਂ 'ਤੇ ਨਹੀਂ ਹੈ। ਇਸ 'ਚ ਸਭ ਊਰਜਾਵਾਂ ਦਾ ਮੇਲ ਹੋਣਾ ਚਾਹੀਦਾ ਹੈ, ਜਿਸ 'ਚ ਇੰਡੀਆ ਗੱਠਜੋੜ ਦੇ ਅੰਦਰ ਤੇ ਬਾਹਰ ਦੀਆਂ ਵਿਰੋਧੀ ਪਾਰਟੀਆਂ, ਗ਼ੈਰ-ਪਾਰਟੀ, ਪਰ ਰਾਜਨੀਤਿਕ ਸੰਗਠਨ ਤੇ ਅੰਦੋਲਨ, ਮਜ਼ਦੂਰਾਂ ਤੇ ਕਿਸਾਨਾਂ ਦੇ ਸੰਗਠਨ, ਸਵੈ-ਇੱਛਤ ਤੇ ਅਸੰਗਠਿਤ ਵਿਰੋਧ ਪ੍ਰਦਰਸ਼ਨ ਦੇ ਨਾਲ-ਨਾਲ ਸਿਵਲ-ਸਮਾਜ ਸੰਗਠਨ ਤੇ ਨਾਗਰਿਕ ਸ਼ਾਮਿਲ ਹੋਣੇ ਚਾਹੀਦੇ ਹਨ। ਸਾਡਾ ਵਿਰੋਧ 'ਤੇ ਫੋਕਸ ਕਿਸੇ ਵੀ ਤਰ੍ਹਾਂ ਨਾਲ ਸੰਵਿਧਾਨਕ ਤੇ ਸੰਸਦੀ ਲੋਕਤੰਤਰ ਨੂੰ ਛੱਡਣ ਦਾ ਸੱਦਾ ਨਹੀਂ ਹੈ, ਸਗੋਂ ਰਾਜਨੀਤੀ ਨੂੰ ਲੋਕਾਂ ਨਾਲ ਦੁਬਾਰਾ ਜੋੜਨ ਦੀ ਅਪੀਲ ਹੈ। ਰਾਮ ਮਨੋਹਰ ਲੋਹੀਆ ਨੇ ਕਿਹਾ ਸੀ, 'ਜਬ ਸੜਕੇਂ ਸੂਨੀ ਹੋ ਜਾਤੀ ਹੈਂ ਤਬ ਸੰਸਦ ਆਵਾਰਾ ਹੋ ਜਾਤੀ ਹੈ।'

***

## ਪੰਜਾਬੀ ਫ਼ਿਲਮਾਂ 'ਚ ਸਰਗਰਮ

ਉਹ ਮੈਨੂੰ ਵੱਧ ਤੋਂ ਵੱਧ ਦੇਖਣਾ ਚਾਹੁੰਦੇ ਹਨ।' ਉਹ ਤਾਂ ਮੇਰੇ ਮੇਕਅੱਪ ਆਰਟਿਸਟ ਤੋਂ ਲੈ ਕੇ ਹੇਅਰ ਸਟਾਈਲਿਸਟ ਤੱਕ ਨੂੰ ਸੁਨੇਹੇ ਭੇਜਦੇ ਹਨ ਕਿ ਅੱਜ ਸ਼ਹਿਨਾਜ਼ ਦੇ ਵਾਲ ਜਾਂ ਮੇਕਅੱਪ ਅਜਿਹਾ ਕਿਉਂ ਬਣਾਇਆ ਹੈ? ਇਹ ਕਿਉਂ ਨਹੀਂ ਕੀਤਾ? ਉਹ ਵੀ ਵਿਚਾਰੇ ਸਾਰਾ ਦਿਨ ਲੋਕਾਂ ਦੇ ਸੁਨੇਹੇ ਪੜ੍ਹ-ਪੜ੍ਹ ਕੇ ਥੱਕ ਜਾਂਦੇ ਹਨ।'

ਸ਼ਹਿਨਾਜ਼ ਨੇ ਅੱਗੇ ਕਿਹਾ, 'ਮੈਨੂੰ ਇਸ ਇੰਡਸਟਰੀ ਵਿੱਚ ਕੰਮ ਕਰਦਿਆਂ ਕਾਫ਼ੀ ਸਮਾਂ ਹੋ ਗਿਆ ਹੈ, ਮੇਰੇ 'ਤੇ ਉੱਪਰਵਾਲੇ ਦਾ ਆਸ਼ੀਰਵਾਦ ਹੈ ਕਿ ਮੈਨੂੰ ਹੁਣ ਤੱਕ ਇੰਨਾ ਪਿਆਰ ਮਿਲ ਰਿਹਾ ਹੈ। ਬਿਗ ਬੌਸ ਦੀ ਦੇਣ ਹੈ ਕਿ ਮੈਂ ਇਸ ਇੰਡਸਟਰੀ ਵਿੱਚ ਇੰਨੇ ਲੰਬੇ ਸਮੇਂ ਤੱਕ ਟਿਕੀ ਰਹੀ ਹਾਂ। ਜਿਹੋ ਜਿਹਾ ਪਿਆਰ ਮੈਨੂੰ ਬਿਗ ਬੌਸ ਤੋਂ ਮਿਲਿਆ ਹੈ, ਮੈਂ ਉਮੀਦ ਕਰਦੀ ਹਾਂ ਕਿ ਮੈਨੂੰ ਸਿਨੇਮਾ ਤੋਂ ਵੀ ਉਹੀ ਪਿਆਰ ਮਿਲੇ। ਹੁਣ ਤੱਕ ਮੇਰੇ ਪ੍ਰਸ਼ੰਸਕ ਜੋ ਮੈਨੂੰ ਟੀ.ਵੀ. ਜਾਂ ਸੋਸ਼ਲ ਮੀਡੀਆ 'ਤੇ ਦੇਖਦੇ ਆਏ ਹਨ, ਮੈਂ ਕੋਸ਼ਿਸ਼ ਕਰ ਰਹੀ ਹਾਂ ਹੁਣ ਉਹ ਆਪਣੇ ਪੈਸੇ ਖ਼ਰਚ ਕਰਕੇ ਮੈਨੂੰ ਸਿਨੇਮਾਘਰਾਂ ਵਿੱਚ ਵੀ ਦੇਖਣ ਜਾਣ। ਜਿਹੜੇ ਪ੍ਰਸ਼ੰਸਕ ਮਹਿੰਗੇ-ਮਹਿੰਗੇ ਤੋਹਫ਼ੇ ਭੇਜਦੇ ਹਨ, ਉਸ ਦੀ ਜਗ੍ਹਾ ਉਹ ਉਨ੍ਹਾਂ ਹੀ ਪੈਸਿਆਂ ਨਾਲ ਮੇਰੀ ਫ਼ਿਲਮ ਦੀ ਟਿਕਟ ਖਰੀਦ ਲੈਣ। ਇਸ ਨਾਲ ਮੈਨੂੰ ਖ਼ੁਸ਼ੀ ਮਿਲੇਗੀ।

***

## ਵਰਲਡ ਵਾਰ-2 ਵਰਗੀ ਤਾਕਤ ਦੀ ਧਮਕੀ ਦੇ

ਇਸ ਪੂਰੇ ਵਿਵਾਦ ਦਾ ਸਭ ਤੋਂ ਸੰਵੇਦਨਸ਼ੀਲ ਅਤੇ ਆਰਥਿਕ ਕੇਂਦਰ 'ਹੋਰਮੁਜ਼ ਜਲਡਮਰੂ' ਹੈ, ਜਿੱਥੋਂ ਦੁਨੀਆ ਦੇ ਕੱਚੇ ਤੇਲ ਦੀ ਸਪਲਾਈ ਦਾ ਵੱਡਾ ਹਿੱਸਾ ਲੰਘਦਾ ਹੈ। ਟਰੰਪ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਪ੍ਰਸਤਾਵਿਤ ਸਮਝੌਤੇ ਦੀ ਸਭ ਤੋਂ ਪਹਿਲੀ ਸ਼ਰਤ ਸੀ ਕਿ ਹੋਰਮੁਜ਼ ਜਲਡਮਰੂ ਨੂੰ ਤੁਰੰਤ ਅਤੇ ਪੂਰੀ ਤਰ੍ਹਾਂ ਸਾਰੇ ਜਹਾਜ਼ਾਂ ਲਈ ਖੋਲ੍ਹਣਾ ਤੇ ਈਰਾਨ ਦੇ ਪ੍ਰਮਾਣੂ ਖਤਰੇ ਨੂੰ ਖ਼ਤਮ ਕਰਨਾ ਹੈ। ਪਰ ਇਸ ਦੇ ਉਲਟ, ਇਰਾਨੀ ਸੰਸਦ ਮੈਂਬਰਾਂ ਨੇ ਸਾਫ਼ ਕਰ ਦਿੱਤਾ ਹੈ ਕਿ ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਾਂ ਦੀ ਆਵਾਜਾਈ ਅਤੇ ਸੁਰੱਖਿਆ ਦਾ ਪੂਰਾ ਕੰਟਰੋਲ ਇਰਾਨ ਦੇ ਹੱਥਾਂ ਵਿੱਚ ਹੀ ਰਹੇਗਾ। ਇਰਾਨ ਦਾ ਮੰਨਣਾ ਹੈ ਕਿ ਇਹ ਸਮੁੰਦਰੀ ਰਸਤਾ ਉਸ ਦੀ ਭੂਗੋਲਿਕ ਸੁਰੱਖਿਆ ਨਾਲ ਜੁੜਿਆ ਹੋਇਆ ਹੈ ਅਤੇ ਅਮਰੀਕਾ ਇਸ ਦਾ ਕੰਟਰੋਲ ਉਸ ਤੋਂ ਨਹੀਂ ਖੋਹ ਸਕਦਾ। ਤੇਲ ਦੇ ਟੈਂਕਰਾਂ 'ਤੇ ਹੋ ਰਹੇ ਹਮਲਿਆਂ ਕਾਰਨ ਗਲੋਬਲ ਬਜ਼ਾਰ ਵਿੱਚ ਕੱਚੇ ਤੇਲ ਅਤੇ ਗੈਸ ਦੀਆਂ ਕੀਮਤਾਂ ਅਸਮਾਨੀਂ ਛੂਹ ਰਹੀਆਂ ਹਨ।

***

## 2029 ਦੀਆਂ ਚੋਣਾਂ ਵਿੱਚ ਮੋਦੀ ਸਰਕਾਰ

ਅਸਲ ਸੰਕਟ ਨੂੰ ਸਮਝਣ ਦੀ ਬਜਾਏ ਸਿਰਫ਼ 'ਨੈਰੇਟਿਵ ਕੰਟਰੋਲ' (ਬਿਰਤਾਂਤ ਨੂੰ ਆਪਣੇ ਪੱਖ ਵਿੱਚ ਕਰਨ) ਵਿੱਚ ਦਿਲਚਸਪੀ ਰੱਖਦੀ ਹੈ। ਜਦੋਂ ਮੌਜੂਦਾ ਮੁੱਦਿਆਂ ਦਾ ਹੱਲ ਕਰਨ ਦੀ ਬਜਾਏ ਪੁਰਾਣੇ ਇਤਿਹਾਸਿਕ ਬਹਾਨੇ ਬਣਾਏ ਜਾਂਦੇ ਹਨ, ਤਾਂ ਇਹ ਨਵੀਂ ਪੀੜ੍ਹੀ ਉਸ ਤੋਂ ਪੂਰੀ ਤਰ੍ਹਾਂ ਅੱਕ ਚੁੱਕੀ ਨਜ਼ਰ ਆਉਂਦੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਦੀ ਨਵੀਂ ਪੀੜ੍ਹੀ ਨੂੰ ਹੁਣ ਸਿਰਫ਼ ਭਾਵਨਾਤਮਕ ਮੁੱਦਿਆਂ, ਪੁਰਾਣੇ ਇਤਿਹਾਸਿਕ ਵਿਵਾਦਾਂ ਜਾਂ ਚੋਣਵੀਂ ਬਿਆਨਬਾਜ਼ੀ ਨਾਲ ਨਹੀਂ ਪ੍ਰਭਾਵਿਤ ਕੀਤਾ ਜਾ ਸਕਦਾ। 'ਜੈਨ ਜੀ' ਆਪਣੇ ਵਰਤਮਾਨ ਵਿੱਚ ਜਵਾਬਦੇਹੀ, ਸਿਸਟਮ ਵਿੱਚ ਪਾਰਦਰਸ਼ਤਾ ਅਤੇ ਸਨਮਾਨਜਨਕ ਰੁਜ਼ਗਾਰ ਦੀ ਮੰਗ ਕਰ ਰਹੀ ਹੈ। ਇਹ ਪੀੜ੍ਹੀ ਡਿਜੀਟਲ ਯੁੱਗ ਦੀ ਪੀੜ੍ਹੀ ਹੈ ਜੋ ਹਰ ਦਾਅਵੇ ਦਾ ਪ੍ਰੀਖਣ ਹਕੀਕਤ ਦੀ ਕਸੌਟੀ 'ਤੇ ਕਰਦੀ ਹੈ।

ਪ੍ਰਸਿੱਧ ਚਿੰਤਕ ਰਾਮ ਪੁਨਿਆਣੀ ਦਾ ਕਹਿਣਾ ਹੈ ਕਿ ਜੇਕਰ ਸ਼ਾਸਕ ਧਿਰ ਅਤੇ ਭਾਜਪਾ ਨੌਜਵਾਨਾਂ ਨਾਲ ਅਸਲ ਸੰਵਾਦ ਰਚਾਉਣ, ਉਨ੍ਹਾਂ ਦੀਆਂ ਤਕਲੀਫ਼ਾਂ ਨੂੰ ਗੰਭੀਰਤਾ ਨਾਲ ਸੁਣਨ ਅਤੇ ਸਿੱਖਿਆ-ਰੁਜ਼ਗਾਰ ਦੇ ਢਾਂਚੇ ਵਿੱਚ ਬੁਨਿਆਦੀ ਸੁਧਾਰ ਕਰਨ ਵਿੱਚ ਨਾਕਾਮ ਰਹਿੰਦੀ ਹੈ, ਤਾਂ ਆਉਣ ਵਾਲੀਆਂ ਚੋਣਾਂ ਵਿੱਚ ਇਸ ਪੀੜ੍ਹੀ ਦਾ ਗੁੱਸਾ, ਨਿਰਾਸ਼ਾ ਅਤੇ ਡਿਜੀਟਲ ਇੱਕਜੁੱਟਤਾ ਦੇਸ਼ ਦੇ ਸਿਆਸੀ ਨਕਸ਼ੇ ਨੂੰ ਬਦਲਣ ਅਤੇ ਸੱਤਾ ਦੀਆਂ ਬੁਨਿਆਦਾਂ ਨੂੰ ਹਿਲਾਉਣ ਦੀ ਪੂਰੀ ਸਮਰੱਥਾ ਰੱਖਦੀ ਹੈ। ਇਹ ਸੰਕਟ ਟਲਿਆ ਨਹੀਂ ਹੈ, ਸਗੋਂ ਸਰਕਾਰ ਲਈ ਇੱਕ ਵੱਡੀ ਚਿਤਾਵਨੀ ਬਣ ਕੇ ਉੱਭਰਿਆ ਹੈ।

****

## ਸ੍ਰੀ ਕਰਤਾਰਪੁਰ ਸਾਹਿਬ ਰਾਹਦਾਰੀ ਨੂੰ

ਉਨ੍ਹਾਂ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਜਿਸ ਤਰ੍ਹਾਂ ਪਾਕਿਸਤਾਨ ਤੋਂ ਸੰਗਤ ਭਾਰਤ ਦੇ ਅਜਮੇਰ ਸ਼ਰੀਫ਼, ਪਾਣੀਪਤ ਅਤੇ ਹੋਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨਾ ਚਾਹੁੰਦੀ ਹੈ, ਉਸੇ ਤਰ੍ਹਾਂ ਭਾਰਤ ਦੀ ਸੰਗਤ ਨੂੰ ਵੀ ਪਾਕਿਸਤਾਨ ਸਥਿਤ ਆਪਣੇ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਅੰਤ ਵਿੱਚ ਸਾਈਂ ਸਈਅਦ ਅਲੀ ਰਜ਼ਾ ਕਾਦਰੀ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਕਰਤਾਰਪੁਰ ਰਾਹਦਾਰੀ ਨੂੰ ਜਲਦ ਖੋਲ੍ਹਣ ਦੇ ਨਾਲ-ਨਾਲ ਵੀਜ਼ਾ ਨੀਤੀ ਨੂੰ ਹੋਰ ਸਰਲ ਅਤੇ ਸੁਗਮ ਬਣਾਇਆ ਜਾਵੇ, ਤਾਂ ਜੋ ਦੋਵੇਂ ਦੇਸ਼ਾਂ ਦੇ ਸ਼ਰਧਾਲੂ ਆਪਣੇ ਧਾਰਮਿਕ ਅਸਥਾਨਾਂ 'ਤੇ ਅਸਾਨੀ ਨਾਲ ਜਾ ਸਕਣ ਅਤੇ ਅਮਨ, ਪਿਆਰ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਹੋਰ ਮਜ਼ਬੂਤ ਹੋ ਸਕੇ।

## ਆਪਸੀ ਪੰਥਕ ਏਕਤਾ ਕਰਨਾ ਤਾਂ ਕੌਮ ਦੇ ਆਪਣੇ

ਭਾਈ ਜਗਤਾਰ ਸਿੰਘ ਹਵਾਰਾ ਨੇ ਆਪਣੇ ਪੱਤਰ ਵਿੱਚ ਬਹੁਤ ਹੀ ਸਪੱਸ਼ਟ ਸ਼ਬਦਾਂ ਵਿੱਚ ਲਿਖਿਆ ਸੀ ਕਿ ਕਿਸੇ ਵੀ ਸਾਂਝੇ ਮਕਸਦ ਦੀ ਪੂਰਤੀ ਲਈ ਹਉਮੈ ਛੱਡ ਕੇ ਤਿਆਗ ਦਿਖਾਇਆ ਜਾਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸਮੁੱਚੀਆਂ ਪੰਥਕ ਜਥੇਬੰਦੀਆਂ, ਧਾਰਮਿਕ ਆਗੂਆਂ ਅਤੇ ਧਿਰਾਂ ਨੂੰ ਅਪੀਲ ਕੀਤੀ ਕਿ ਭਾਈ ਹਵਾਰਾ ਦੀਆਂ ਇਹ ਭਾਵਨਾਵਾਂ ਮਹਿਜ਼ ਇੱਕ ਚਿੱਠੀ ਨਹੀਂ, ਸਗੋਂ ਕਾਲ-ਕੋਠੜੀ 'ਚੋਂ ਆਈ ਕੌਮ ਦੇ ਨਾਂਅ ਇੱਕ ਦਰਦਮੰਦ ਆਵਾਜ਼ ਹਨ।

ਉਨ੍ਹਾਂ ਕਿਹਾ ਕਿ ਸਮੁੱਚੀਆਂ ਧਿਰਾਂ ਆਪਣੇ ਨਿੱਜੀ ਵਜੂਦ ਅਤੇ ਅਹੁਦੇਦਾਰੀਆਂ ਦੇ ਮੋਹ ਤੋਂ ਉੱਪਰ ਉੱਠ ਕੇ ਇੱਕ ਨਿਸ਼ਾਨ ਹੇਠ ਇਕੱਠੀਆਂ ਹੋਣ। ਉਨ੍ਹਾਂ ਦੱਸਿਆ ਕਿ ਇਹ ਪੱਤਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਉਨ੍ਹਾਂ ਦੇ ਅਸਤੀਫ਼ੇ ਤੋਂ ਬਾਅਦ ਪੰਥਕ ਲੇਖਕ ਭਾਈ ਬਲਜੀਤ ਸਿੰਘ ਖ਼ਾਲਸਾ ਅਤੇ ਬੀਬੀ ਸੰਦੀਪ ਕੌਰ ਕਾਸਤੀਵਾਲ (ਸੰਚਾਲਕ ਸ਼ਹੀਦ ਭਾਈ ਧਰਮ ਸਿੰਘ ਖ਼ਾਲਸਾ ਟਰੱਸਟ) ਨੂੰ ਮੁਲਾਕਾਤ ਸਮੇਂ ਸੌਂਪਿਆ ਗਿਆ ਸੀ।

***

## ਕੀ ਨਵੇਂ 'ਜਲ੍ਹਿਆਂ ਵਾਲੇ ਬਾ.ਗ'

ਸਾਬਕਾ ਸੀ.ਆਈ.ਸੀ. ਯਸ਼ੋਵਰਧਨ ਆਜ਼ਾਦ ਅਤੇ ਪੀੜਤਾਂ ਵੱਲੋਂ ਦਾਇਰ ਜਨਹਿਤ ਜਾਚਿਕਾ 'ਤੇ ਸੁਣਵਾਈ ਕਰਦਿਆਂ ਚੀਫ਼ ਜਸਟਿਸ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਪੈਲੇਟ ਗੰਨ 'ਤੇ ਮੁਕੰਮਲ ਪਾਬੰਦੀ ਲਗਾਉਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਪੁਲਿਸ ਨੇਮਾਵਲੀ ਅਨੁਸਾਰ ਅਸਧਾਰਨ ਸਥਿਤੀਆਂ ਵਿੱਚ ਇਹ ਪੜਾਅਵਾਰ ਪ੍ਰਕਿਰਿਆ ਦਾ ਹਿੱਸਾ ਹੈ। ਹਾਲਾਂਕਿ, ਅਦਾਲਤ ਨੇ ਕੇਂਦਰ ਸਰਕਾਰ ਨੂੰ ਪਿਛਲੇ ਦਿਨੀਂ ਜੰਤਰ-ਮੰਤਰ 'ਤੇ ਤਾਇਨਾਤ ਆਰ.ਏ.ਐਫ. ਦੇ ਅਸਲੇ ਅਤੇ ਲੌਗ-ਬੁੱਕ ਦਾ ਰਿਕਾਰਡ ਸੁਰੱਖਿਅਤ ਰੱਖਣ ਦੇ ਹੁਕਮ ਦਿੱਤੇ ਹਨ ਅਤੇ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਦਾ ਨਿਰਦੇਸ਼ ਦਿੱਤਾ ਹੈ।

ਸੁਪਰੀਮ ਕੋਰਟ ਦੇ ਇਸ ਰੁਖ਼ ਨੂੰ ਜਮਹੂਰੀਅਤ ਅਤੇ ਨਾਗਰਿਕ ਅਧਿਕਾਰਾਂ ਦੇ ਨਜ਼ਰੀਏ ਤੋਂ ਇੱਕ ਬਹੁਤ ਹੀ ਵਿਵਾਦਪੂਰਨ ਅਤੇ ਚਿੰਤਾਜਨਕ ਫ਼ੈਸਲਾ ਮੰਨਿਆ ਜਾ ਰਿਹਾ ਹੈ। ਅਦਾਲਤ ਵੱਲੋਂ ਪੈਲੇਟ ਗੰਨ 'ਤੇ ਪੂਰਨ ਪਾਬੰਦੀ ਲਗਾਉਣ ਤੋਂ ਇਨਕਾਰ ਕਰਨ ਕਾਰਨ ਕਾਨੂੰਨੀ ਅਤੇ ਰਾਜਨੀਤਿਕ ਹਲਕਿਆਂ ਵਿੱਚ ਇਹ ਸਵਾਲ ਉੱਠ ਰਹੇ ਹਨ ਕਿ ਕੀ ਇਹ ਫ਼ੈਸਲਾ ਲੋਕਤੰਤਰ ਦੇ ਖ਼ਿਲਾਫ਼ ਜਾਂ ਸਰਕਾਰੀ ਤਾਕਤ ਨੂੰ ਹੋਰ ਵਾਧਾ ਦੇਣ ਵਾਲਾ ਹੈ।

ਸੰਵਿਧਾਨ ਦੀ ਧਾਰਾ 21 ਹਰੇਕ ਨਾਗਰਿਕ ਨੂੰ ਜੀਵਨ ਅਤੇ ਸਰੀਰਕ ਸੁਰੱਖਿਆ ਦਾ ਅਧਿਕਾਰ ਦਿੰਦੀ ਹੈ। ਸੁਪਰੀਮ ਕੋਰਟ ਨੇ ਇਹ ਕਹਿ ਕੇ ਪਾਬੰਦੀ ਤੋਂ ਇਨਕਾਰ ਕਰ ਦਿੱਤਾ ਕਿ ਪਟੀਸ਼ਨਰਾਂ ਨੂੰ ਪੁਲਿਸ ਨਿਯਮਾਂ ਨੂੰ ਚੁਣੌਤੀ ਦੇਣੀ ਪਵੇਗੀ। ਆਲੋਚਕਾਂ ਦਾ ਮੰਨਣਾ ਹੈ ਕਿ ਜਦੋਂ ਨਿਹੱਥੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਰੌਸ਼ਨੀ ਜਾ ਰਹੀ ਹੋਵੇ, ਤਾਂ ਅਦਾਲਤ ਨੂੰ ਤਕਨੀਕੀ ਨਿਯਮਾਂ ਵਿੱਚ ਉਲਝਣ ਦੀ ਬਜਾਏ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ ਲਈ ਤੁਰੰਤ ਸਖ਼ਤ ਕਦਮ ਚੁੱਕਣਾ ਚਾਹੀਦਾ ਸੀ।

ਅਦਾਲਤ ਨੇ ਕਿਹਾ ਕਿ ਪੈਲੇਟ ਗੰਨ ਦੀ ਵਰਤੋਂ 'ਅਸਧਾਰਨ ਹਾਲਾਤ' ਵਿੱਚ ਪੜਾਅਵਾਰ ਪ੍ਰਕਿਰਿਆ ਦਾ ਹਿੱਸਾ ਹੈ। ਪਰ ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ 'ਅਸਧਾਰਨ ਹਾਲਾਤ' ਦੀ ਕੋਈ ਸਪੱਸ਼ਟ ਪਰਿਭਾਸ਼ਾ ਤੈਅ ਨਹੀਂ ਕੀਤੀ ਗਈ। ਇਸ ਨਾਲ ਸੁਰੱਖਿਆ ਬਲਾਂ ਨੂੰ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ 'ਤੇ ਵੀ ਅੰਧਾਧੁੰਦ ਬਲ ਪ੍ਰਯੋਗ ਕਰਨ ਅਤੇ ਇਸ ਨੂੰ 'ਅਸਧਾਰਨ ਸਥਿਤੀ' ਕਰਾਰ ਦੇ ਕੇ ਬਚਣ ਦਾ ਬਹਾਨਾ ਮਿਲ ਜਾਂਦਾ ਹੈ। ਜਦੋਂ ਅਦਾਲਤਾਂ ਅਜਿਹੇ ਘਾਤਕ ਹਥਿਆਰਾਂ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਖ਼ਾਰਜ ਨਹੀਂ ਕਰਦੀਆਂ, ਤਾਂ ਇਸ ਨਾਲ ਆਮ ਨਾਗਰਿਕਾਂ ਅਤੇ ਵਿਦਿਆਰਥੀਆਂ ਵਿੱਚ ਡਰ ਦਾ ਮਾਹੌਲ ਬਣਦਾ ਹੈ, ਜੋ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਸੜਕਾਂ 'ਤੇ ਆਉਣ ਤੋਂ ਰੋਕਦਾ ਹੈ।

ਆਲੋਚਕਾਂ ਅਤੇ ਮਾਨਵ-ਅਧਿਕਾਰ ਮਾਹਿਰਾਂ ਦਾ ਦਾਅਵਾ ਹੈ ਕਿ ਪੈਲੇਟ ਗੰਨ ਨੂੰ ਬੈਨ ਨਾ ਕਰਕੇ ਅਦਾਲਤ ਨੇ ਇੱਕ ਤਰ੍ਹਾਂ ਨਾਲ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੇ ਹਿੰਸਕ ਰੁਖ਼ ਨੂੰ ਹਰੀ ਝੰਡੀ ਦੇ ਦਿੱਤੀ ਹੈ। ਬੈਲਿਸਟਿਕ ਮਾਹਰਾਂ ਅਨੁਸਾਰ 'ਬਰਡਸ਼ਾਟ' ਛਰ੍ਹੇ ਬੇਤਰਤੀਬੇ ਫ਼ੈਲਦੇ ਹਨ, ਇਸ ਲਈ ਇਨ੍ਹਾਂ ਦੀ ਵਰਤੋਂ ਨੂੰ ਜਾਇਜ਼ ਠਹਿਰਾਉਣਾ ਨਾਗਰਿਕ ਸੁਰੱਖਿਆ ਦੇ ਖ਼ਿਲਾਫ਼ ਹੈ।

ਨਾਗਰਿਕ ਅਧਿਕਾਰਾਂ ਦੀ ਬਲੀ 'ਤੇ ਕਾਨੂੰਨ-ਵਿਵਸਥਾ?

ਕਸ਼ਮੀਰ ਤੋਂ ਸ਼ੁਰੂ ਹੋਇਆ ਪੈਲੇਟ ਗੰਨਾਂ ਦਾ ਖ਼ੌਫ਼ ਹੁਣ ਦੇਸ਼ ਦੇ ਆਮ ਨਾਗਰਿਕਾਂ ਅਤੇ ਵਿਦਿਆਰਥੀਆਂ ਤੱਕ ਪਹੁੰਚਣਾ ਲੋਕਤੰਤਰ ਲਈ ਇੱਕ ਗੰਭੀਰ ਚਿਤਾਵਨੀ ਹੈ। ਸੁਰੱਖਿਆ ਬਲਾਂ ਦਾ ਮੂਲ ਮੰਤਰ 'ਸੰਵੇਦਨਸ਼ੀਲ ਪੁਲਿਸਿੰਗ' ਹੈ, ਪਰ ਨਿਹੱਥੇ ਨੌਜਵਾਨਾਂ 'ਤੇ ਅਜਿਹੇ ਘਾਤਕ ਹਥਿਆਰਾਂ ਦੀ ਵਰਤੋਂ ਜਮਹੂਰੀਅਤ ਦੀ ਆਤਮਾ ਨੂੰ ਛੇਲਣ ਕਰਦੀ ਹੈ। ਜੇਕਰ ਅੰਦੋਲਨਾਂ ਨੂੰ ਕੁਚਲਣ ਲਈ ਰਾਜ ਵੱਲੋਂ ਬੇਲਗਾਮ ਤਾਕਤ ਦਾ ਇਸਤੇਮਾਲ ਇਸੇ ਤਰ੍ਹਾਂ ਹੁੰਦਾ ਰਿਹਾ, ਤਾਂ ਨਾਗਰਿਕਾਂ ਦਾ ਅਦਾਲਤਾਂ ਅਤੇ ਸੰਵਿਧਾਨਕ ਵਿਵਸਥਾ ਤੋਂ ਭਰੋਸਾ ਉੱਠ ਜਾਵੇਗਾ। ਅਜਿਹੇ ਹਥਿਆਰਾਂ ਦੀ ਵਰਤੋਂ 'ਤੇ ਤੁਰੰਤ ਸਖ਼ਤ ਅਤੇ ਪਾਰਦਰਸ਼ੀ ਦਿਸ਼ਾ-ਨਿਰਦੇਸ਼ ਤੈਅ ਹੋਣੇ ਸਮੇਂ ਦੀ ਮੁੱਖ ਲੋੜ ਹੈ।

***

## ਕੈਨੇਡਾ 'ਚ 3.8 ਫ਼ੀਸਦੀ ਡਿੱਗੀਆਂ ਘਰਾਂ ਦੀਆਂ ਕੀਮਤਾਂ

ਖ਼ਤਰਨਾਕ ਸਮੁੰਦਰੀ ਤੂਫ਼ਾਨ ਜਾਂ ਵਾਵਰੋਲੇ ਵੀ ਐਨਾ ਨੁਕਸਾਨ ਨਹੀਂ ਕਰਦੇ ਜਿੰਨਾ ਪਿਛਲੇ ਸਮੇਂ ਦੌਰਾਨ ਰੀਅਲ ਅਸਟੇਟ ਬਾਜ਼ਾਰ ਨੂੰ ਬਰਦਾਸ਼ਤ ਕਰਨਾ ਪਿਆ ਹੈ ਪਰ ਪਿਛਲੇ ਸਾਲ ਦੇ ਮੁਕਾਬਲੇ ਕਰਜ਼ੇ ਦੀਆਂ ਕਿਸ਼ਤਾਂ ਦਾ ਬੋਝ ਘਟਿਆ ਹੈ ਜਿਸ ਦੇ ਮੱਦੇਨਜ਼ਰ ਮੌਜੂਦਾ ਵਰ੍ਹੇ ਦੇ ਬਾਕੀ ਪੰਜ ਮਹੀਨੇ ਹਾਂਪੱਖੀ ਸਾਬਤ ਹੋ ਸਕਦੇ ਹਨ। ਹਿਊਜ਼ ਨੇ ਮੰਨਿਆ ਕਿ ਕੰਸਟ੍ਰਕਸ਼ਨ ਦਾ ਖ਼ਰਚਾ ਲਗਾਤਾਰ ਵਧ ਰਿਹਾ ਹੈ ਅਤੇ ਕੀਮਤਾਂ ਵਿੱਚ ਆਈ ਗਿਰਾਵਟ ਇਸ ਨਾਲ ਮੇਲ ਨਹੀਂ ਖਾਂਦੀ।

ਕੈਨੇਡਾ ਵਿੱਚ ਇੱਕ ਆਮ ਘਰ ਦੀ ਕੀਮਤ ਜੂਨ 'ਚ 665,600 ਡਾਲਰ ਰਹੀ, ਜੋ ਕਿ ਪਿਛਲੇ ਮਹੀਨੇ ਦੇ ਮੁਕਾਬਲੇ 0.3% ਘੱਟ ਹੈ। ਹਾਲਾਂਕਿ ਇਹ ਮੰਦੀ ਪੂਰੇ ਦੇਸ਼ ਵਿੱਚ ਇੱਕਸਾਰ ਨਹੀਂ ਹੈ। ਨਿਊਫਾਊਂਡਲੈਂਡ, ਨੋਵਾ ਸਕੋਸ਼ੀਆ, ਕਿਊਬੈਕ ਅਤੇ ਸਸਕੈਚਵਨ ਵਰਗੇ ਸੂਬੇ ਅਜੇ ਵੀ ਆਪਣੇ ਰਿਕਾਰਡ ਉੱਚ ਪੱਧਰ 'ਤੇ ਹਨ, ਜਦੋਂ ਕਿ ਸਿਰਫ ਦੋ ਸੂਬੇ (ਓਨਟਾਰੀਓ ਅਤੇ ਬੀ.ਸੀ.) ਹੀ ਰਾਸ਼ਟਰੀ ਗਿਰਾਵਟ ਵਿੱਚ ਸਭ ਤੋਂ ਵੱਡਾ ਯੋਗਦਾਨ ਪਾ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਅਟਲਾਂਟਿਕ ਖੇਤਰ ਵਿੱਚ ਨਿਊ ਬਰੰਜ਼ਵਿਕ ਇਕਲੌਤਾ ਅਜਿਹਾ ਸੂਬਾ ਹੈ ਜਿੱਥੇ ਜੂਨ ਵਿੱਚ ਕੀਮਤਾਂ 1.8% (-6,230 ਡਾਲਰ) ਘਟੀਆਂ ਹਨ। ਮਾਹਿਰ ਇਸ ਨੂੰ ਉਸ ਖੇਤਰ ਵਿੱਚ ਮਾਰਕੀਟ ਦੇ ਠੰਡੇ ਹੋਣ ਦਾ ਪਹਿਲਾ ਸੰਕੇਤ ਮੰਨ ਰਹੇ ਹਨ।

***

## ਬ੍ਰੈਂਪਟਨ ਵਿਖੇ ਪਹਿਲੀਆਂ 'ਓਨਟਾਰੀਓ ਸਿੱਖ ਗੇਮਜ਼'

ਲਈ ਖੁੱਲ੍ਹੀਆਂ ਸਨ ਅਤੇ ਦਰਸ਼ਕਾਂ ਲਈ ਦਾਖਲਾ ਬਿਲਕੁਲ ਮੁਫ਼ਤ ਰੱਖਿਆ ਗਿਆ ਸੀ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਅਤੇ ਹੋਰ ਸਥਾਨਕ ਰਾਜਨੇਤਾਵਾਂ ਨੇ ਖੇਡਾਂ ਵਿੱਚ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਦਾ ਹੌਸਲਾ ਵਧਾਇਆ।

'ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ, ਇਸ ਨਾਲ ਉਹ ਟੀਮ ਵਰਕ ਅਤੇ ਅਗਵਾਈ (ਲੀਡਰਸ਼ਿਪ) ਵਰਗੇ ਮਹੱਤਵਪੂਰਨ ਗੁਣ ਸਿੱਖਦੇ ਹਨ ਜੋ ਜ਼ਿੰਦਗੀ ਭਰ ਕੰਮ ਆਉਂਦੇ ਹਨ।'

— ਡੱਗ ਫੋਰਡ, ਪ੍ਰੀਮੀਅਰ (ਓਨਟਾਰੀਓ)

ਉਹਨਾਂ ਨੇ ਇਸ ਸਫ਼ਲ ਆਯੋਜਨ ਲਈ 'ਓਨਟਾਰੀਓ ਗੁਰਦੁਆਰਾਜ਼ ਕਮੇਟੀ' ਦਾ ਵਿਸ਼ੇਸ਼ ਧੰਨਵਾਦ ਕੀਤਾ।

ਭਾਈਚਾਰਕ ਸਾਂਝ ਦਾ ਸੁਨੇਹਾ

ਓਨਟਾਰੀਓ ਗੁਰਦੁਆਰਾਜ਼ ਕਮੇਟੀ, ਜੋ ਕਿ ਓਨਟਾਰੀਓ ਅਤੇ ਕਿਊਬੈਕ ਦੇ 20 ਤੋਂ ਵੱਧ ਗੁਰਦੁਆਰਾ ਸਾਹਿਬਾਨ ਦੀ ਨੁਮਾਇੰਦਗੀ ਕਰਦੀ ਹੈ, ਵੱਲੋਂ ਨਗਰ ਕੀਰਤਨਾਂ ਤੋਂ ਬਾਅਦ ਹੁਣ ਖੇਡਾਂ ਦੇ ਖੇਤਰ ਵਿੱਚ ਇਹ ਨਵੀਂ ਪਹਿਲਕਦਮੀ ਕੀਤੀ ਗਈ ਹੈ। ਆਯੋਜਕਾਂ ਅਨੁਸਾਰ, ਇਹ ਖੇਡਾਂ ਸਿਰਫ਼ ਜਿੱਤ-ਹਾਰ ਤੱਕ ਸੀਮਤ ਨਹੀਂ ਸਨ, ਬਲਕਿ ਪਰਿਵਾਰਾਂ ਨੂੰ ਇੱਕਜੁੱਟ ਕਰਨ, ਆਪਣੀ ਹੋਣਹਾਰ ਜਵਾਨੀ ਨੂੰ ਮੰਚ ਦੇਣ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਦਾ ਇੱਕ ਵੱਡਾ ਜ਼ਰੀਆ ਬਣੀਆਂ ਹਨ।

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**